ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 42 | 23 October 2019 to 29 October 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





# 157 ਸੀਟਾਂ ਜਿੱਤ ਕੇ ਟਰੂਡੋ ਮੁੜ ਬਣੇ ਕੈਨੇਡਾ ਦੇ ਪ੍ਰਧਾਨ ਮੰਤਰੀ

• 18 ਪੰਜਾਬੀਆਂ ਨੇ ਵੱਖੋ ਵੱਖ ਪਾਰਟੀਆਂ ਵਿਚ ਜਿੱਤ ਹਾਸਲ ਕੀਤੀ • ਜਗਮੀਤ ਸਿੰਘ ਦੀ ਜਿੱਤ ਤੋਂ ਵਿਸ਼ਵ ਭਰ 'ਚ ਸਿੱਖ ਜਗਤ ਝੂਮ ਉਠਿਆ

- ਜਸਟਿਨ ਟਰੂਡੋ ਦਾ 2015 ਦੀਆਂ ਚੋਣਾਂ ਵਾਲਾ ਜਾਦੂ ਨਹੀਂ ਚੱਲ ਸਕਿਆ
- ਜਗਮੀਤ ਸਿੰਘ ਦੀ ਐਨਡੀਪੀ 24 ਸੀਟਾਂ ਜਿੱਤ ਕੇ ਚੌਥੇ ਸਥਾਨ 'ਤੇ ਰਹੀ

**ਬਲਵਿੰਦਰਪਾਲ ਸਿੰਘ**
(ਫੋਨ 9815700916)



ਕੈਨੇਡਾ ਨੇ ਇੱਕ ਵਾਰ ਫਿਰ ਲਿਬਰਲ ਪਾਰਟੀ ਦੇ ਹੱਥ ਦੇਸ਼ ਦੀ ਕਮਾਨ ਸੌਂਪ ਦਿੱਤੀ ਹੈ। ਜਸਟਿਨ ਟਰੂਡੋ 157 ਸੀਟਾਂ ਜਿੱਤ ਕੇ ਕੈਨੇਡਾ ਦੇ ਕਿੰਗ ਬਣ ਗਏ ਨੇ। ਹਾਲਾਂਕਿ ਟਰੂਡੋ ਦਾ 2015 ਦੀਆਂ ਚੋਣਾਂ ਵਾਲਾ ਜਾਦੂ ਨਹੀਂ ਚੱਲ ਸਕਿਆ ਤੇ ਲਿਬਰਲ ਪਾਰਟੀ ਪੂਰਨ ਬਹੁਮਤ ਹਾਸਲ ਨਹੀਂ ਕਰ ਸਕੀ। ਸਰਕਾਰ ਬਣਾਉਣ ਲਈ 338 ਵਿਚੋਂ 170 ਸੀਟਾਂ ਜਿੱਤਣ ਦੀ ਜ਼ਰੂਰਤ ਸੀ, ਲਿਬਰਲ ਪਾਰਟੀ 157 ਸੀਟਾਂ ਹੀ ਜਿੱਤ ਸਕੀ, ਮੁੱਖ ਵਿਰੋਧੀ ਪਾਰਟੀ ਕੰਜ਼ਰਵੇਟਿਵ ਦੇ ਐਂਡਰਿਊ ਸ਼ਿਅਰ 121 ਸੀਟਾਂ ਨਾਲ ਦੂਜੇ ਨੰਬਰ 'ਤੇ ਰਹੇ। ਬਲੌਕ ਕਿਊਬੀਕੌਂਸ 32 ਸੀਟਾਂ ਜਿੱਤ ਕੇ ਤੀਜੇ ਅਤੇ ਐਨਡੀਪੀ ਦੇ ਜਗਮੀਤ ਸਿੰਘ 24 ਸੀਟਾਂ ਜਿੱਤ ਕੇ ਚੌਥੇ ਸਥਾਨ 'ਤੇ ਰਹੇ। ਇਸ ਤੋਂ ਇਲਾਵਾ ਗਰੀਨ ਪਾਰਟੀ ਸਿਰਫ਼ 3 ਸੀਟਾਂ ਹੀ ਹਾਸਲ ਕਰ ਸਕੀ।

### ਮੋਦੀ ਵੱਲੋਂ ਟਰੂਡੋ ਨੂੰ ਵਧਾਈ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਆਮ ਚੋਣਾਂ ਵਿੱਚ ਦੂਜੀ ਵਾਰ ਜਿੱਤਣ ਉੱਤੇ ਵਧਾਈ ਦਿੱਤੀ ਹੈ। ਪ੍ਰਧਾਨ ਮੰਤਰੀ ਨੇ ਟਰੂਡੋ ਨੂੰ ਟਵਿੱਟਰ ਉੱਤੇ ਵਧਾਈ ਭੇਜਦਿਆਂ ਕਿਹਾ ਹੈ ਦੋਵੇਂ ਹੀ ਜਮਹੂਰੀ ਦੇਸ਼ ਹਨ ਅਤੇ ਦੋਵਾਂ ਵਿੱਚ ਕਈ ਤਰ੍ਹਾਂ ਦੀਆਂ ਸਮਾਨਤਾਵਾਂ ਹਨ। ਉਨ੍ਹਾਂ ਕਿਹਾ ਕਿ ਭਾਰਤ ਦੋਵੇਂ ਦੇਸ਼ਾਂ ਵਿੱਚ ਦੁਵੱਲੇ ਸਬੰਧ ਹੋਰ ਅੱਗੇ ਵਧਾਉਣ ਲਈ ਵਚਨਬੱਧ ਹੈ।

ਟਰੂਡੋ ਦੀ ਪਾਰਟੀ ਨੂੰ ਸਰਕਾਰ ਬਣਾਉਣ ਲਈ 170 ਸੀਟਾਂ ਦੀ ਲੋੜ ਹੈ ਅਤੇ 157 ਸੀਟਾਂ ਹੁਣ ਤੱਕ ਉਹ ਜਿੱਤ ਚੁੱਕੀ ਹੈ ਦੂਜੇ ਪਾਸੇ ਐੱਨਡੀਪੀ ਦੇ ਜਗਮੀਤ ਸਿੰਘ ਪਹਿਲਾਂ ਤੋਂ ਹੀ ਟਰੂਡੋ ਨੂੰ ਸਹਿਯੋਗ ਦੇਣ ਦੀ ਗੱਲ ਕਹਿ ਚੁੱਕੇ ਹਨ। ਇਸ ਦਾ ਮਤਲਬ ਇਹ ਹੈ ਕਿ ਜਗਮੀਤ ਸਿੰਘ ਕਿੰਗਮੇਕਰ ਦੀ ਭੂਮਿਕਾ ਵਿੱਚ ਆ ਸਕਦੇ ਹਨ। ਇਸ ਤਰ੍ਹਾਂ ਇੱਕ ਇਤਿਹਾਸ ਰਚਦਿਆਂ ਪਹਿਲੀ ਵਾਰ ਲਿਬਰਲ ਪਾਰਟੀ ਦੂਜੀ ਪਾਰੀ ਜਿੱਤ ਕੇ ਸੱਤਾ ਵਿੱਚ ਆਏਗੀ।
ਵਾਅਦਿਆਂ ਦੇ ਪੱਖ ਤੋਂ ਟਰੂਡੋ ਦਾ ਕਾਰਜਕਾਲ ਮਿਲਿਆ-ਜੁਲਿਆ ਰਿਹਾ ਹੈ। ਉਨ੍ਹਾਂ ਨੇ ਭੰਗ ਨੂੰ ਕਾਨੂੰਨੀ ਮਾਨਤਾ ਦਿਵਾਈ ਅਤੇ ਬੱਚਿਆਂ ਦੀ ਭਲਾਈ ਲਈ ਪ੍ਰੋਗਰਾਮ ਸ਼ੁਰੂ ਕੀਤੇ। ਜਦਕਿ ਉਨ੍ਹਾਂ ਨੂੰ ਦੇਸ਼ ਦੀ ਚੋਣ ਪ੍ਰਣਾਲੀ ਨੂੰ ਸੁਧਾਰਨ

ਬਾਕੀ ਸਫ਼ਾ 34 'ਤੇ

*ਮਾਮਲਾ ਦੋਸ਼ੀ ਪੁਲਸੀਆਂ ਨੂੰ ਸਰਕਾਰੀ ਤੌਰ 'ਤੇ ਰਿਹਾਅ ਕਰਨ ਦਾ*

# ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਫ਼ੈਸਲਾ ਗ਼ੈਰ-ਸੰਵਿਧਾਨਕ ਤੇ ਗ਼ੈਰਕਾਨੂੰਨੀ ਕਰਾਰ

**ਚੰਡੀਗੜ੍ਹ/ਏ.ਟੀ. ਨਿਊਜ਼ :** ਪੰਜਾਬ ਦੇ ਅੱਠ ਮਨੁੱਖੀ ਅਧਿਕਾਰ ਸੰਗਠਨਾਂ ਨੇ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਝੂਠੇ ਪੁਲੀਸ ਮੁਕਾਬਲਿਆਂ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ੀ ਪੁਲੀਸ ਅਫ਼ਸਰਾਂ ਤੇ ਮੁਲਾਜ਼ਮਾਂ ਦੀ ਰਿਹਾਈ ਨੂੰ ਗ਼ੈਰ-ਸੰਵਿਧਾਨਕ ਅਤੇ ਕਾਨੂੰਨੀ ਪ੍ਰਣਾਲੀ ਦੀ ਤੌਹੀਨ ਕਰਾਰ ਦਿੱਤਾ ਹੈ। ਸੰਗਠਨਾਂ ਦੇ ਨੁਮਾਇੰਦਿਆਂ ਸੀਨੀਅਰ ਵਕੀਲਾਂ ਰਾਜਵਿੰਦਰ ਸਿੰਘ ਬੈਂਸ, ਨਵਕਿਰਨ ਸਿੰਘ, ਸਾਬਕਾ ਆਈਏਐੱਸ ਗੁਰਤੇਜ ਸਿੰਘ ਅਤੇ ਸਤਨਾਮ ਸਿੰਘ ਨੇ ਕਿਹਾ ਕਿ ਸਰਕਾਰ ਦੇ ਇਹ ਕਦਮ ਲੋਕਾਂ ਦਾ ਨਿਆਂ ਪ੍ਰਣਾਲੀ ਅਤੇ ਅਦਾਲਤਾਂ ਤੋਂ ਭਰੋਸਾ ਖ਼ਤਮ ਕਰ ਦੇਣਗੇ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਵੱਲੋਂ ਜੇਲ੍ਹਾਂ ਵਿੱਚ ਬੰਦ ਸਿੱਖ ਬੰਦੀਆਂ ਦੀ ਰਿਹਾਈ ਨਾਲ ਪੁਲੀਸ ਅਫਸਰਾਂ ਜਾਂ ਮੁਲਾਜ਼ਮਾਂ ਦੀ ਰਿਹਾਈ ਨੂੰ ਜੋੜਨਾ ਬਿਲਕੁਲ ਗਲਤ ਹੈ, ਕਿਉਂਕਿ ਸਿੱਖ ਕੈਦੀ ਤਾਂ 25-30 ਸਾਲਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ ਜਦੋਂਕਿ



ਸਰਕਾਰ ਵੱਲੋਂ ਜਿਨ੍ਹਾਂ ਪੁਲੀਸ ਅਫ਼ਸਰਾਂ ਦੀ ਸਜ਼ਾ ਮੁਆਫ਼ ਕੀਤੀ ਜਾ ਰਹੀ ਹੈ, ਉਨ੍ਹਾਂ ਵਿੱਚੋਂ ਕਈ ਤਾਂ ਇੱਕ ਦਿਨ ਵੀ ਜੇਲ੍ਹ ਨਹੀਂ ਗਏ।

ਬਾਕੀ ਸਫ਼ਾ 34 'ਤੇ

# ਗ਼ੈਰ ਕਾਨੂੰਨੀ ਢੰਗ ਨਾਲ ਭਾਰਤੀ ਹੁਣ ਨਹੀਂ ਜਾ ਸਕਣਗੇ ਅਮਰੀਕਾ

### *ਟਰੰਪ ਦੀ ਘੂਰੀ ਮਗਰੋਂ ਮੈਕਸੀਕੋ ਨੇ 325 ਭਾਰਤੀ ਵਾਪਸ ਭੇਜੇ*

**ਚੰਡੀਗੜ੍ਹ/ਏ.ਟੀ. ਨਿਊਜ਼ :** ਹੁਣ ਗ਼ੈਰ ਕਾਨੂੰਨੀ ਢੰਗ ਨਾਲ ਭਾਰਤੀ ਅਮਰੀਕਾ ਨਹੀਂ ਜਾ ਸਕਣਗੇ। ਦਰਅਸਲ ਗੈਰ-ਕਾਨੂੰਨੀ ਪਰਵਾਸੀ ਮੈਕਸਿਕੋ ਸਰਹੱਦ ਨਾਲ ਕੰਧ ਟੱਪ ਕੇ ਅਮਰੀਕਾ ਵਿੱਚ ਦਾਖਲ ਹੁੰਦੇ ਹਨ ਪਰ ਟਰੰਪ ਨੇ ਮੈਕਸਿਕੋ ਸਰਹੱਦ ਨੂੰ ਸੀਲ ਕਰ ਦਿੱਤਾ ਹੈ। ਹੁਣੇ ਜਿਹੇ 325 ਭਾਰਤੀ ਬੀਤੇ ਸ਼ੁੱਕਰਵਾਰ ਵਿਸ਼ੇਸ਼ ਜਹਾਜ਼ ਰਾਹੀਂ ਮੈਕਸੀਕੋ ਨੇ ਦਿੱਲੀ ਭੇਜ ਦਿੱਤੇ ਹਨ। ਇਸ ਤੋਂ ਪਹਿਲਾਂ ਬੀਤੇ ਵੀਰਵਾਰ ਨੂੰ ਮੈਕਸੀਕੋ ਨੇ 300 ਤੋਂ ਵੱਧ ਭਾਰਤੀਆਂ ਨੂੰ ਦੇਸ਼ ਛੱਡਣ ਦਾ ਆਦੇਸ਼ ਦਿੱਤਾ ਸੀ। ਮੈਕਸੀਕੋ ਨੇ ਇਹ ਫੈਸਲਾ ਅਮਰੀਕਾ ਦੀ ਚਿਤਾਵਨੀ ਤੋਂ ਬਾਅਦ ਲਿਆ ਹੈ। ਇਸ ਤੋਂ ਪਹਿਲਾਂ



ਜੂਨ ਵਿੱਚ, ਯੂਐਸ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕੋ ਦੀ ਸਰਹੱਦ 'ਤੇ ਘੁਸਪੈਠ ਨੂੰ ਰੋਕਣ ਲਈ ਸੁਰੱਖਿਆ ਵਧਾਉਣ ਦੀ ਗੱਲ ਕੀਤੀ ਸੀ। ਉਸ ਨੇ ਧਮਕੀ ਦਿੱਤੀ ਕਿ ਜੇ ਮੈਕਸੀਕੋ ਅਜਿਹਾ ਨਹੀਂ ਕਰਦਾ ਹੈ ਤਾਂ ਦਰਾਮਦ ਹੋਣ ਵਾਲੇ ਉਤਪਾਦਾਂ ਦੇ ਮਹਿਸੂਲ ਵਧਾਏ ਜਾਣਗੇ।

ਬਾਕੀ ਸਫ਼ਾ 36 'ਤੇ
















# ਹੋਣਹਾਰ ਵਿਦਿਆਰਥੀਆਂ ਲਈ ਗੁਰਦੁਆਰਾ ਸਾਹਿਬ ਫਰੀਮੌਂਟ ਵਲੋਂ ਐਵਾਰਡ ਤੇ ਵਜ਼ੀਫ਼ੇ

**ਫਰੀਮੌਂਟ/ਏ.ਟੀ. ਨਿਊਜ਼ :**
ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਗੁਰਪੁਰਬ ਤੇ ਗੁਰਦੁਆਰਾ ਸਾਹਿਬ ਫਰੀਮੌਂਟ ਨੇ ਹੋਣਹਾਰ ਵਿਦਿਆਰਥੀਆਂ ਲਈ ਐਵਾਰਡ ਦੇਣ ਦਾ ਫੈਸਲਾ ਲਿਆ ਹੈ। ਸੁਪਰੀਮ ਕੌਂਸਲ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਵਿੱਤੀ ਸਹਾਇਤਾ (financial aid) ਵੀ ਦਿੱਤੀ ਜਾਵੇਗੀ। ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਬੱਚਿਆਂ ਨੇ ਅੱਗੇ ਯੂਨੀਵਰਸਿਟੀਆਂ ਵਿੱਚ ਦਾਖਲਾ ਜਾਂ ਨੌਕਰੀ ਲੈਣ ਲਈ ਇਸ ਤਰ੍ਹਾਂ ਦੇ ਐਵਾਰਡ ਸਹਾਈ ਹੁੰਦੇ ਹਨ। ਇਸ ਨਾਲ ਸਾਡੀ ਨੌਜਵਾਨ ਪੀੜ੍ਹੀ ਗੁਰੂ-ਘਰ ਨਾਲ ਵੀ ਜੁੜਦੀ ਹੈ ਤੇ ਉਨ੍ਹਾਂ ਨੂੰ ਮਾਣ ਵੀ ਹੁੰਦਾ ਹੈ ਕਿ ਸਾਡੀ ਕਿਸੇ ਧਾਰਮਿਕ ਸੰਸਥਾਂ ਨੇ ਉਨ੍ਹਾਂ ਦੇ ਹੁਨਰ ਨੂੰ ਪਹਿਚਾਣਿਆ ਹੈ।

ਜਿਹੜੇ ਵਿਦਿਆਰਥੀ ਹੇਠ ਦਿੱਤੀਆਂ ਸ਼ਰਤਾਂ ਪੂਰੀਆਂ ਕਰਦੇ ਹਨ ਉਹ ਵੈਬਸਾਈਟ bit.ly/fgs-awards ’ਤੇ ਜਾ ਕੇ ਅਪਲਾਈ ਕਰ ਸਕਦੇ ਹਨ। awards@fremontgurdwara.org ਜਾਂ 510-480-0065 ਤੇ ਕਾਲ ਵੀ ਕੀਤੀ ਜਾ ਸਕਦੀ ਹੈ।

Outstanding Student ACHIEVEMENT AWARDS

## ਦਰਖ਼ਾਸਤ ਦੇਣ ਲਈ ਸ਼ਰਤਾਂ :

- ਜੇ ਤੁਹਾਡੀ ਉਮਰ 13 ਤੋਂ 21 ਸਾਲ ਵਿਚਕਾਰ ਹੈ
- ਤੁਸੀਂ ਸਾਨਫਰਾਂਸਿਸਕੋ, ਬੇ-ਏਰੀਆ ਦੇ ਵਾਸੀ ਹੋ।
- ਮੌਜੂਦਾ ਜੀਪੀਏ 3.5 ਜਾਂ ਇਸ ਤੋਂ ਵੱਧ ਹੈ।
- ਇਸੇ ਸਾਲ ਵਿਚ ਘੱਟੋ ਘੱਟ 100 ਘੰਟੇ ਕਮਿਊਨਿਟੀ ਸੇਵਾ ਕੀਤੀ ਹੈ।
- ਐਸ.ਐਸ.ਏ ਜਾਂ ਪੰਥਕ ਜਥੇਬੰਦੀ ਲਈ ਕੰਮ ਕੀਤਾ ਹੈ।
- ਜ਼ੋਨਲ, ਸੂਬਾ ਜਾਂ ਕੌਮੀ ਪੱਧਰ ’ਤੇ ਭਾਸ਼ਣ ਅਤੇ ਡੀਬੇਟ ਟੀਮ ਵਿਚ ਹਿੱਸਾ ਲਿਆ ਹੈ।
- ਸਪੈਸ਼ਲ ਕੇਸ : ਪੀ.ਐਚ.ਡੀ. ਵਿਦਿਆਰਥੀ ਅਰਜ਼ੀ ਦੇਣ ਲਈ ਯੋਗ ਹਨ।

BERKSHIRE HATHAWAY Home Services
Elite Real Estate

Gurdip Kaur
M.A. B.Ed.
Cell : 916-695-0035 Office : 916-681-5112
realtorgurdip@gmail.com • www.bhhser.com
ਘਰ ਖ਼ਰੀਦਣ-ਵੇਚਣ ਲਈ ਅਤੇ ਆਪਣੇ ਘਰ ਬੈਠੇ ਹੀ ਨੋਟਰੀ ਸੇਵਾਵਾਂ ਲੈਣ ਲਈ ਕਾਲ ਕਰੋ
PLEASE CALL GURDIP KAUR
916-695-0035
Cal BRE# 02032641
7412 Elsie Ave. Sacramento 95828
A member of the franchise system of BHH Affiliates. LLC



# ਅਮਰੀਕੀ ਪਾਰਲੀਮੈਂਟ (ਸੈਨੇਟ) ਦਾ ਸੈਸ਼ਨ ਸਿੱਖ ਅਰਦਾਸ ਨਾਲ ਸ਼ੁਰੂ ਕੀਤਾ ਗਿਆ

## ਮੈਂਬਰਾਂ ਨੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਦੀ 550ਵੀਂ ਵਰੇਗੰਢ ਦੀ ਸਿੱਖ ਜਗਤ ਨੂੰ ਮੁਬਾਰਕਬਾਦ ਦਿੱਤੀ





**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ:** ਅਮਰੀਕਨ ਸਿੱਖ ਕਾਕਸ ਕਮੇਟੀ ਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਪੂਰਬੀ ਕੋਸਟ ਦੇ ਸਾਂਝੇ ਯਤਨਾਂ ਸਦਕਾ ਅਮਰੀਕੀ ਸੈਨੇਟ ਵਿਚ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਉਤਸਵ ਦੀ 550ਵੀਂ ਵਰੇਗੰਢ ਦੀ ਖੁਸ਼ੀ ਵਿਚ ਸਮੁੱਚੇ ਸਿੱਖ ਸੰਸਾਰ ਨੂੰ ਮੁਬਾਰਕਬਾਦ ਦਿੱਤੀ। ਸਿੱਖ ਸੁਸਾਇਟੀ ਮੈਲਬਰਨ ਗੁਰਦੁਆਰਾ ਸਾਹਿਬ ਦੇ ਗਰੰਥੀ ਗਿਆਨੀ ਸੁਖਵਿੰਦਰ ਸਿੰਘ ਨੇ ਸੈਨੇਟ ਚੈਂਬਰ ਵਿਚ ਸੈਨੇਟਰ ਪੈਟਰਿਕ ਟੂਮੀ ਕੋਲ ਖਲੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਅਰਦਾਸ ਤੋਂ ਬਾਅਦ ਸੈਨੇਟਰ ਪੈਟਰਿਕ ਟੂਮੀ ਨੇ ਸਿੱਖ ਧਰਮ ਸਬੰਧੀ ਆਪਣੀ ਸ਼ਰਧਾ ਭੇਂਟ ਕਰਦਿਆਂ ਅਮਰੀਕਨ ਸਿੱਖਾਂ ਦੇ ਅਮਰੀਕਾ ਦੀ ਤਰੱਕੀ ਵਾਸਤੇ ਦਿਤੇ ਯੋਗਦਾਨ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਸਿੱਖ ਅਮਰੀਕਾ ਵਿਚ ਸੌ ਤੋਂ ਵੱਧ ਸਾਲਾਂ ਦੇ ਰਹਿ ਰਹੇ ਹਨ, ਪਰ 16 ਅਕਤੂਬਰ ਦਾ ਦਿਨ ਸਿੱਖ ਧਰਮ ਵਾਸਤੇ ਖਾਸ ਦਿਨ ਬਣ ਗਿਆ ਜਦ 550ਵਾਂ ਪ੍ਰਕਾਸ ਉਤਸਵ ਅਮਰੀਕੀ ਸੈਨੇਟ ਵਿਚ ਮਨਾ ਹੋ ਰਿਹਾ ਹੈ, ਸੈਨੇਟਰ ਨੇ ਗੁਰੂ ਸਾਹਿਬ ਦੇ ਵਿਸ਼ਵ ਬਰਾਬਰੀ ਦੇ ਸਿਧਾਂਤ ਦੀ ਵੀ ਵਿਆਖਿਆ ਕੀਤੀ। ਉਨ੍ਹਾਂ ਗੁਰੂ ਸਾਹਿਬ ਦੇ ਜਾਤ ਪਾਤ ਵਿਰੋਧੀ ਸਿਧਾਂਤ ਬਾਰੇ ਵੀ ਦੱਸਿਆ। ਵਾਹਿਗੁਰੂ ਦਾ ਸਿਮਰਨ ਕਰਨ ਤੇ ਮਿਹਨਤ ਨਾਲ ਕਮਾ ਕੇ ਇਕੱਠੇ ਕੀਤੇ ਪੈਸੇ ਨੂੰ ਘੱਟ ਕਿਸਮਤ ਵਾਲੇ ਲੋਕਾਂ ਵਿਚ ਵੰਡਣ ਦੀ ਵੀ ਗੱਲ ਕੀਤੀ। ਸੈਨੇਟਰ ਨੇ 30 ਮਿਲੀਅਨ ਸਿੱਖਾਂ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਦੀ ਮੁਬਾਰਕਬਾਦ ਪੇਸ਼ ਕਰਦਿਆਂ 12 ਨਵੰਬਰ ਨੂੰ ਵਿਸ਼ਵ ਬਰਾਬਰੀ ਦਿਵਸ ਮਨਾਉਣ ਦਾ ਐਲਾਨ ਵੀ ਕੀਤਾ। ਕਾਂਗਰਸ ਵਿਚ ਫਰਿਜਨੋ ਕੈਲੀਫੋਰਨੀਆਂ ਤੋਂ ਕਾਂਗਰਸਮੈਨ ਜਿਮ ਕੋਸਟਾ ਨੇ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਉਤਸਵ ਮੌਕੇ ਸਿੱਖ ਕੌਮ ਨੂੰ ਮੁਬਾਰਕ ਦਿੱਤੀ। ਸੈਨੇਟ ਡਿਰਕਸੇਨ ਬਿਲਡਿੰਗ ਵਿਚ ਨੂੰ ਸ਼ਾਮ ਨੂੰ ਸੈਨੇਟਰ ਟੂਮੀ ਦੀ ਪ੍ਰਧਾਨਗੀ ਹੇਠ ਸਰਬ ਧਰਮ ਸੰਮੇਲਨ ਦਾ ਪ੍ਰਬੰਧ ਕੀਤਾ ਗਿਆ। ਜਿਸ ਵਿਚ ਬਹੁਤ ਸਾਰੇ ਕਾਂਗਰਸਮੈਨ, ਬਹੁ-ਵਿਸ਼ਵਾਸੀ ਧਾਰਮਿਕ ਆਗੂ ਤੇ ਸਿੱਖ ਆਗੂ ਸ਼ਾਮਲ ਸਨ। ਜਿਨ੍ਹਾਂ ਆਪਣੇ ਵੀਚਾਰ ਪ੍ਰਗਟ ਕੀਤੇ। ਸਿੱਖ ਕਾਕਸ ਦੇ ਸਾਬਕਾ ਕੋ-ਚੇਅਰ ਕਾਂਗਰਸਮੈਨ ਪੈਟ ਮਿਹਾਨ ਨੇ ਕਰਿਸਚਿਨ ਧਰਮ ਵੱਲੋਂ ਮੁਬਾਰਕਬਾਦ ਦਿੱਤੀ ਗਈ। ਰਾਏ ਬੁਲਾਰ ਭੱਟੀ ਦੀ ਵੰਸ਼ ਵਿਚੋਂ ਸਤਾਰਵੀਂ ਥਾਂ ਰਾਏ ਔਰੰਗਜੇਬ ਨੇ ਸਿੱਖ ਮੁਸਲਿਮ ਦੋਸਤੀ 'ਤੇ ਵਿਚਾਰ ਦਿੱਤੇ। ਬੱਚਿਆਂ ਦੇ ਮਾਹਰ ਮਨੋਵਿਗਿਆਨੀ ਡਾਕਟਰ ਰਵਿੰਦਰਪਾਲ ਸਿੰਘ ਰਵੀ ਨੇ ਸਿੱਖ ਧਰਮ ਵੱਲੋਂ ਵਿਚਾਰ ਪੇਸ਼ ਕਰਦਿਆਂ ਗੁਰੂ ਸਾਹਿਬ ਦੇ ਪ੍ਰਕਾਸ਼ ਉਤਸਵ ਦੀ ਮੁਬਾਰਕਬਾਦ ਦਿੱਤੀ।

# ਸੀਨੀਅਰ ਪੱਤਰਕਾਰ ਪ੍ਰੀਤਮ ਸਿੰਘ ਰੁਪਾਲ ਅਤੇ ਸੁਰਿੰਦਰ ਸਿੰਘ ਨੇ 'ਅੰਮ੍ਰਿਤਸਰ ਟਾਈਮਜ਼' ਜੁਆਇਨ ਕੀਤਾ

**ਚੰਡੀਗੜ੍ਹ/ਏ.ਟੀ. ਨਿਊਜ਼ :** ਲੰਬਾ ਸਮਾਂ ਅਕਾਸ਼ਵਾਣੀ ਨਾਲ ਰੇਡੀਓ ਪੱਤਰਕਾਰ ਵਜੋਂ ਸੇਵਾ ਨਿਭਾ ਚੁੱਕੇ ਸੀਨੀਅਰ ਪੱਤਰਕਾਰ ਪ੍ਰੀਤਮ ਸਿੰਘ ਰੁਪਾਲ ਨੇ ਬਤੌਰ ਮੈਨੇਜਿੰਗ ਐਡੀਟਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਜੁਆਇਨ ਕਰ ਲਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੱਤਰਕਾਰੀ ਦੀ ਤਾਲੀਮ ਹਾਸਲ ਕਰਕੇ ਪੰਜਾਬੀ ਪੱਤਰਕਾਰੀ ਵਿਚ ਪ੍ਰਵੇਸ਼ ਕਰਨ ਵਾਲੇ ਸ੍ਰੀ ਰੁਪਾਲ ਦਾ ਇਸ ਖੇਤਰ ਵਿਚ ਲਗਭਗ 35 ਸਾਲ ਦਾ ਤਜਰਬਾ ਹੈ। ਉਹ ਪਹਿਲਾਂ ਪੰਜਾਬੀ ਟ੍ਰਿਬਿਊਨ ਦੇ ਰਿਪੋਰਟਰ ਅਤੇ 'ਪੰਜਾਬ ਕੋਆਪ੍ਰੇਸ਼ਨ' ਮੈਗਜ਼ੀਨ ਦੇ ਸੰਪਾਦਕ ਰਹਿ ਚੁੱਕੇ ਹਨ। ਉਹ ਨਵੀਂ ਦਿੱਲੀ ਵਿਚ ਆਲ ਇੰਡੀਆ ਰੇਡੀਓ ਦੇ ਨਾਲ ਨਾਲ ਜ਼ੀ.ਟੀ.ਵੀ. ਵੀ ਸੇਵਾਵਾਂ ਦੇ ਚੁੱਕੇ ਹਨ। ਪੰਜਾਬ ਦੇ ਸਮਾਜਿਕ, ਰਾਜਨੀਤਕ, ਧਾਰਮਿਕ ਅਤੇ ਸੱਭਿਆਚਾਰਕ ਮਾਮਲਿਆਂ 'ਤੇ ਉਨ੍ਹਾਂ ਦੀ ਵਿਸ਼ੇਸ਼ ਪਕੜ ਹੈ।



ਸੁਰਿੰਦਰ ਸਿੰਘ



ਪ੍ਰੀਤਮ ਸਿੰਘ ਰੁਪਾਲ

ਟੈਲੀਵੀਜ਼ਨ ਪੱਤਰਕਾਰੀ ਵਿਚ ਸਰਗਰਮ ਰਹੇ ਸੀਨੀਅਰ ਪੱਤਰਕਾਰ ਸੁਰਿੰਦਰ ਸਿੰਘ ਨੇ ਕੈਲੀਫੋਰਨੀਆ 'ਚ ਬਤੌਰ ਐਡੀਟਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਜੁਆਇਨ ਕਰ ਲਿਆ ਹੈ। ਉਹ ਪਹਿਲਾਂ ਜ਼ੀ ਪੰਜਾਬੀ, ਪੰਜਾਬ ਟੁਡੇ, ਏਸ਼ੀਆ ਨਿਊਜ਼ ਨੈੱਟਵਰਕ, ਦੂਰਦਰਸ਼ਨ ਅਤੇ ਆਲ ਇੰਡੀਆ ਰੇਡੀਓ ਨਾਲ ਕੰਮ ਕਰ ਚੁੱਕੇ ਸੁਰਿੰਦਰ ਸਿੰਘ ਨੇ ਐਮਿਟੀ ਯੂਨੀਵਰਸਿਟੀ ਨੋਇਡਾ ਦੇ ਪੱਤਰਕਾਰੀ ਵਿਭਾਗ 'ਚ ਬਤੌਰ ਅਧਿਆਪਕ ਵੀ ਆਪਣੀਆਂ ਸੇਵਾਵਾਂ ਦਿੱਤੀਆਂ। 3 ਸਾਲ ਤੋਂ ਵੱਧ ਸਮੇਂ ਤੱਕ 'ਡੇਅ ਐਂਡ ਨਾਈਟ' ਟੀਵੀ ਚੈਨਲ ਨਾਲ ਸੀਨੀਅਰ ਪ੍ਰੋਡਿਊਸਰ ਦੇ ਤੌਰ 'ਤੇ ਕੰਮ ਕਰਨ ਦੇ ਬਾਅਦ ਪਿਛਲੇ 6 ਸਾਲਾਂ ਤੋਂ ਉਹ 'ਟਾਕਿੰਗ ਪੰਜਾਬ' ਟੀਵੀ ਪ੍ਰੋਗ੍ਰਾਮ ਜ਼ਰੀਏ ਸਰਗਰਮ ਪੱਤਰਕਾਰੀ ਕਰਦਾ ਆ ਰਿਹਾ ਹੈ। ਜਸਜੀਤ ਸਿੰਘ ਅਤੇ ਅਦਾਰਾ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੋਵਾਂ ਦਾ ਸੁਆਗਤ ਕਰਦਾ ਹੈ।

## ਮਨਜੀਤ ਸਿੰਘ ਟਿਵਾਣਾ ਦਾ ਧੰਨਵਾਦ

**ਫਰੀਮੌਂਟ : ਏ.ਟੀ. ਨਿਊਜ਼ :** ਅੰਮ੍ਰਿਤਸਰ ਟਾਈਮਜ਼ ਦੇ ਸੰਪਾਦਕ ਮਨਜੀਤ ਸਿੰਘ ਟਿਵਾਣਾ ਦੇ ਪੰਜਾਬ ਤੋਂ ਅਮਰੀਕਾ ਆ ਕੇ ਆਪਣਾ ਕਾਰੋਬਾਰ ਚਲਾਉਣ ਲਈ ਸੇਵਾ ਤੋਂ ਰੁਖਸਤ ਹੋ ਗਏ ਹਨ। ਅਦਾਰਾ 'ਅੰਮ੍ਰਿਤਸਰ ਟਾਈਮਜ਼' ਉਨ੍ਹਾਂ ਵਲੋਂ ਨਿਭਾਈ ਸੇਵਾ ਲਈ ਧੰਨਵਾਦ ਕਰਦਿਆਂ ਉਨ੍ਹਾਂ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦਾ ਹੈ। ਸ੍ਰੀ ਟਿਵਾਣਾ ਨੇ ਇਕ ਸੁਲਝੇ ਹੋਏ ਤਜ਼ਰਬੇਕਾਰ ਪੱਤਰਕਾਰ ਦੇ ਤੌਰ 'ਤੇ ਅੰਮ੍ਰਿਤਸਰ ਟਾਈਮਜ਼ ਦੀ ਸੁਯੋਗ ਅਗਵਾਈ ਕੀਤੀ ਅਤੇ ਪੱਤਰਕਾਰੀ ਦੇ ਖੇਤਰ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। 'ਅੰਮ੍ਰਿਤਸਰ ਟਾਈਮਜ਼' ਸ੍ਰੀ ਟਿਵਾਣਾ ਦੇ ਯੋਗਦਾਨ ਨੂੰ ਹਮੇਸ਼ਾ ਯਾਦ ਰੱਖੇਗਾ।



Let Us Save Lives

# ਨਸਲਕੁਸ਼ੀ 1984

ਦੀ ਯਾਦ ਵਿੱਚ

# ਸਿੱਖ ਕੌਮ ਵੱਲੋਂ ਖ਼ੂਨਦਾਨ ਮੁਹਿੰਮ




## 140,000 lives have been saved

*This year's campaign is also being dedicated to the memory of Deputy Sherif Sandeep Singh Dhaliwal who died while performing his duty.*

# YUBA CITY

Gurdwara Sahib Yuba City

2468 Tierra Buena Road on Sat, Nov. 2 2019: 9:00 am - 3:00 pm

**BRITISH COLUMBIA**

VANCOUVER
VICTORIA
KAMLOOPS
KELOWNA
SURREY
ABBOTSORD

**ONTARIO**

ANCASTER
BRAMPTON
BRANTFORD
MISSISSAUGA
OTTAWA
REXDALE
WINDSOR
KITCHENER-WATERLOO

**ALBERTA**

CALGARY & EDMONTON

Please observe

**One Minute of Silence**

November Ist at 6:00 PM

In the memory of the victims of "SIKH GENOCIDE 1984"

**MANITOBA**

WINNIPEG

**QUEBEC**

MONTREAL

**SASKATCHEWAN**

SASKATOON

**UNITED STATES**

BOTHELL (WA), LYNDEN (WA)
RENTON (WA)
YUBA CITY (CALIFORNIA)
PALATINE (CHICAGO)

**AUSTRALIA**

ADELAIDE
BRISBANE
GEELONG
HOBART
MELBOURNE
MILDURA
PERTH
SHEPPARTON
SYDNEY

**Ph: 604-369-1984 • www.genocide1984.com**

*"Injustice anywhere is a threat to justice everywhere"*

# ਸਿੱਖ ਸਿਧਾਂਤ ’ਤੇ ਪਹਿਰਾ ਦੇਣ ਲਈ ਸੱਦੀ ਜਨਰਲ ਬਾਡੀ : ਸਿੱਖ ਪੰਚਾਇਤ






**ਫਰੀਮਾਂਟ/ਏ.ਟੀ. ਨਿਊਜ਼ :** ਸਿੱਖ ਪੰਚਾਇਤ ਨੇ ਅਖਬਾਰਾਂ ਦੇ ਨਾਮ ਬਿਆਨ ਜਾਰੀ ਕਰਦੇ ਹੋਏ ਕਿਹਾ ਕਿ ਤਿੰਨ ਸੁਪਰੀਮ ਕੌਂਸਲ ਮੈਂਬਰ ਬੀਬੀ ਅਰਵਿੰਦਰ ਕੌਰ, ਹਰਮਿੰਦਰ ਸਿੰਘ, ਕੁਲਜੀਤ ਸਿੰਘ ਅਤੇ ਐਸ.ਪੀ. ਰਾਣਾ ਗਰੁੱਪ ਸਿੱਖ ਸਿਧਾਂਤ ਨੂੰ ਖੋਰਾ ਲਾਉਣ ਲੱਗੇ ਹੋਏ ਹਨ। ਦਸਵੇਂ ਪਾਤਿਸ਼ਾਹ ਵਲੋਂ ਸਿੱਖ ਕੌਮ ਨੂੰ ਬਖ਼ਸ਼ੇ ‘ਪੰਜ ਪਿਆਰਾ’ ਸਿਧਾਂਤ ਨੂੰ ਇਕ ਕਾਰਪੋਰੇਸ਼ਨ ਦੇ ‘ਬੋਰਡ ਆਫ ਡਾਇਰੈਕਟਰ’ ਦੇ ਬਰਾਬਰ ਖੜ੍ਹਾ ਕਰਨਾ ਚਾਹੁੰਦੇ ਹਨ, ਤਾਂ ਜੋ ਇਹਨਾਂ ਦਾ ਕਬਜ਼ਾ ਬਰਕਰਾਰ ਰਹਿ ਸਕੇ। ਜੇ ਗੁਰਦੁਆਰਾ ਪ੍ਰਬੰਧ ਜਾਂ ਸੁਪਰੀਮ ਕੌਂਸਲ ਵਿੱਚ ਸ਼ਾਮਲ ਬੰਦਿਆਂ ਦਾ ਕੱਦ ਓਨਾ ਵੱਡਾ ਨਹੀਂ ਤਾਂ ਇਸਦਾ ਇਹ ਮਤਲਬ ਨਹੀਂ ਕਿ ਗੁਰੂ ਸਿਧਾਂਤ ਨੂੰ ਇਹਨਾਂ ਦੇ ਕੱਦ ਬਰਾਬਰ ਡੇਗਿਆ ਜਾਵੇ। ਸਿੱਖ ਪੰਚਾਇਤ ਨੇ ਸਪੱਸ਼ਟ ਕੀਤਾ ਕਿ ਉਹ ‘ਪੰਜ ਪਿਆਰਿਆਂ’ ਦੀ ਸਰਬਸੰਮਤੀ ਵਿਰੁੱਧ ਕੋਈ ਸਮਝੌਤਾ ਨਹੀਂ ਕਰਨਗੇ। ਭਾਈ ਜਸਵਿੰਦਰ ਸਿੰਘ ਜੰਡੀ ਨੇ ਕਿਹਾ ਕਿ ਐਸ.ਪੀ.-ਰਾਣਾ ਧੜੇ ਦਾ ਵਕੀਲ ਸਾਨੂੰ ਕਹਿ ਰਿਹਾ ਹੈ ਕਿ ‘ਪੰਜ ਪਿਆਰਿਆਂ’ ਵਿਚ ਬਹੁ-ਸੰਮਤੀ ਲਈ ਰਾਜੀ ਹੋ ਜਾਓ। ਪਰ ਅਸੀਂ ਇਹ ਗੱਲ ਨਹੀਂ ਮੰਨ ਸਕਦੇ। ਉਹਨਾਂ ਨੇ ਉਦਾਹਰਣ ਦੇ ਕੇ ਕਿਹਾ ਕਿ 2008 ਵਿਚ ਸਾਡੇ ਗਰੁੱਪ ਦੇ 4 ਸਿੰਘ ਜਿੱਤੇ ਸਨ ਅਤੇ ਇਹਨਾਂ ਵਲੋਂ ਭਾਈ ਰਾਮ ਸਿੰਘ ਜਿੱਤੇ ਸਨ ਪਰ ਅਸੀਂ ਕੋਈ ਵੀ ਮੀਟਿੰਗ ਅਤੇ ਫੈਸਲਾ ਭਾਈ ਰਾਮ ਸਿੰਘ ਦੀ ਸਹਿਮਤੀ ਤੋਂ ਬਿਨਾਂ ਨਹੀਂ ਸੀ ਲਿਆ। ਭਾਈ ਐਚ ਪੀ ਸਿੰਘ ਨੇ ਕਿਹਾ ਕਿ ਜਦੋਂ ਮੌਜੂਦਾ ਸੁਪਰੀਮ ਕੌਂਸਲ ਚੁਣ ਕੇ ਆਈ ਤਾਂ ਕਮੇਟੀ ਦੀ ਚੋਣ ਲਈ ਅਸੀਂ ਚਾਰ ਜਣੇ ਇੱਕ ਪਾਸੇ ਸੀ ਤੇ ਇਕੱਲਾ ਕੁਲਜੀਤ ਸਿੰਘ ਇੱਕ ਪਾਸੇ। ਅਸੀਂ ਉਸ ਵੇਲੇ ਵੀ ਬਹੁਸੰਮਤੀ ਨਾਲ ਕਮੇਟੀ ਬਨਾਉਣ ਦੀ ਬਜਾਏ ਸਿਧਾਂਤ ਤੇ ਖੜੇ ਹੋਕੇ ਕੁਲਜੀਤ ਸਿੰਘ ਨੂੰ ਸਹਿਮਤ ਕਰਨ ਲਈ ਚਾਰ ਮਹੀਨੇ ਲਾਏ। ਕੁਲਜੀਤ ਸਿੰਘ ਦੀ ਸਹਿਮਤੀ ਤੋਂ ਬਾਅਦ ਹੀ ਕਮੇਟੀ ਬਣੀ। ਕੱਲ੍ਹ ਨੂੰ ਇਹੋ ਸਥਿਤੀ ਸਾਡੇ ਨਾਲ ਵੀ ਹੋ ਸਕਦੀ ਹੈ, ਅਸੀਂ ਜੋ ਸਰਬ-ਸੰਮਤੀ ਦੀ ਮੰਗ ਕਰ ਰਹੇ ਹਾਂ ਉਹ ਸਾਰਿਆਂ ਲਈ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਚੰਗਾ ਸਿਧਾਂਤ ਹੈ।

ਸਿੱਖ ਪੰਚਾਇਤ ਨੇ ਸਪੱਸ਼ਟ ਕੀਤਾ ਕਿ 24 ਨਵੰਬਰ ਵਾਲੀ ਜਨਰਲ ਬਾਡੀ ਦਾ ਮੁੱਖ ਮੁੱਦਾ ਹੀ ਇਹ ਹੈ ਕਿ ਜਾਂ ਤਾਂ ਇਹ ‘ਪੰਜ ਸੁਪਰੀਮ ਕੌਂਸਲ’ ਮੈਂਬਰ ਸਰਬਸੰਮਤੀ ਨਾਲ ਚੱਲਣ ਨਹੀਂ ਤਾਂ ਉਸ ਦਿਨ ਨਵੀਂ ਸੁਪਰੀਮ ਕੌਂਸਲ ਦੀ ਚੋਣ ਕੀਤੀ ਜਾਵੇਗੀ। ਭਾਈ ਜੰਡੀ ਨੇ ਦੱਸਿਆ ਕਿ ਹੁਣ ਤੱਕ ਉਹ ਤਕਰੀਬਨ 800 ਸੰਗਤ ਮੈਂਬਰਾਂ ਦੇ ਦਸਤਖਤ ਲੈ ਚੁੱਕੇ ਹਨ ਤੇ 17 ਨਵੰਬਰ ਤੱਕ 4000 ਦਸਤਖਤ ਲੈਣ ਦੀ ਮੁਹਿਮ ਹੈ। ਉਹਨਾਂ ਨੇ ਸੰਗਤਾਂ ਵਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ।

ਸਿੱਖ ਪੰਚਾਇਤ ਦੇ ਭਾਈ ਜਸਜੀਤ ਸਿੰਘ ਨੇ ਐਸ ਪੀ-ਰਾਣੇ ਧੜੇ ਵੱਲੋਂ ਐਤਵਾਰ ਨੂੰ ਕੀਤੀ ਧੱਕੇਸ਼ਾਹੀ ਦੀ ਨਿਖੇਧੀ ਕੀਤੀ। ਯਾਦ ਰਹੇ, ਪਿਛਲੇ ਐਤਵਾਰ ਸਿੱਖ ਪੰਚਾਇਤ ਨੇ ਸੰਗਤ ਤੋਂ ਜਨਰਲ ਬਾਡੀ ਦੇ ਹੱਕ ਵਿੱਚ ਦਸਤਖ਼ਤ ਕਰਾਉਣ ਲਈ ਮੇਜ਼ ਲਾਇਆ ਸੀ ਪਰ ਹਰਮਿੰਦਰ ਸਿੰਘ, ਕੁਲਜੀਤ ਸਿੰਘ ਆਪਣੇ ਕੁੱਝ ਸਾਥੀਆਂ ਨਾਲ ਆਕੇ ਧੱਕੇ ਨਾਲ ਮੇਜ਼ ਚੁੱਕਣ ਨੂੰ ਕਹਿਣ ਲੱਗੇ ਜਿਸ ਕਰਕੇ ਦੋਹਾਂ ਧੜਿਆਂ ਵਿੱਚ ਤਕਰਾਰ ਹੋਇਆ। ਜਸਜੀਤ ਸਿੰਘ ਨੇ ਕਿਹਾ ਕਿ ਅਮਰੀਕਾ ਵਰਗੇ ਡੈਮੋਕਰੈਟਿਕ ਮੁਲਕ ਵਿੱਚ ਵੀ ਅਜਿਹੇ ਲੋਕਾਂ ਨੂੰ ਸਮਝ ਨਹੀਂ ਆਈ ਕਿ ਇਹ ਸੰਗਤ ਨੂੰ ਉਹਨਾਂ ਦੇ ਹੱਕਾਂ ਤੋਂ ਵਾਂਝਾ ਨਹੀਂ ਕਰ ਸਕਦੇ। ਇਹ ਕਈ ਵਾਰੀ ਬਦਮਾਸ਼ੀ ਕਰਨ ਦੀ ਕੋਸ਼ਿਸ਼ ਕਰ ਚੁੱਕੇ ਹਨ। ਅਸੀਂ ਇਹਨਾਂ ਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਸਿੱਖ ਪੰਚਾਇਤ ਅਜਿਹੇ ਧੱਕਿਆਂ ਦੀ ਪ੍ਰਵਾਹ ਨਹੀਂ ਕਰਦੀ। ਇਸ ਲਈ ਜੇ ਗੁਰਦੁਆਰਾ ਸਾਹਿਬ ਮਹੌਲ ਖ਼ਰਾਬ ਹੁੰਦਾ ਹੈ ਤਾਂ ਇਸ ਦੀ ਜ਼ੁੰਮੇਵਾਰੀ ਸਾਡੇ ’ਤੇ ਨਹੀਂ ਹੋਵੇਗੀ।

# ਗੁਰਦੁਆਰਾ ਸਾਹਿਬ ਸੈਨਹੋਜ਼ੇ ’ਚ ਬੁਖਲਾਇਆ ਬੌਬ ਢਿੱਲੋਂ ਧੱਕੇਸ਼ਾਹੀ ’ਤੇ ਉਤਰਿਆ



**ਸੈਨਹੋਜ਼ੇ/ਏ.ਟੀ. ਨਿਊਜ਼ :** ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਚ ਬੌਬ ਢਿੱਲੋਂ ਤੇ ਗਰੁੱਪ ਵਲੋਂ ਵੋਟਰ ਸੂਚੀ ਵਿਚ ਕਥਿਤ ਹੇਰਾਫੇਰੀ ਦੇ ਕੋਰਟ ਕੇਸ ਕਰਕੇ ਚੋਣਾਂ ਮੁਲਤਵੀ ਹੋ ਗਈਆਂ ਸਨ, ਜਿਸ ਕਰਕੇ ਬੌਬ ਢਿੱਲੋਂ ਦੀ ਕਮੇਟੀ ਦੀ 2 ਸਾਲ ਮਿਆਦ ਪੁੱਗ ਚੁੱਕੀ ਹੈ। ਸੰਗਤ ਵਲੋਂ ਬੌਬ ਢਿੱਲੋਂ ਗਰੁੱਪ ਨੂੰ ਪਾਸੇ ਕਰਨ ਲਈ ਜਨਰਲ ਬਾਡੀ ਕਰਾਉਣ ਲਈ ਦਸਤਖਤ ਕਰਾਏ ਜਾ ਰਹੇ ਹਨ। ਕੈਲੀਫੋਰਨੀਆ ਕੋਡ ਮੁਤਾਬਕ 5% ਮੈਂਬਰ ਜਨਰਲ ਬਾਡੀ ਕਰਾ ਸਕਦੇ ਹਨ ਤੇ ਉੱਥੇ ਨਵੇਂ ਕਮੇਟੀ ਮੈਂਬਰ ਚੁਣ ਸਕਦੇ ਹਨ।

ਪਿਛਲੇ ਐਤਵਾਰ ਜਦੋਂ ਸਾਧ ਸੰਗਤ ਸਲੇਟ ਵਲੋਂ ਸੰਗਤ ਤੋਂ ਦਸਤਖਤ ਕਰਾਉਣ ਲਈ ਮੇਜ ਲਾਇਆ ਤਾਂ ਮੌਜੂਦਾ ਕਮੇਟੀ ਦੇ ਬਾਬ ਢਿੱਲੋਂ ਨੇ ਸਕਿਓਰਿਟੀ ਸੱਦ ਕੇ ਉਨ੍ਹਾਂ ਦਾ ਮੇਜ ਉਥੋਂ ਚੁੱਕਾ ਦਿੱਤਾ। ਫੇਰ ਕਾਫ਼ੀ ਗਰਮ ਬਹਿਸ ਦੌਰਾਨ ਬੌਬ ਢਿੱਲੋਂ ਨੇ ਪਹਿਲਾਂ ਵਾਂਗ ਆਪਣੀ ਸ਼ਕਤੀ ਦੀ ਦੁਰਵਰਤੋਂ ਕਰਦੇ ਹੋਏ ਪੁਲਿਸ ਸੱਦ ਲਈ। ਪੁਲਿਸ ਨੂੰ ਪਤਾ ਨਹੀਂ ਕੀ ਝੂਠ ਬੋਲਿਆ ਗਿਆ ਕਿਉਂਕਿ ਪੁਲਿਸ ਦੀਆਂ 15-20 ਕਾਰਾਂ ਆ ਗਈਆਂ। ਜਦੋਂ ਉਨ੍ਹਾਂ ਨੂੰ ਸਾਰੀ ਗੱਲ ਦਾ ਪਤਾ ਲੱਗਿਆ ਤਾਂ ਪੁਲਿਸ ਨੇ ਕਿਹਾ ਕਿ ਸਾਧ ਸੰਗਤ ਸਲੇਟ ਦਾ ਪੂਰਾ ਹੱਕ ਹੈ ਤੇ ਉਹ ਸੰਗਤ ਤੋਂ ਦਸਤਖਤ ਕਰਵਾ ਸਕਦੇ ਹਨ। ਸਾਧ ਸੰਗਤ ਸਲੇਟ ਦੇ ਬੁਲਾਰੇ ਭਾਈ ਜਸਪਾਲ ਸਿੰਘ ਸੈਣੀ ਨੇ ਕਿਹਾ ਕਿ ਮੌਜੂਦਾ ਕਮੇਟੀ ਪੂਰੇ ਧੱਕੇਸ਼ਾਹੀ ’ਤੇ ਉਤਰੀ ਹੋਈ ਹੈ ਅਤੇ ਜਿਹੜੀ ਸਾਡੇ ਹੱਕਾਂ ’ਤੇ ਵੀ ਡਾਕਾ ਮਾਰਨ ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਸੰਗਤ ਨੂੰ ਹੁਣ ਬੌਬ ਢਿੱਲੋਂ ਗਰੁੱਪ ਦੀ ਅਸਲੀਅਤ ਦਾ ਪਤਾ ਲੱਗ ਗਿਆ ਹੈ ਅਤੇ ਸੰਗਤ ਮੰਗ ਕਰਦੀ ਹੈ ਕਿ ਇਹ ਗੁਰੂ ਦੀ ਗੋਲਕ ਵਿਚੋਂ ਪੈਸਾ ਨਾ ਖਰਚੇ, ਕਿਉਂਕਿ ਕੋਰਟ ਕੇਸ ਇਨ੍ਹਾਂ ਵਲੋਂ ਹੀ ਵੋਟਰ ਸੂਚੀ ਵਿਚ ਕਥਿਤ ਹੇਰਾਫੇਰੀ ਕਾਰਨ ਹੋਇਆ ਹੈ। ਇਹ ਸੰਗਤ ਦਾ ਪੈਸਾ ਆਪਣੀ ਗਲਤੀ ਨੂੰ ਠੀਕ ਠਹਿਰਾਉਣ ਲਈ ਕਿਵੇਂ ਵਰਤ ਕਰ ਸਕਦਾ ਹੈ ? ਉਨ੍ਹਾਂ ਨੇ ਦੱਸਿਆ ਕਿ ਜਨਰਲ ਬਾਡੀ ਕਰਕੇ ਸੰਗਤ ਨਵੀਂ ਕਮੇਟੀ ਚੁਣ ਸਕਦੀ ਹੈ। ਅਸੀਂ ਅਗਲੇ ਦਿਨਾਂ ਵਿਚ ਜਨਰਲ ਬਾਡੀ ਦੀ ਤਰੀਕ ਬਾਰੇ ਦੱਸਾਂਗੇ।

CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਭਾਰਤ ਨੂੰ ਅਮਰੀਕੀ ਵਿਦੇਸ਼ ਵਿਭਾਗ ਕਮੇਟੀ ਦੀ ਸੁਣਵਾਈ ਵਿਚ ਕਸ਼ਮੀਰ ਤੇ ਸਿੱਖਾਂ ਦੇ ਗੰਭੀਰ ਮਸਲੇ 'ਤੇ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ

**ਵਾਸ਼ਿੰਗਟਨ ਡੀ.ਸੀ./ਬਲਵਿੰਦਰਪਾਲ ਸਿੰਘ ਖਾਲਸਾ :** ਅਮਰੀਕੀ ਕਾਂਗਰਸ ਫਾਰਨ ਅਫੇਅਰਜ ਸਬ ਕਮੇਟੀ ਆਨ ਏਸ਼ੀਆ ਪੈਸੀਫਿਕ ਐਂਡ ਨਾਨਪਰਾਲੀਫਰੇਸ਼ਨ ਵਿਚ ਸਖਤ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ। ਜਿਸ ਵਿਚ ਬਰਾਡ ਸਰਮਨ ਚੇਅਰਮੈਨ ਸਿੱਖ ਕਾਕਸ ਕਮੇਟੀ, ਟੈਡ ਯੋਹੋ ਕੋਚੇਅਰ ਸਿੱਖ ਕਾਕਸ ਕਮੇਟੀ, ਸੀਲਾ ਜੈਕਸਨ ਸਿੱਖ ਕਾਕਸ ਕਮੇਟੀ ਤੇ ਜਿਮ ਕੋਸਟਾ ਮੈਂਬਰ ਸਿੱਖ ਕਾਕਸ ਕਮੇਟੀ ਦੇ ਸੀਨੀਅਰ ਮੈਂਬਰ ਸ਼ਾਮਲ ਸਨ ਨੇ ਸੁਣਵਾਈ ਵਿਚ ਹਿੱਸਾ ਲੈਂਦਿਆਂ



ਕਸ਼ਮੀਰੀਆਂ ਤੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਬਾਰੇ ਸਟੇਟ ਵਿਭਾਗ ਦੇ ਐਕਟਿੰਗ ਸਹਾਇਕ ਸਕੱਤਰ ਐਲਿਸ ਵੈਲਸ ਨੇ ਕਿਹਾ ਕਿ ਵਿਦੇਸ਼ ਵਿਭਾਗ ਨੇ ਕਸ਼ਮੀਰ ਵਿਚਲੀ ਹਾਲਤ ਦਾ ਪਤਾ ਕਰਨ ਵਾਸਤੇ ਅਗਸਤ ਮਹੀਨੇ ਤੋਂ ਹੀ ਕੋਸ਼ਿਸ਼ਾਂ ਕੀਤੀਆਂ ਨੇ ਕਿ ਮੌਕੇ ਤੇ ਜਾ ਕੇ ਲੋਕਾਂ ਦੀ ਹਾਲਤ ਦਾ ਪਤਾ ਲਾਇਆ ਜਾਵੇ ਪਰ ਭਾਰਤ ਹਾਲੇ ਮੰਨ ਨਹੀਂ ਰਿਹਾ ਤੇ ਉਧਰ ਏਸ਼ੀਅਨ ਮਨੁੱਖੀ ਅਧਿਕਾਰ ਜਥੇਬੰਦੀਆਂ, ਐਮਨੈਸਟੀ ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਕਮੇਟੀਆਂ ਵੀ ਕਹਿ ਰਹੀਆਂ ਹਨ ਕਿ ਕਸ਼ਮੀਰੀਆਂ ਦੇ ਮਨੁਖੀ ਅਧਿਕਾਰ ਕੁਚਲੇ ਜਾ ਰਹੇ ਹਨ।

ਇਕ ਲੱਖ ਕਸ਼ਮੀਰੀ ਸਿੱਖ ਵੀ ਕੈਦ ਵਰਗਾ ਜੀਵਨ ਬਿਤਾਉਣ ਵਾਸਤੇ ਮਜਬੂਰ ਹਨ ਤੇ ਉਨ੍ਹਾਂ ਦੇ ਗੁਰਦੁਆਰੇ ਵੀ ਕਰਫਿਉ ਕਰਕੇ ਬੰਦ ਹਨ ਤੇ ਅੱਸੀ ਲੱਖ ਕਸ਼ਮੀਰੀਆਂ ਉਤੇ ਨੌ ਲੱਖ ਫੌਜ ਲੱਗੀ ਹੈ, ਜੋ ਕਿ ਸਰਸਰ ਧੱਕਾ ਹੈ। ਭਾਰਤ ਦਾ ਜਵਾਬ ਹੈ ਕਿ ਹਾਲਾਤ ਨਾਰਮਲ ਹੋ ਰਹੇ ਹਨ ਪਰ ਨਿਰਪੱਖ ਸੂਤਰਾਂ ਮੁਤਾਬਿਕ ਭਾਰਤ ਝੂਠ ਬੋਲ ਰਿਹਾ ਹੈ ਤੇ ਬਹੁਤ ਕੁਝ ਲੁਕੋ ਰਿਹਾ ਹੈ। ਸਿੱਖ ਕਾਕਸ ਕਮੇਟੀ ਦੇ ਮੈਂਬਰਾਂ ਨੇ ਵੀ ਅਮਰੀਕੀ ਸਹਾਇਕ ਸਕੱਤਰ ਨੂੰ ਕਸ਼ਮੀਰ ਤੇ ਸਿੱਖਾਂ ਬਾਰੇ ਤਿੱਖੇ ਸਵਾਲ ਕੀਤੇ।

ਸਹਾਇਕ ਸਕੱਤਰ ਨੇ ਜ਼ੋਰ ਦੇ ਕੇ ਕਿਹਾ ਕਿ ਸਾਡਾ ਮੁਖ ਮਸਲਾ ਕਸ਼ਮੀਰ ਵਿਚ ਮਨੁੱਖੀ ਅਧਿਕਾਰਾਂ ਦੀ ਬਹਾਲੀ ਤੇ ਉਨ੍ਹਾਂ ਦੇ ਆਰਥਿਕ ਤੇ ਰਾਜਨੀਤਕ ਅਧਿਕਾਰਾਂ ਦੀ ਕਾਇਮੀ ਹੈ।

# ਸੰਸਾਰ ਭਰ 'ਚ 1984 ਦੇ ਸਿੱਖ ਕਤਲੇਆਮ ਲਈ ਜਿੰਮੇਵਾਰ ਤਾਕਤਾਂ ਵਿਰੁੱਧ ਮੁਹਿੰਮ

## *ਯੂਬਾ ਸਿਟੀ ਦਾ ਖ਼ੂਨਦਾਨ ਕੈਂਪ ਸੰਦੀਪ ਸਿੰਘ ਧਾਲੀਵਾਲ ਨੂੰ ਹੋਵੇਗਾ ਸਮਰਪਿਤ ਹੋਵੇਗਾ*

**ਯੂਬਾ ਸਿਟੀ /ਹੁਸਨ ਲੜੋਆ ਬੰਗਾ :** ਸਿੱਖ ਕੌਮ ਦੇ ਵੱਖ-ਵੱਖ ਖਿੱਤਿਆਂ ਨਾਲ ਸਬੰਧਿਤ ਵਲੰਟਰੀਅਰਾਂ ਦੀ ਭਰਵੀਂ ਮੀਟਿੰਗ ਹੋਈ ਅਤੇ ਇਸ ਸਾਲ ਦੀ ਅਮਰੀਕਾ ਵਿੱਚਲੀ ਖ਼ੂਨਦਾਨ ਮੁਹਿੰਮ ਹੈਰਿਸ ਕਾਉਂਟੀ ਦੇ ਡਿਪਟੀ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਜਿਨ੍ਹਾਂ ਨੇ 26 ਸਤੰਬਰ ਨੂੰ ਆਪਣੀਂ ਡਿਊਟੀ ਨਿਭਾਉਂਦੇ ਹੋਏ ਜਾਨ ਕੁਰਬਾਨ ਕਰ ਦਿੱਤੀ, ਉਨ੍ਹਾਂ ਨੂੰ ਸਮਰਪਿਤ ਹੋਵੇਗੀ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਭਾਵੇਂ ਇਹ ਖ਼ੂਨ ਦਾਨ ਮੁਹਿੰਮ ਸਾਰਾ ਸਾਲ ਹੀ ਚਲਦੀ ਰਹਿੰਦੀ ਹੈ ਪਰ ਨਵੰਬਰ ਦੇ ਪਹਿਲੇ ਹਫਤੇ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਵਿੱਚ ਵੱਡੇ ਪੱਧਰ ਤੇ ਖ਼ੂਨਦਾਨ ਸੈਂਟਰਾਂ 'ਤੇ ਕੰਪੇਨ ਅਯੋਜਿਤ ਕੀਤੀ ਜਾਂਦੀ ਹੈ। ਇਸ ਸਮੇਂ ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਇਹ ਮੁਹਿੰਮ ਨਵੰਬਰ 1984 ਵਿਚ ਚਿੱਟੇ ਦਿਨ ਹਜਾਰਾਂ ਸਿੱਖਾਂ ਦੇ ਭਿਆਨਕ ਕਤਲੇਆਮ ਲਈ ਜਿੰਮੇਵਾਰ ਤਾਕਤਾਂ ਨੂੰ







ਬੇਨਕਾਬ ਕਰਨ ਲਈ ਦੁਨੀਆਂ ਭਰ ਵਿਚ ਉੱਠੀ ਇਨਸਾਫ ਪਸੰਦ ਲੋਕਾਂ ਦੀ ਇਹ ਆਵਾਜ਼ ਗੁਰੂ ਨਾਨਕ ਪਾਤਸ਼ਾਹ ਵੱਲੋਂ ਐਮਨਾਬਾਦ ਦੀ ਧਰਤੀ ਉੱਪਰ ਦਿੱਤੇ ਸੁਨੇਹੇ 'ਤੇ ਪਹਿਰਾ ਦੇ ਰਹੀ ਹੈ। ਦੂਸਰੇ ਪਾਸੇ ਭਾਰਤੀ ਤੰਤਰ ਵੱਲੋਂ ਨਾ ਸਿਰਫ ਅਜਿਹੇ ਕਤਲੇਆਮਾਂ ਨੂੰ ਦਬਾਉਣ ਅਤੇ ਭੁਲਾਉਣ ਦੀਆਂ ਸਾਜਿਸ਼ਾਂ ਜਾਰੀ ਹਨ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਜਿਵੇਂ ਕਿ ਅੱਜ ਪੰਜਾਬ ਵਿਚ ਸਿੱਖਾਂ ਵਿਰੁੱਧ ਭਾਰਤ ਦੇ ਹੋਰ ਹਿੱਸਿਆਂ ਵਿਚ ਦਲਿਤ, ਮੁਸਲਮਾਨਾਂ ਅਤੇ ਈਸਾਈਆਂ ਵਿਰੁੱਧ ਸਾਜਿਸ਼ਾਂ ਰਚੀਆਂ ਜਾ ਰਹੀਆਂ ਹਨ। ਮਨੁੱਖਤਾ ਨੂੰ ਬਚਾਉਣ ਲਈ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦੇ ਵਾਰਿਸ ਆਪਣਾ ਖ਼ੂਨਦਾਨ ਕਰ ਕੇ 'ਜੀਓ ਅਤੇ ਜਿਊਣ ਦਿਓ' ਦੇ ਸਿਧਾਂਤ 'ਤੇ ਪਹਿਰਾ ਦੇ ਰਹੇ ਹਨ। ਨਸਲਕੁਸ਼ੀ ਵਿਰੁੱਧ ਆਰੰਭੀ ਇਸ ਖ਼ੂਨਦਾਨ ਮੁਹਿੰਮ ਤਹਿਤ ਸਿੱਖ ਕੌਮ ਦਸੰਬਰ 2018 ਤੱਕ 140,000 ਤੋਂ ਵੱਧ ਵਿਅਕਤੀਆਂ ਨੂੰ ਨਵੀਂ ਜ਼ਿੰਦਗੀ ਦੇਣ ਵਿਚ ਸਹਾਈ ਹੋਈ ਹੈ। ਚੇਤੇ ਰਹੇ ਕੈਨੇਡੀਅਨ ਬਲੱਡ ਸਰਵਿਸ ਨੇ ਇਸ ਮੁਹਿੰਮ ਨੂੰ ਕਨੇਡਾ ਦੀ ਸਭ ਤੋਂ ਵੱਡੀ ਜਾਨਾਂ ਬਚਾਉਣ ਵਾਲੀ ਮੁਹਿੰਮ ਐਲਾਨਿਆ ਹੈ। ਇਹ ਮੁਹਿੰਮ 'ਏਕ ਪਿਤਾ ਏਕਸ ਕੇ ਹਮ ਬਾਰਿਕ' ਦੇ ਫਲਸਫੇ ਵਿਚ ਯਕੀਨ ਰੱਖਦੀ ਹੈ ਤੇ ਹਮੇਸ਼ਾਂ ਹੀ ਉਹਨਾਂ ਵਿਅਕਤੀਆਂ, ਸੰਸਥਾਵਾਂ ਜਾਂ ਸਰਕਾਰਾਂ ਨੂੰ ਪ੍ਰਣਾਮ ਕਰਦੀ ਹੈ ਜੋ ਮਨੁੱਖੀ ਅਧਿਕਾਰਾਂ ਨੂੰ ਬਚਾਉਣ ਅਤੇ ਨਸਲਕੁਸ਼ੀ ਵਿਰੁੱਧ ਕੰਮ ਕਰਦੀਆਂ ਹਨ। ਵੱਖ ਵੱਖ ਬੁਲਾਰਿਆਂ ਨੇ ਦੱਸਿਆ ਕਿ ਸਾਲ 2019 ਵਿਚ ਵੀ ਇਸ ਮੁਹਿੰਮ ਤਹਿਤ ਨਵੰਬਰ ਮਹੀਨੇ ਅਮਰੀਕਾ ਅਤੇ ਕਨੇਡਾ ਦੇ ਸਾਰੇ ਪ੍ਰਮੁੱਖਸ਼ਹਿਰਾਂ ਜਿਵੇਂ ਕਿ ਵੈਨਕੂਵਰ, ਸਰੀ, ਵਿਕਟੋਰੀਆ, ਨਾਰਥ ਵੈਨਕੂਵਰ, ਐਬਟਸਫੋਰਡ, ਕੈਮਲੂਪਸ, ਕਿਲੋਨਾ, ਪੈਨਟਿੰਕਟਨ, ਐਡਮਿੰਟਨ, ਕੈਲਗਰੀ, ਸਸਕਾਟੂਨ, ਰਿਜ਼ਾਈਨਾ, ਵਿਨੀਪੈਗ, ਟਰਾਂਟੋ, ਮਾਂਟਰੀਅਲ ਇਸ ਤੋਂ ਇਲਾਵਾ ਅਮਰੀਕਾ ਵਿਚ ਯੂਬਾ ਸਿਟੀ,ਸਿਆਟਲ, ਲਿੰਡਨ, ਬੌਥਲ, ਸ਼ਿਕਾਗੋ, ਯੂਬਾਸਿਟੀ, ਬੇਕਰਸਫੀਲਡ ਆਦਿ ਸ਼ਾਮਲ ਹਨ। ਇਹ ਖ਼ੂਨਦਾਨ ਮੁਹਿੰਮ ਦੂਸਰੇ ਮੁਲਕਾਂ ਆਸਟਰੇਲੀਆ ਅਤੇ ਨਿਊਜੀਲੈਂਡ ਦੇ ਵੱਖ ਵੱਖ ਸ਼ਹਿਰਾਂ ਵਿਚ ਵੀ ਚੱਲੇਗੀ।



# ਢੱਡਰੀਆਂ ਵਾਲੇ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਬਣਾਏਗਾ ਕਮੇਟੀ

ਅੰਮ੍ਰਿਤਸਰ/ਏ.ਟੀ. ਨਿਊਜ਼ : ਪੰਜ ਸਿੰਘ ਸਾਹਿਬਾਨ ਨੇ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਾ ਦੇ ਵਿਵਾਦਤ ਮਾਮਲੇ ਦੀ ਜਾਂਚ ਵਾਸਤੇ ਪੰਜ ਮੈਂਬਰੀ ਵਿਦਵਾਨਾਂ ਦੀ ਕਮੇਟੀ ਬਣਾਉਣ ਦਾ ਫ਼ੈਸਲਾ ਲਿਆ ਹੈ ਜਦੋਂਕਿ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਸਣੇ ਹੋਰਨਾਂ ਸਿੱਖਾਂ ਨੂੰ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਮੁਆਫ਼ੀ ਦੇਣ ਦਾ ਪ੍ਰੋਗਰਾਮ ਫ਼ਿਲਹਾਲ ਅੱਗੇ ਪਾ ਦਿੱਤਾ ਹੈ। ਗੁਰਦੁਆਰਿਆਂ ਵਿਚ ਇਲੈਕਟ੍ਰੌਨਿਕ ਚੰਦੋਆ ਲਾਉਣ ਅਤੇ ਗੁਰੂ ਸਾਹਿਬਾਨ ਦੀਆਂ ਮੂਰਤੀਆਂ ਵੇਚਣ 'ਤੇ ਰੋਕ ਲਾਈ ਗਈ ਹੈ। ਇਹ ਮਾਮਲੇ ਇੱਥੇ ਪੰਜ ਸਿੰਘ ਸਾਹਿਬਾਨ ਵਲੋਂ ਸਿੱਖ ਜਥੇਬੰਦੀਆਂ ਨਾਲ ਕੀਤੀ ਗਈ ਮੀਟਿੰਗ ਦੌਰਾਨ ਵਿਚਾਰੇ ਗਏ ਹਨ। ਪੰਜ ਸਿੰਘ ਸਾਹਿਬਾਨ ਵਿਚ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਹਰਪ੍ਰੀਤ ਸਿੰਘ, ਤਖ਼ਤ ਕੇਸਗੜ੍ਹ ਸਾਹਿਬ ਦੇ



ਜਥੇਦਾਰ ਰਘਬੀਰ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਰਣਜੀਤ ਸਿੰਘ, ਅਕਾਲ ਤਖ਼ਤ ਦੇ ਪੰਜ ਪਿਆਰਿਆਂ ਵਿੱਚੋਂ ਭਾਈ ਦਿਲਬਾਗ ਸਿੰਘ ਤੇ ਭਾਈ ਸੁਖਦੇਵ ਸਿੰਘ ਸ਼ਾਮਲ ਸਨ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਿੱਖ ਜਥੇਬੰਦੀਆਂ ਦੀ ਮੀਟਿੰਗ ਦੌਰਾਨ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਵਿਵਾਦਿਤ ਮਾਮਲੇ ਬਾਰੇ ਵੀ ਚਰਚਾ ਕੀਤੀ ਗਈ ਹੈ। ਜਥੇਬੰਦੀਆਂ ਨਾਲ ਵਿਚਾਰ-ਵਟਾਂਦਰੇ ਮਗਰੋਂ ਇਸ ਮਾਮਲੇ ਦੀ ਜਾਂਚ ਲਈ ਵਿਦਵਾਨਾਂ ਦੀ ਪੰਜ ਮੈਂਬਰੀ ਕਮੇਟੀ ਬਣਾਈ ਜਾਵੇਗੀ ਜਿਸ ਦਾ ਅਗਲੇ ਕੁਝ ਦਿਨਾਂ ਵਿਚ ਐਲਾਨ ਕਰ ਦਿੱਤਾ ਜਾਵੇਗਾ। ਇਹ ਕਮੇਟੀ ਉਨ੍ਹਾਂ ਵਲੋਂ ਬੋਲੇ ਵਿਵਾਦਿਤ ਸ਼ਬਦਾਂ ਦੀ ਪੜਤਾਲ ਕਰੇਗੀ ਇਸ ਦੀ ਰਿਪੋਰਟ ਅਕਾਲ ਤਖ਼ਤ 'ਤੇ ਭੇਜੀ ਜਾਵੇਗੀ। ਇਸ ਦੌਰਾਨ ਮੀਟਿੰਗ ਵਿਚ ਗੁਰਦੁਆਰਿਆਂ ਵਿਚ ਇਲੈਕਟ੍ਰੌਨਿਕ ਚੰਦੋਏ ਲਾਉਣ 'ਤੇ ਰੋਕ ਲਾਈ ਗਈ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਵਿਦੇਸ਼ ਦੇ ਗੁਰਦੁਆਰੇ ਵਿਚ ਅਜਿਹਾ ਇਲੈਕਟ੍ਰੌਨਿਕ ਚੰਦੋਆ ਵਰਤਣ ਦੀ ਸ਼ਿਕਾਇਤ ਮਿਲੀ ਸੀ। ਇਸ ਤੋਂ ਇਲਾਵਾ ਮੀਟਿੰਗ ਵਿਚ ਗੁਰੂਆਂ ਦੀਆਂ ਮੂਰਤੀਆਂ ਬਣਾਉਣ ਅਤੇ ਬਾਜ਼ਾਰ ਵਿਚ ਵੇਚਣ 'ਤੇ ਰੋਕ ਲਾਈ ਗਈ ਹੈ। ਮੀਟਿੰਗ ਦੌਰਾਨ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਅਤੇ ਹੋਰਨਾਂ ਸਿੱਖਾਂ ਨੂੰ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਮੁਆਫ਼ੀ ਦੇਣ ਦੇ ਮਾਮਲਿਆਂ ਬਾਰੇ ਵਿਚਾਰ ਨਹੀਂ ਹੋਇਆ ਹੈ।

# ਗੁਰਬਖਸ਼ ਸਿੰਘ ਧਾਲੀਵਾਲ ਦੀ 14ਵੀਂ ਬਰਸੀ ਮੌਕੇ ਸਰਧਾਜ਼ਲੀ ਸਮਾਰੋਹ ਅਯੋਜਿਤ



**ਫਰਿਜ਼ਨੋਂ/ਕੁਲਵੀਰ ਹੇਅਰ** : ਹਲਕਾ ਨਿਹਾਲ ਸਿੰਘ ਵਾਲਾ (ਮੋਗਾ) ਤੋਂ ਸਾਬਕਾ ਵਿਧਾਇਕ ਗੁਰਬਖਸ਼ ਸਿੰਘ ਧਾਲੀਵਾਲ ਜਿਨ੍ਹਾਂ ਦੀ 14ਵੀਂ ਬਰਸੀ ਮੌਕੇ ਧਾਲੀਵਾਲ ਪਰਿਵਾਰ ਅਤੇ ਇੰਡੋ ਅਮੈਰਿਕਨ ਹੇਰੀਟੇਜ਼ ਫੋਰਮ ਵਲੋਂ ਸ਼ਰਧਾਜ਼ਲੀ ਸਮਾਰੋਹ ਅਯੋਜਿਤ ਕੀਤਾ ਗਿਆ। ਗੁਰਬਖਸ਼ ਸਿੰਘ ਧਾਲੀਵਾਲ ਜਿਨ੍ਹਾਂ ਨੇ ਭਾਰਤ ਦੀ ਅਜਾਦੀ ਵਿਚ ਅਹਿਮ ਯੋਗਦਾਨ ਪਾਇਆ ਅਤੇ ਸੰਨ 1962 ਚੋ ਹਲਕਾ ਨਿਹਾਲ ਸਿੰਘ ਵਾਲਾ (ਮੋਗਾ) ਤੋਂ ਐਮ ਐਲ ਏ ਬਣੇ। ਸੰਨ 1988 ਵਿਚ ਉਹ ਆਪਣੇ ਪੁੱਤਰਾਂ ਬਲਦੇਵ ਸਿੰਘ ਧਾਲੀਵਾਲ ਅਤੇ ਨਵਦੀਪ ਸਿੰਘ ਧਾਲੀਵਾਲ ਕੋਲ ਅਮਰੀਕਾ ਆ ਗਏ ਅਤੇ ਇਥੇ ਉਹ ਸਮਾਜ ਨਾਲ ਜੁੜੇ ਕੰਮਾਂ ਵਿਚ ਵੱਧ ਚੜ੍ਹਕੇ ਹਿਸਾ ਲੈਂਦੇ ਰਹੇ। ਸੰਨ 2000 ਵਿਚ ਉਹਨਾਂ ਨੇ ਆਪਣੇ ਸਾਥੀਆਂ ਨਾਲ ਮਿਲਕੇ ਇੰਡੋ ਅਮੈਰਿਕਨ ਹੇਰੀਟੇਜ਼ ਫੋਰਮ ਨਾਮ ਦੀ ਸੰਸਥਾ ਬਣਾਈ ਜੋ ਕਿ ਦੇਸ਼ ਭਗਤਾਂ ਗਦਰੀ ਬਾਬਿਆਂ ਨੂੰ ਸਮਰਪਿਤ ਹੈ ਅਤੇ ਸੰਸਥਾ ਵਲੋਂ ਹਰ ਸਾਲ ਗਦਰੀ ਬਾਬਿਆਂ ਦੀ ਯਾਦ ਵਿਚ ਮੇਲਾ ਕਰਵਾਇਆ ਜਾਂਦਾ ਹੈ। ਸਰਧਾਜ਼ਲੀ ਸਮਾਰੋਹ ਦੀ ਸ਼ੁਰੂਆਤ ਵਿਚ ਫਰਜਿਨੋ ਇਲਾਕੇ ਦੀ ਪ੍ਰਸਿੱਧ ਲੋਕ ਸੇਵਕ ਰੇਡੀਓ ਟੀ.ਵੀ. ਹੋਸਟ ਗੁੱਡੀ ਸਿੱਧੂ ਦੀਆਂ ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਪ੍ਰਤੀ ਸਵੇਵਾਂ ਨੂੰ ਯਾਦ ਕਰਦਿਆਂ ਸਰਧਾਜ਼ਲੀ ਭੇਟ ਕੀਤੀ ਗਈ। ਗੁਰਬਖਸ਼ ਸਿੰਘ ਧਾਲੀਵਾਲ ਦੀ ਮਿੱਠੀ ਤੇ ਨਿੱਘੀ ਯਾਦ ਨੂੰ ਸਮਰਪਿਤ ਅਯੋਜਿਤ ਕਰਵਾਏ ਗਏ ਸਰਧਾਜ਼ਲੀ ਸਮਾਰੋਹ ਵਿਚ ਇਲਾਕੇ ਦੀਆਂ ਬਹੁਤ ਸਾਰੀਆਂ ਸ਼ਖਸ਼ੀਅਤਾਂ ਨੇ ਹਿੱਸਾ ਲਿਆ। ਬੁਲਾਰਿਆਂ ਵਿਚ ਹਰਨੇਕ ਸਿੰਘ, ਮਾਸਟਰ ਲਛਮਣ ਸਿੰਘ ਰਠੌੜ, ਡਾ.ਗੁਰਮੇਲ ਸਿੱਧੂ, ਪਰਗਟ ਸਿੰਘ, ਹਰਜਿੰਦਰ ਕੰਗ, ਗੁਰਦੀਪ ਸਿੰਘ ਅਣਖੀ, ਹਰਨਾਮ ਸਿੰਘ ਪਨੂੰ, ਡਾ. ਅਰਜਨ ਸਿੰਘ ਜੋਸ਼ਨ, ਪਿਸ਼ੌਰਾ ਸਿੰਘ ਢਿਲੋਂ, ਬਲਜਿੰਦਰ ਸਿੰਘ (ਮਚਲਾ ਜੱਟ) ਆਦਿ ਬੁਲਾਰਿਆਂ ਨੇ ਆਪਣੀਆਂ ਕਵਿਤਾਵਾਂ, ਗੀਤਾਂ, ਸ਼ੇਅਰਾਂ ਅਤੇ ਸ਼ਬਦਾਂ ਨਾਲ ਗੁਰਬਖਸ਼ ਸਿੰਘ ਧਾਲੀਵਾਲ ਨੂੰ ਉਹਨਾ ਦੀ 14ਵੀਂ ਬਰਸੀ 'ਤੇ ਯਾਦ ਕੀਤਾ ਅਤੇ ਸ਼ਰਧਾਂਜ਼ਲੀ ਭੇਟ ਕੀਤੀ। ਸਟੇਜ਼ ਸੈਕਟਰੀ ਦੀ ਭੂਮਿਕਾ ਸ਼ਾਇਰ ਹਰਜਿੰਦਰ ਢੇਸੀ ਨੇ ਨਿਭਾਈ।

# ਡੇਰਾ ਬਿਆਸ ਮੁਖੀ ਨੂੰ ਦਿੱਲੀ ਹਾਈਕੋਰਟ 'ਚ 14 ਨਵੰਬਰ ਨੂੰ ਹੋਣਾ ਪਵੇਗਾ ਪੇਸ਼

***ਮਾਮਲਾ ਰੈਲੀਗੇਅਰ ਨਾਲ ਸਬੰਧਿਤ 2400 ਕਰੋੜ ਰੁਪਏ ਦੇ ਫ਼ੰਡਾਂ ਦੀਆਂ ਬੇਨਿਯਮੀਆਂ ਨਾਲ ਜੁੜੇ ਹੋਣ ਦਾ***

**ਨਵੀਂ ਦਿੱਲੀ/ਏ.ਟੀ. ਨਿਊਜ਼** : ਦਿੱਲੀ ਹਾਈਕੋਰਟ ਨੇ ਰਾਧਾ ਸੁਆਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ 14 ਨਵੰਬਰ ਨੂੰ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਬਾਬਾ ਢਿੱਲੋਂ ਤੇ ਉਨ੍ਹਾਂ ਦੇ ਪਰਿਵਾਰ



ਦੇ ਮੈਂਬਰਾਂ ਨੇ ਅਦਾਲਤ ਵਿਚ ਅਪੀਲ ਦਾਖਲ ਕਰ ਕੇ ਕਿਹਾ ਸੀ ਕਿ ਉਨ੍ਹਾਂ ਦੀ ਆਰ. ਐਚ. ਸੀ. ਹੋਲਡਿੰਗ ਜਿਸ ਦੇ ਪ੍ਰਮੋਟਰ ਮਾਲਵਿੰਦਰ ਸਿੰਘ ਤੇ ਸ਼ਿਵਇੰਦਰ ਸਿੰਘ ਹਨ, ਵੱਲ ਕੋਈ ਦੇਣਦਾਰੀ ਨਹੀਂ ਹੈ। ਇਸ ਤੋਂ ਪਹਿਲਾਂ ਅਦਾਲਤ ਰਨਬੈਕਸੀ ਦੇ ਸਾਬਕਾ ਪ੍ਰਮੋਟਰਾਂ ਨੂੰ ਜਾਪਾਨੀ ਫਰਮ ਡਾਇਚੀ ਸੈਂਕਿਓ ਨੂੰ 3500 ਕਰੋੜ ਰੁਪਏ ਦਾ ਭੁਗਤਾਨ ਕਰਨ ਦੇ ਨਿਰਦੇਸ਼ ਦੇ ਚੁੱਕੀ ਹੈ। ਆਪਣੀ ਅਪੀਲ ਵਿਚ ਡੇਰਾ ਬਿਆਸ ਮੁਖੀ ਨੇ ਅਦਾਲਤ ਨੂੰ ਦੱਸਿਆ ਕਿ ਆਰ.ਐਚ.ਸੀ. ਨੇ ਝੂਠੇ ਦਾਅਵੇ ਕੀਤੇ ਹਨ। ਇਸ ਦੇ ਬਾਅਦ ਅਦਾਲਤ ਨੇ 11 ਅਕਤੂਬਰ ਨੂੰ ਦਿੱਤੇ ਆਪਣੇ ਆਦੇਸ਼ ਵਿਚ ਬਾਬਾ ਢਿੱਲੋਂ, ਉਨ੍ਹਾਂ ਦੀ ਪਤਨੀ ਸ਼ਬਨਮ, ਬੇਟੇ ਗੁਰਕੀਰਤ ਤੇ ਗੁਰਪ੍ਰੀਤ ਅਤੇ ਨੂੰਹ ਨਯਨ ਤਾਰਾ ਨੂੰ ਲੈਣ-ਦੇਣ ਨਾਲ ਸਬੰਧਿਤ ਦਸਤਾਵੇਜ਼ਾਂ ਨਾਲ ਅਦਾਲਤ ਵਿਚ ਪੇਸ਼ ਹੋਣ ਲਈ ਕਿਹਾ ਹੈ। ਇਸ ਸਾਰੇ ਮਾਮਲੇ ਨੂੰ ਜਸਟਿਸ ਜੇਆਰ ਮਿੱਡਾ ਦੀ ਅਦਾਲਤ ਵੇਖ ਰਹੀ ਹੈ। ਅਦਾਲਤ ਨੇ ਅਨੁਸ਼੍ਰੇਣੀ ਆਦੇਸ਼ (ਗਾਰਨੀਸ਼ ਆਰਡਰ) ਜਾਰੀ ਕਰਦੇ ਹੋਏ ਸਾਰੇ ਦੇਣਦਾਰਾਂ ਨੂੰ ਦੋ ਹਫ਼ਤਿਆਂ ਦੇ ਅੰਦਰ-ਅੰਦਰ ਲੈਣ-ਦੇਣ ਸਬੰਧੀ ਦਸਤਾਵੇਜ਼ਾਂ ਨਾਲ ਹਲਫ਼ਨਾਮਾ ਪੇਸ਼ ਕਰਨ ਨੂੰ ਕਿਹਾ ਹੈ। ਅਦਾਲਤ ਨੇ ਦੋਵਾਂ ਭਰਾਵਾਂ ਮਾਲਵਿੰਦਰ ਤੇ ਸ਼ਿਵਇੰਦਰ ਅਤੇ ਰੈਲੀਗੇਅਰ ਦੇ ਸਾਬਕਾ ਮੁਖੀ ਸੁਨੀਲ ਗੋਡਵਾਨੀ ਨੂੰ ਵੀ ਸੁਣਵਾਈ ਦੀ ਅਗਲੀ ਤਰੀਕ 'ਤੇ ਸਬੰਧਿਤ ਦਸਤਾਵੇਜ਼ਾਂ ਸਮੇਤ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ। ਅਦਾਲਤ ਨੇ ਦੇਣਦਾਰਾਂ ਨੂੰ ਵੀ ਅਗਲੀ ਤਰੀਕ 'ਤੇ ਹਾਜ਼ਰ ਹੋਣ ਦੇ ਆਦੇਸ਼ ਦਿੱਤੇ ਹਨ। ਫ਼ਿਲਹਾਲ ਰੈਲੀਗੇਅਰ ਨਾਲ ਸਬੰਧਿਤ ਕਰੀਬ 2400 ਕਰੋੜ ਰੁਪਏ ਦੇ ਫ਼ੰਡਾਂ ਦੀਆਂ ਬੇਨਿਯਮੀਆਂ ਨਾਲ ਜੁੜੇ ਮਾਮਲੇ ਵਿਚ ਮਾਲਵਿੰਦਰ, ਸ਼ਿਵਇੰਦਰ ਤੇ ਗੋਡਵਾਨੀ ਪੁਲਿਸ ਹਿਰਾਸਤ ਵਿਚ ਹਨ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਮੇਜਰ ਲੀਗ ਕਬੱਡੀ ਫੈਡਰੇਸ਼ਨ ਨੂੰ ਗਾਖਲ ਭਰਾਵਾਂ ਵਲੋਂ 15 ਲੱਖ ਦੀ ਸਪਾਂਸਰਸ਼ਿਪ ਰਾਸ਼ੀ ਭੇਂਟ

## *ਅਗਲੇ ਵਰ੍ਹੇ ਸੁਰਜੀਤ ਹਾਕੀ ਟੂਰਨਾਮੈਂਟ ਦਾ ਪਹਿਲਾ ਇਨਾਮ 6 ਲੱਖ ਰੁਪਏ ਦੇਵਾਂਗੇ : ਗਾਖਲ*

**ਜਲੰਧਰ/ਐੱਸ.ਅਸ਼ੋਕ ਭੌਰਾ:** ਪੰਜਾਬੀਆਂ ਦੀ ਮਾਂ ਖੇਡ ਕਬੱਡੀ 'ਤੇ ਪਿਛਲੇ ਅਰਸੇ ਦੌਰਾਨ ਕੁਝ ਉੱਠਦੀਆਂ ਨਰਾਜ਼ਗੀਆਂ, ਗਿਲੇ ਸ਼ਿਕਵੇ ਅਤੇ ਇਲਜ਼ਾਮਾਂ ਨੂੰ ਦੂਰ ਕਰਨ ਲਈ ਖਿਡਾਰੀਆਂ ਨੇ ਆਪਣੀ ਹੀ ਸੰਸਥਾ 'ਮੇਜਰ ਲੀਗ ਕਬੱਡੀ ਫੈਡਰੇਸ਼ਨ' ਦੀ ਸਥਾਪਨਾ ਕੀਤੀ। ਇਸਨੂੰ ਵਿਸ਼ਵ ਪੱਧਰ 'ਤੇ ਇਕ ਮੁਕੰਮਲ ਖੇਡ ਸੰਸਥਾ ਬਣਾਉਣ ਦਾ ਅਹਿਦ ਕੀਤਾ ਗਿਆ ਹੈ ਸੰਵਿਧਾਨ ਤੌਰ 'ਤੇ ਇਸ ਸੰਸਥਾ ਨੂੰ ਸਰਕਾਰੀ ਦੁਆਰੇ ਮਾਨਤਾ ਦੁਆ ਕੇ ਕਬੱਡੀ ਖਿਡਾਰੀਆਂ ਅਤੇ ਮਾਂ ਖੇਡ ਕਬੱਡੀ ਦੀ ਬਿਹਤਰੀ ਲਈ ਲਗਾਤਾਰ ਯਤਨ ਕੀਤੇ ਜਾਂਦੇ ਰਹਿਣਗੇ। ਜਲੰਧਰ ਦੇ ਰਮਾਡਾ ਹੋਟਲ 'ਚ ਲੰਘੇ ਐਤਵਾਰ ਨੂੰ ਹੋਈ ਕਬੱਡੀ ਖਿਡਾਰੀਆਂ ਦੀ ਇਸ ਅਹਿਮ ਇਕੱਤਰਤਾ ਵਿਚ ਇਹ ਵੀ ਐਲਾਨ ਕੀਤਾ ਗਿਆ ਕਿ ਵਿਸ਼ਵ ਭਰ ਦੀਆਂ ਕਬੱਡੀ ਫੈਡਰੇਸ਼ਨਾਂ ਦਾ ਵੀ ਪੂਰਨ ਸਹਿਯੋਗ ਲਿਆ ਜਾਵੇਗਾ। ਅਜਿਹੇ ਯਤਨਾਂ ਨੂੰ ਸਫਲ ਬਣਾਉਣ ਲਈ ਇਸ ਸੰਸਥਾ ਦੇ ਮਾਪਦੰਡ ਕੌਮਾਂਤਰੀ ਪੱਧਰ 'ਤੇ ਤਿਆਰ ਕੀਤੇ ਗਏ ਹਨ। ਅਮਰੀਕਾ ਵਿਚ ਵਿਸ਼ਵ ਕਬੱਡੀ ਕੱਪ ਕਰਾਉਣ ਵਾਲੇ ਅਤੇ ਯੁਨਾਈਟਡ ਸਪੋਰਟਸ ਕਲੱਬ ਦੇ ਮੁੱਖ ਸਰਪ੍ਰਸਤ ਅਮੋਲਕ ਸਿੰਘ ਗਾਖਲ ਇਸ ਅਹਿਮ ਇਕੱਤਰਤਾ ਵਿਚ ਬਤੌਰ ਮੁੱਖ ਮਹਿਮਾਨ ਸ਼ਾਮਿਲ ਹੋਏ ਅਤੇ ਉਨ੍ਹਾਂ ਜਿੱਥੇ ਇਸ ਮੇਜਰ ਲੀਗ ਕਬੱਡੀ ਫੈਡਰੇਸ਼ਨ ਨੂੰ 15 ਲੱਖ ਦੀ ਸਪਾਂਸਰਸ਼ਿਪ ਭੇਂਟ ਕੀਤੀ ਉੱਥੇ ਇਹ ਵੀ ਐਲਾਨ ਕੀਤਾ ਕਿ ਜਲਦੀ ਹੀ ਜਲੰਧਰ ਵਿਚ ਵਿਸ਼ਵ ਕਬੱਡੀ ਕੱਪ ਕਰਵਾਇਆ ਜਾਵੇਗਾ। ਉਨ੍ਹਾਂ ਇਹ ਕਿਹਾ ਕਿ ਇਹ ਫੈਡਰੇਸ਼ਨ ਖਿਡਾਰੀਆਂ ਦੀ ਆਪਣੀ ਫੈਡਰੇਸ਼ਨ ਹੈ ਤੇ






ਕਬੱਡੀ 'ਚ ਤਰੁਟੀਆਂ 'ਤੇ ਕਮੀਆਂ ਕਿੱਥੇ ਹਨ ਖਿਡਾਰੀਆਂ ਚੰਗੀ ਤਰ੍ਹਾਂ ਜਾਣਗੇ ਹਨ ਇਸ ਲਈ ਕਬੱਡੀ ਦੀ ਕਮਾਂਡ ਸਹੀ ਹੱਥਾਂ ਵਿਚ ਗਈ ਹੈ ਤੇ ਜਲਦੀ ਹੀ ਇਹ ਸੰਸਥਾ ਕਬੱਡੀ 'ਤੇ ਲੱਗੇ ਸਾਰੇ ਦਾਗ ਸਾਫ ਕਰ ਦੇਵੇਗੀ। ਜ਼ਿਕਰਯੋਗ ਹੈ ਕਿ 15 ਲੱਖ ਰੁਪਏ ਦੀ ਸਪਾਂਸਰਸ਼ਿਪ ਰਾਸ਼ੀ ਵਿਚ 3 ਲੱਖ ਰੁਪਏ ਦਾ ਯੋਗਦਾਨ ਸ. ਅਮੋਲਕ ਸਿੰਘ ਗਾਖਲ ਨੇ ਨਿੱਜੀ ਮਿੱਤਰ ਤੇ ਅਮਰੀਕਾ ਤੋਂ ਉਚੇਚੇ ਤੌਰ 'ਤੇ ਪੁੱਜੇ ਹਰਜਿੰਦਰ ਸਿੰਘ ਲੱਧੜ ਨੇ ਪਾਇਆ। ਸ. ਗਾਖਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਵੀ ਕਿਹਾ ਕਿ ਗਾਖਲ ਪਰਿਵਾਰ ਹਮੇਸ਼ਾ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਲਈ ਸੁਹਿਰਦ ਰਿਹਾ ਹੈ ਤੇ ਆਪਣੀ ਸਮਰੱਥਾ ਮੁਤਾਬਿਕ ਕਬੱਡੀ ਲਈ ਯੋਗਦਾਨ ਵੀ ਪਾਉਂਦਾ ਆ ਰਿਹਾ ਹੈ। ਅਮਰੀਕਾ 'ਚ 15 ਵਿਸ਼ਵ ਕੱਪ ਅਯੋਜਿਤ ਕਰਕੇ ਕਬੱਡੀ ਦੇ ਖੇਤਰ ਵਿਚ ਇਕ ਅਹਿਮ ਤੇ ਬਣਦਾ ਯੋਗਦਾਨ ਵੀ ਪਾਇਆ ਹੈ। ਇਸ ਮੌਕੇ 'ਤੇ ਸੰਸਥਾ ਵਲੋਂ ਰਜੀਵ ਰਤਨ ਟੋਨੀ ਨੇ ਫੈਡਰੇਸ਼ਨ ਦਾ ਉਦੇਸ਼, ਨਿਯਮ ਅਤੇ ਕਬੱਡੀ ਦੀ ਬਿਹਤਰੀ ਲਈ ਚੁੱਕੇ ਜਾਣ ਵਾਲੇ ਕਦਮਾਂ ਦਾ ਵਿਸਥਾਰ 'ਚ ਜ਼ਿਕਰ ਵੀ ਕੀਤਾ। ਸਾਬਕ ਕਬੱਡੀ ਖਿਡਾਰੀ ਦੇਵੀ ਦਿਆਲ ਸ਼ਰਮਾ ਨੇ ਕਿਹਾ ਕਿ ਇਹ ਖਿਡਾਰੀਆਂ ਦੀ ਆਪਣੀ ਸੰਸਥਾ ਵਾਕਿਆ ਹੀ ਕਬੱਡੀ ਜਗਤ ਦਾ ਇਕ ਵੱਖਰਾ ਇਤਿਹਾਸ ਬਣੇਗੀ। ਕਬੱਡੀ ਖਿਡਾਰੀ ਸੁੱਖਾ ਭੰਡਾਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਇਸ ਮੌਕੇ 'ਤੇ ਮਨਜਿੰਦਰ ਸੀਚੇਵਾਲ, ਸਾਧੂ ਸਿੰਘ ਖਲ੍ਹੌਰ, ਵਿਪਨ ਗੁਪਤਾ, ਜਗਸੀਰ ਸ਼ੀਰਾ, ਸ਼ੀਰਾ ਪਿੱਥੋ, ਜਗਰੂਪ ਸਿੰਘ ਲਾਲੀ, ਨੱਥਾ ਸਿੰਘ ਗਾਖਲ, ਸੁੱਖ ਘੱਲ ਕਲਾਂ, ਰਾਜਾ ਢੁੱਡੀਕੇ, ਮਨਜੀਤ ਸਿੰਘ ਖਾਲਸਾ, ਇੰਦਰਪਾਲ ਸਿੰਘ ਬਾਜਵਾ, ਕਮਲਜੀਤ, ਗੁਰਪਾਲ ਸਿੰਘ, ਅਮਨ ਲੋਪੋਂ, ਕੁਲਵੰਤ ਸਿੰਘ, ਜਸਕਰਨ ਗਾਖਲ, ਗਿੰਦਰ ਖਾਨੋਵਾਲ ਵੀ ਹਾਜ਼ਰ ਸਨ।

ਇਥੇ ਬਲਟਰਨ ਪਾਰਕ (ਜਲੰਧਰ) 'ਚ ਹੀ ਹੋਏ 36ਵੇਂ ਸੁਰਜੀਤ ਹਾਕੀ ਟੂਰਨਾਮੈਂਟ 'ਚ ਪਹਿਲਾ ਸਥਾਨ ਹਾਸਲ ਕਰਨ ਵਾਲੀ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਨੂੰ ਪਹਿਲਾ ਸਾਢੇ 5 ਲੱਖ ਰੁਪਏ ਦਾ ਪਹਿਲਾ ਇਨਾਮ ਗਾਖਲ ਭਰਾਵਾਂ ਵਲੋਂ ਦਿੱਤਾ ਗਿਆ। ਇਸ ਟੂਰਨਾਮੈਂਟ ਵਿਚ ਵੀ ਸ. ਅਮੋਲਕ ਸਿੰਘ ਗਾਖਲ ਨਿੱਜੀ ਤੌਰ 'ਤੇ ਸ਼ਾਮਿਲ ਹੋਏ ਅਤੇ ਉਨ੍ਹਾਂ ਐਲਾਨ ਕੀਤਾ ਕਿ ਅਗਲੀ ਵਾਰ ਪਹਿਲੇ ਇਨਾਮ ਦੀ ਰਾਸ਼ੀ ਵਧਾ ਕੇ 6 ਲੱਖ ਕਰ ਦਿੱਤੀ ਗਈ ਹੈ। ਟੂਰਨਾਮੈਂਟ ਦੌਰਾਨ ਸ. ਗਾਖਲ ਨੇ ਉਨ੍ਹਾਂ ਨੂੰ ਦਿੱਤੇ ਮਾਣ ਸਨਮਾਨ ਲਈ ਇਸ ਟੂਰਨਾਮੈਂਟ ਦੇ ਅਯੋਜਕਾਂ ਦਾ ਧੰਨਵਾਦ ਕਰਦਿਆਂ ਮੁੜ ਦੁਹਰਾਇਆ ਕਿ ਉਲੰਪਿਕ ਖੇਡਾਂ ਵਿਚ ਵਿਕਅਤੀਗਤ ਜਾਂ ਕੋਈ ਟੀਮ ਵਲੋਂ ਜੇਕਰ ਭਾਰਤ ਲਈ ਗੋਲਡ ਮੈਡਲ ਹਾਸਲ ਕੀਤਾ ਜਾਂਦਾ ਹੈ ਤਾਂ ਉਹ ਲੱਖ 11 ਰੁਪਏ ਦਾ ਸਨਮਾਨ ਗਾਖਲ ਪਰਿਵਾਰ ਵਲੋਂ ਦੇਣਗੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਲੰਪਿਕ ਵਿਚ ਭਾਰਤ ਲਈ ਗੋਡਲ ਮੈਡਲ ਜਿੱਤਣ ਵਾਲੇ ਨਿਸ਼ਾਨੇਬਾਜ ਅਭਿਨਵ ਬਿੰਦਰਾ ਨੂੰ ਵੀ ਗਾਖਲ ਪਰਿਵਾਰ ਵਲੋਂ 10 ਲੱਖ ਰੁਪਏ ਦਾ ਨਕਦ ਇਨਾਮ ਦਿੱਤਾ ਗਿਆ ਸੀ।

## ਸਿਆਟਲ ਵਿਚ ਸਮਾਜ ਸੇਵੀ ਸੰਸਥਾ 'ਸੋਚ' ਵਲੋਂ ਵੀਜ਼ਾ ਕੈਂਪ ਲਗਵਾਇਆ

**ਸਿਆਟਲ / ਗੁਰਚਰਨ ਸਿੰਘ ਢਿੱਲੋਂ:** ਗੁਰਦੁਆਰਾ ਸਿੱਖ ਸੈਂਟਰ ਬੋਥਲ ਵਿਚ ਸਮਾਜ ਸੇਵੀ ਸੰਸਥਾ 'ਸੋਚ' ਦੇ ਉਪਰਾਲੇ ਸਦਕਾ ਭਾਰਤੀ ਕੌਂਸਲੇਟ ਸਾਨਫਰਾਂਸਿਸਕੋ ਦੇ ਦਫ਼ਤਰ ਵਲੋਂ ਵੀਜ਼ਾ ਕੈਂਪ ਲਗਾਇਆ ਗਿਆ, ਜਿੱਥੇ ਭਾਰਤ ਆਉਣ ਜਾਣ ਲਈ ਵੀਜ਼ਾ, ਪਾਸਪੋਰਟ ਨਾ ਬਣਨ ਅਤੇ ਓ ਸੀ ਆਈ ਲਈ ਅੜਚਨਾਂ ਦਾ ਮਸਲਾ ਹੱਕ ਕੀਤਾ ਗਿਆ। ਇਸ ਕੈਂਪ ਵਿਚ ਉਨਾਂ ਲੋਕਾਂ ਦੀ ਮਦਦ ਕੀਤੀ ਗਈ ਜੋ ਆਪਣੇ ਸਾਧਨਾਂ ਰਾਹੀਂ ਅਮਰੀਕਾ ਪਹੁੰਚ ਕੇ ਪੱਕੇ ਹੋ ਗਏ, ਪ੍ਰੰਤੂ ਲੰਮੇ ਸਮੇਂ ਤੋਂ ਭਾਰਤ ਆ ਜਾ ਨਹੀਂ ਸਕੇ ਅਤੇ ਆਪਣੇ ਪਰਿਵਾਰਾਂ ਜਾਂ ਨਿੱਜੀ ਰਿਸ਼ਤੇਦਾਰਾਂ ਨੂੰ ਨਹੀਂ ਮਿਲ ਸਕੇ। ਇਸ ਕੈਂਪ ਵਿਚ ਲਗਭਗ 200 ਤੋਂ ਵੱਧ ਔਰਗਨ ਤੇ ਵਾਸ਼ਿੰਗਟਨ ਤੋਂ ਵੱਖ ਵੱਖ ਵਰਗਾਂ ਦੇ ਲੋਕਾਂ ਨੇ ਦੂਰ ਦੂਰ ਤੋਂ ਪਹੁੰਚ ਕੇ ਲਾਭ ਉਠਾਇਆ। ਭਾਰਤੀ ਕੌਂਸਲੇਟ ਦੇ ਸਟਾਫ਼ ਨੇ ਪੁਰੀ ਮਦਦ ਕਰਨ ਦੀ ਕੋਸ਼ਿਸ਼ ਕੀਤੀ। ਪੰਜਾਬੀ ਭਾਈਚਾਰੇ ਵਲੋਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ।




HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035




Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਪੰਜਾਬੀ ਦੇ ਪ੍ਰਸਿੱਧ ਲੇਖਕ ਡਾ. ਤੇਜਵੰਤ ਮਾਨ ਨਾਲ ਖਾਸ ਮੁਲਾਕਾਤ

# ਪੰਜਾਬੀ ਭਾਸ਼ਾ ਨੂੰ ਖਤਮ ਕਰਨ ਪਿੱਛੇ ਹੋ ਰਹੀ ਸਿਆਸਤ

- **ਡਾ. ਮਾਨ ਨੇ ਸਰਕਾਰੀ ਤੇ ਭਗਵੀਆਂ ਸਾਜ਼ਿਸ਼ਾਂ ਦਾ ਕੀਤਾ ਪਰਦਾਫਾਸ਼**
- **ਗਾਇਕ ਗੁਰਦਾਸ ਮਾਨ ਦੀ ਪੰਜਾਬੀ ਭਾਸ਼ਾ ਬਾਰੇ ਸੋਚ ਗਲਤ**
- **ਪੰਜਾਬੀ ਲੇਖਕ ਹੀ ਪੰਜਾਬੀ ਭਾਸ਼ਾ ਦਾ ਕਰ ਰਹੇ ਨੇ ਘਾਣ**

**ਡਾ. ਤੇਜਵੰਤ ਮਾਨ ਪੰਜਾਬੀ ਦੇ ਪ੍ਰਸਿੱਧ ਲੇਖਕ ਹਨ। ਮਾਰਕਸਵਾਦੀ ਆਲੋਚਕ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੇ ਦਿਲ ਦੀ ਗੱਲ ਕਹਿਣ ਵਿਚ ਕਦੇ ਗੁਰੇਜ਼ ਨਹੀਂ ਕੀਤਾ। ਆਪਣੇ ਜੀਵਨ ਦੇ ਤਕਰੀਬਨ ਛੇ ਦਹਾਕੇ ਪੰਜਾਬੀ ਆਲੋਚਨਾ ਦਾ ਮੂੰਹ-ਮੱਥਾ ਸੰਵਾਰਨ 'ਤੇ ਉਨ੍ਹਾਂ ਨੇ ਲਾਏ ਹਨ। ਉਂਝ ਉਹ ਕਹਾਣੀ ਵੀ ਲਿਖਦੇ ਹਨ ਅਤੇ ਕਦੇ-ਕਦੇ ਕਵਿਤਾ ਵੀ। ਉਹ ਕੁਲਵਕਤੀ ਲੇਖਕ ਹਨ। ਉਨ੍ਹਾਂ ਦੇ ਸਾਰੇ ਦਿਨ ਦੇ ਰੁਝੇਵੇਂ ਵੇਖ ਕੇ ਇਉਂ ਵੀ ਪ੍ਰਤੀਤ ਹੁੰਦਾ ਹੈ, ਜਿਵੇਂ ਇਸ ਧਰਤੀ 'ਤੇ ਉਹ ਸਿਰਫ਼ ਲਿਖਣ-ਪੜ੍ਹਨ ਹੀ ਆਏ ਹੋਣ। ਪਿਛਲੇ ਦਿਨੀਂ ਭਾਸ਼ਾ ਭਵਨ ਪੰਜਾਬ ਵਿੱਚ ਹਿੰਦੀ ਦਿਵਸ ਮਨਾਇਆ ਗਿਆ ਜਿਸ ਤੇ ਪ੍ਰਧਾਨਗੀ ਕਰ ਰਹੇ ਮੰਡਲ ਨੇ ਉੱਘੇ ਸਾਹਿਤਕਾਰ ਡਾ. ਮਾਨ ਨੂੰ ਧਮਕੀ ਦੇ ਕੇ ਕਿਹਾ ਕਿ ਦੋ ਸਾਲ ਰੁਕੋ, ਤੁਹਾਨੂੰ ਦੱਸਾਂਗੇ ਕਿ ਹਿੰਦੀ ਕੀ ਹੁੰਦੀ ਹੈ ? ਬੀਤੇ ਦਿਨੀਂ ਉਨ੍ਹਾਂ ਨਾਲ ਮੁਲਾਕਾਤ ਹੋਈ, ਜਿਸ ਦੇ ਪ੍ਰਮੁਖ ਅੰਸ਼ ਪਾਠਕਾਂ ਦੇ ਹਿੱਤ ਵਿਚ ਪੇਸ਼ ਕੀਤੇ ਜਾ ਰਹੇ ਹਨ।**

**ਸੁਆਲ-ਸੰਵਾਦ ਰਚਾਉਣ ਤੋਂ ਪਹਿਲਾਂ ਆਪਣੇ ਪਰਿਵਾਰ ਬਾਰੇ ਕੁਝ ਚਾਨਣਾ ਪਾਓ।**

ਜੁਆਬ–ਮੇਰਾ ਜਨਮ ਇਕ ਜਨਵਰੀ 1944 ਨੂੰ ਸ. ਅਜੀਤ ਸਿੰਘ ਦੇ ਮਾਤਾ ਵਰਿਆਮ ਕੌਰ ਦੇ ਘਰ ਮੇਰੇ ਨਾਨਕੇ ਪਿੰਡ ਸੰਗਰੂਰ ਹੋਇਆ। ਗਿਆਨੀ ਲਾਲ ਸਿੰਘ ਸੰਗਰੂਰ, ਜਿਨ੍ਹਾਂ ਨੇ ਗੁਰਮਤਿ ਵਿਚਾਰਧਾਰਾ ਅਤੇ ਸਿੱਖ ਇਤਿਹਾਸ ਸਬੰਧੀ ਸੌ ਤੋਂ ਉੱਪਰ ਪੁਸਤਕਾਂ ਲਿਖੀਆਂ ਅਤੇ ਪ੍ਰਕਾਸ਼ਤ ਕਰਵਾਈਆਂ। ਪੰਚ ਖਾਲਸਾ ਦੀਵਾਨ ਪੰਚ ਖੰਡ ਭਸੌੜ ਦੇ ਮੁੱਖ ਸੇਵਕ ਰਹੇ। ਮੇਰੀ ਮਾਤਾ ਜੀ ਦੇ ਮਾਸੀ ਜੀ ਪੁੱਤਰ ਹਰਨਾਮ ਸਿੰਘ ਚਮਕ ਮੇਰੇ ਮਾਮਾ ਜੀ ਅਹਿਮਦਗੜ੍ਹ ਡਕੈਤੀ ਕੇਸ ਦੇ ਇਨਕਲਾਬੀ ਅਤੇ ਮਗਰੋਂ ਮਾਰਕਸਵਾਦੀ ਪਾਰਟੀ ਦੇ ਸਿਰਕੱਢ ਆਗੂ ਰਹੇ ਹਨ। ਮੇਰੇ ਪਿਤਾ ਸਰਕਾਰੀ ਹਾਈ ਸਕੂਲ ਸੰਗਰੂਰ ਵਿਚ ਅਧਿਆਪਕ ਹੁੰਦੇ ਹੋਏ ਹਰਨਾਮ ਸਿੰਘ ਚਮਕ ਨਾਲ ਸਾਂਝੀ ਕਮਿਊਨਿਸਟ ਪਾਰਟੀ ਦੇ ਬੰਗਾਲ ਕਲਕੱਤਾ ਜਨਰਲ ਇਜਲਾਸ ਵਿਚ ਡੈਲੀਗੇਟ ਵਜੋਂ ਸ਼ਾਮਲ ਹੋਏ। ਇਸ ਲਈ ਮੇਰਾ ਪਰਿਵਾਰਕ ਪਿਛੋਕੜ ਗੁਰਮਤਿ ਤੇ ਮਾਰਕਸਵਾਦੀ ਵਿਚਾਰਧਾਰਾ ਦੇ ਸੁਮੇਲ ਨੂੰ ਮਾਨਤਾ ਦੇਣ ਵਾਲਾ ਰਿਹਾ ਹੈ। ਸਰਬੱਤ ਦਾ ਭਲਾ, ਸਾਮਜਵਾਦ ਅਤੇ ਬੇਗਮਪੁਰਾ ਸ਼ਹਿਰ ਦੇ ਆਦਰਸ਼ ਦੀ ਪ੍ਰਾਪਤੀ ਲਈ ਚਾਹਨਾ ਕਰਦਾ ਹਾਂ।

**ਸੁਆਲ-ਸਾਹਿਤਕ ਖੇਤਰ ਵਿਚ ਕਿਵੇਂ ਆਏ ?**

ਜੁਆਬ–ਭਾਵੇਂ ਮੈਂ ਕਾਲਜ ਵਿਚ ਪੜ੍ਹਦਿਆਂ ਕਾਲਜ ਮੈਗਜ਼ੀਨ ਲਈ ਪਹਿਲੀ ਕਹਾਣੀ 'ਲਾਲ ਕੋਟੀ' ਲਿਖੀ ਪਰ ਸਾਹਿਤਕ ਖੇਤਰ ਵਿਚ ਪ੍ਰਵੇਸ਼ ਕਰਨ ਦਾ ਸਬੱਬ ਜਦੋਂ ਮੈਂ ਬੀ.ਏ. ਕਰਨ ਉਪਰੰਤ ਸਿਹਤ ਵਿਭਾਗ ਵਿਚ ਮਲੇਰੀਆ ਇੰਸਪੈਕਟਰ ਦੀ ਨੌਕਰੀ ਕੌਹਰੀਆਂ ਹੈਲਥ ਸੈਂਟਰ ਵਿਖੇ ਕਰਦਾ ਸੀ ਤਾਂ ਸਰਕਾਰੀ ਹਾਇਰ ਸੈਕੰਡਰੀ ਸਕੂਲ ਕੌਹਰੀਆਂ ਵਿਚ ਲੱਗੇ ਪੰਜਾਬੀ ਲੈਕਚਰਾਰ ਸੁਰਜੀਤ ਰਾਮਪੁਰੀ, ਜੋ ਉਸ ਸਮੇਂ ਪ੍ਰਸਿੱਧ ਪ੍ਰਗਤੀਵਾਦੀ ਗ਼ਜ਼ਲਗੋ ਵਜੋਂ ਜਾਣੇ ਜਾਂਦੇ ਸਨ, ਨਾਲ ਮੇਰਾ ਦੋਸਤਾਨਾ ਸਬੰਧ ਹੋ ਜਾਣ ਕਾਰਨ ਬਣਿਆ। ਉਨ੍ਹਾਂ ਦੇ ਪ੍ਰਭਾਵ ਅਧੀਨ ਮੈਂ ਬਹੁਤ ਸਾਰੀਆਂ ਗ਼ਜ਼ਲਾਂ ਲਿਖੀਆਂ ਪਰ ਮੇਰੀ ਸ਼ਬਦ ਚੋਣ ਕੁਝ ਖਰਵੀ ਅਤੇ ਤਲਖ਼ ਹੋਣ ਕਾਰਨ ਸੁਰਜੀਤ ਰਾਮਪੁਰੀ ਨੇ ਮੈਨੂੰ ਕਹਾਣੀਆਂ ਲਿਖਣ ਵੱਲ ਪ੍ਰੇਰਿਆ ਅਤੇ ਮੈਂ ਬਹੁਤ ਸਾਰੀਆਂ ਕਹਾਣੀਆਂ 'ਦਰੱਖ਼ਤ ਟੁੱਟ ਕਿਉਂ ਨਹੀਂ ਜਾਂਦਾ', 'ਪਰਿਵਰਤਨ', 'ਪਿਆਰ ਦੀ ਕਬਰ 'ਤੇ' ਆਦਿ ਲਿਖੀਆਂ। ਇਹ ਸਾਰੀਆਂ ਕਹਾਣੀਆਂ ਸਮਾਜਕ, ਆਰਥਿਕ ਅਨਿਆਂ ਪ੍ਰਤੀ ਬਗ਼ਾਵਤੀ ਸੁਰ ਦੀਆਂ ਕਹਾਣੀਆਂ ਸਨ। ਮੈਂ ਸਾਹਿਤ ਵਿਚ ਪ੍ਰਕਾਸ਼ਤ ਰੂਪ ਵਿਚ ਪਰਵੇਸ਼ ਕਹਾਣੀ ਵਿਧਾ ਰਾਹੀਂ ਹੀ ਕੀਤਾ ਅਤੇ ਮੇਰੀ ਕਲਮ ਤੋਂ ਪਾਗਲ ਔਰਤ ਸਭਿਆ ਆਦਮੀ, ਆਧੁਨਿਕ ਦੰਦ ਕਥਾ, ਕਲਮ, ਸਾਬਣਦਾਨੀ, ਚੋਣਵੀਆਂ ਕਹਾਣੀਆਂ ਸੰਗ੍ਰਹਿ ਰਚੇ ਗਏ ਅਤੇ ਪ੍ਰਕਾਸ਼ਿਤ ਹੋਏ ਹਨ।

**ਸੁਆਲ-ਅਗਾਂਹਵਧੂ ਵਿਚਾਰਧਾਰਾ ਅਪਣਾਉਣ ਪਿੱਛੇ ਕੀ ਕਾਰਨ ਹੈ ?**

ਜੁਆਬ–ਅਗਾਂਹਵਧੂ ਵਿਚਾਰਧਾਰਾ ਦੇ ਦੋ ਪਹਿਲੂ ਹਨ। ਇਕ ਹੈ ਪੈਦਾਵਾਰ ਮੁਖੀ ਅਗਾਂਹਵਧੂ ਅਤੇ ਦੂਜਾ ਹੈ ਸਿਰਜਣਾ ਮੁਖੀ ਅਗਾਂਹਵਧੂ। ਪੂੰਜੀ ਆਧਾਰਿਤ ਵਿਕਸਤ ਹੋਇਆ ਪੈਦਾਵਾਰੀ ਵਿਚਾਰ ਪ੍ਰਗਤੀਸ਼ੀਲ ਕਹਾਉਂਦਾ ਹੈ। ਇਸ ਦਾ ਪ੍ਰਗਤੀਵਾਦ ਨਾਲ ਨੇੜ ਦਾ ਸਬੰਧ ਵੀ ਨਹੀਂ ਹੈ। ਇਕ ਲੁਟੇਰਾ ਪੂੰਜੀਪਤੀ ਪ੍ਰਗਤੀਸ਼ੀਲ ਹੋ ਸਕਦਾ ਹੈ, ਉਹ ਵਿਗਿਆਨਕ, ਤਰਕਸ਼ੀਲ, ਵਿਕਾਸਸ਼ੀਲ ਹੋ ਸਕਦਾ ਹੈ। ਵਿਕਾਸ ਕਰਨ ਦੇ ਇਹ ਸੰਦ ਹਨ, ਸਿਧਾਂਤ ਨਹੀਂ। ਪ੍ਰਗਤੀਵਾਦ ਸਮੇਂ ਦੀਆਂ ਸਾਮਾਜਿਕ, ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਸਥਿਤੀਆਂ ਦੀ ਤਬਦੀਲੀ ਦਾ ਸਿਧਾਂਤ ਹੈ, ਸੰਦ ਨਹੀਂ। ਮੈਂ ਉਤਪਾਦਕੀ ਵਿਕਾਸ ਵਿਚ ਵਿਸ਼ਵਾਸ ਰੱਖਣ ਵਾਲਾ ਅਗਾਂਹਵਧੂ ਹਾਂ। ਇਸ ਵਿਚਾਰਧਾਰਾ ਨੂੰ ਅਪਣਾਉਣ ਵਿਚ ਮੇਰਾ ਪਰਿਵਾਰਕ ਦੁਆਲਾ ਅਤੇ ਸਮਕਾਲੀ ਸਮਾਜ ਦੀਆਂ ਮਾਨਵ ਵਿਰੋਧੀ ਵਿਸੰਗਤੀਆਂ ਦਾ ਵੱਡਾ ਯੋਗਦਾਨ ਹੈ। ਮਾਨਵੀ ਨੈਤਿਕਤਾ ਦਾ ਨਿਘਾਰ, ਭ੍ਰਿਸ਼ਟ ਰਾਜਨੀਤੀ, ਭ੍ਰਿਸ਼ਟ ਆਰਥਿਕ ਨੀਤੀਆਂ, ਅਸਾਵੀਂ ਵਿਕਾਸ ਵਿਵਸਥਾ, ਕਿਰਤ ਦਾ ਵਿਨਾਸ਼ ਆਦਿ ਵਿਵਸਥਾਵਾਂ ਨੇ ਮੇਰੇ ਅੰਦਰ ਬਦਲਵੀਂ ਸੁਰ ਨੂੰ ਬਲ ਦਿੱਤਾ।



**ਸੁਆਲ-ਕਿਉਂ ਦਿੱਤੀ ਤੁਸੀਂ ਪ੍ਰਧਾਨਗੀ ਮੰਡਲ ਨੂੰ ਹੀ ਧਮਕੀ ?**

ਜੁਆਬ–ਪਿਛਲੇ ਮਹੀਨੇ ਭਾਸ਼ਾ–ਭਵਨ ਵਿੱਚ ਹਿੰਦੀ ਦਿਵਸ ਤੇ ਇੱਕ ਸਮਾਗਮ ਕਰਵਾਇਆ ਗਿਆ ਸੀ। ਜਿਸ ਵਿੱਚ ਮੈਨੂੰ ਪ੍ਰਧਾਨਗੀ ਮੰਡਲ ਵਿੱਚ ਇੱਕ ਮੈਂਬਰ ਦੇ ਤੌਰ 'ਤੇ ਸੱਦਾ ਦਿੱਤਾ ਗਿਆ। ਸਮਾਗਮ ਵਿੱਚ ਹਿੰਦੀ ਦੇ ਵਿਕਾਸ ਲਈ ਗੱਲਾਂ ਹੋਣੀਆਂ ਸਨ ਤੇ ਮੈਂ ਵੀ ਹਿੰਦੀ ਭਾਸ਼ਾ ਦੇ ਵਿਕਾਸ ਦੇ ਪੱਖ ਵਿੱਚ ਹਾਂ। ਮੰਜੂ ਵਾਲੀਆ ਨਾਮ ਦੀ ਮੈਡਮ ਨੇ ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਇੱਕ ਪੇਪਰ ਪੜ੍ਹਨਾ ਸੀ ਤੇ ਜਿਸ ਦਾ ਵਿਸ਼ਾ ਸੀ "ਹਿੰਦੀ ਭਾਸ਼ਾ ਅਤੇ ਉਸ ਦਾ ਸਾਹਿਤ"। ਉਨ੍ਹਾਂ ਨੇ ਪੇਪਰ ਬਿਲਕੁਲ ਇੱਕ ਮਿੱਥੇ ਪ੍ਰੋਗਰਾਮ ਦੀ ਤਰ੍ਹਾਂ ਪੜ੍ਹਿਆ, ਜਿਸ ਤਰ੍ਹਾਂ ਹੁਣ ਭਾਰਤ ਵਿੱਚ ਰਾਜ–ਸੱਤਾ ਪ੍ਰਾਪਤ ਸ਼ਕਤੀ ਕੰਮ ਕਰ ਰਹੀ ਹੈ ਤੇ ਜਿਸ ਤੇ ਆਰ.ਐੱਸ.ਐੱਸ ਭਗਵੇਂ ਸੰਗਠਨ ਦਾ ਦਬਦਬਾ ਭਾਰੂ ਹੈ। ਮੈਡਮ ਨੇ ਹਿੰਦੀ ਭਾਸ਼ਾ ਦੇ ਵਿਕਾਸ ਦੀਆਂ ਗੱਲਾਂ ਕੀਤੀਆਂ, ਜੋ ਬਹੁਤ ਚੰਗੀ ਗੱਲ ਹੈ ਪਰ ਕੁੱਝ ਗੱਲਾਂ ਵਿੱਚ ਉਨ੍ਹਾਂ ਨੇ ਕਿਹਾ ਕਿ ਜਿਹੜੀ ਭਗਤ ਬਾਣੀ ਹੈ, ਉਹ ਪੰਜਾਬੀ ਵਿੱਚੋਂ ਨਹੀਂ ਆਈ। ਫਿਰ ਚਾਹੇ ਉਹ ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ ਜਾਂ ਫਿਰ ਗੁਰੂ ਨਾਨਕ ਦੇਵ ਜੀ ਹੀ ਕਿਉਂ ਨਾ ਹੋਣ। ਦੂਜੀ ਗੱਲ ਕੀ ਇਹ ਭਗਤ ਬਾਣੀ ਲੌਕਿਕ ਨਹੀਂ ਆਲੌਕਿਕ ਹੈ, ਤੇ ਨਾਲ ਹੀ ਕਿਹਾ ਕਿ ਹਿੰਦੀ ਭਾਸ਼ਾ ਨਾਲ ਹੀ ਭਾਰਤ ਵਿੱਚ ਏਕਤਾ ਸਥਾਪਿਤ ਹੋ ਸਕਦੀ ਹੈ। ਕੁਝ ਸਰਦਾਰ ਉਰਦੂ ਦੇ ਸ਼ਾਇਰ ਵੀ ਬੈਠੇ ਸਨ ਜਿਨ੍ਹਾਂ ਦਾ ਕਹਿਣਾ ਸੀ ਕਿ ਪੰਜਾਬੀ ਗਵਾਰਾਂ ਦੀ ਤੇ ਝਗੜਾਲੂ ਭਾਸ਼ਾ ਹੈ ਤੇ ਉੱਥੇ ਹੀ ਹਿੰਦੀ ਪ੍ਰੇਮ–ਪਿਆਰ ਦੀ ਭਾਸ਼ਾ ਹੈ, ਤੇ ਉਰਦੂ ਇੱਕ ਉੱਤਮ ਸ਼ਾਇਰੀ ਦੀ ਭਾਸ਼ਾ ਹੈ। ਫਿਰ ਜਦੋਂ ਮੈਨੂੰ ਸਟੇਜ 'ਤੇ ਬੋਲਣ ਦਾ ਮੌਕਾ ਮਿਲਿਆ ਤਾਂ ਮੈਂ ਉਨ੍ਹਾਂ ਵਲੋਂ ਪੰਜਾਬੀ ਭਾਸ਼ਾ ਦੀ ਗਲਤ ਵਿਆਖਿਆ ਦੀ ਸਖ਼ਤ ਨਿੰਦਾ ਕੀਤੀ ਤੇ ਕਿਹਾ ਕਿ ਜਿਸ ਭਾਸ਼ਾ ਵਿੱਚ ਗੁਰੂ ਗ੍ਰੰਥ ਸਾਹਿਬ ਰਚਿਆ ਗਿਆ ਹੋਵੇ, ਵਾਰਿਸ਼ ਸ਼ਾਹ ਦੀ ਹੀਰ, ਬੁਲ੍ਹੇ ਸ਼ਾਹ ਦੇ ਕਾਵਿ ਤੇ ਹੋਰ ਅਣਗਿਣਤ ਕਾਵਿ ਰਚੇ ਗਏ ਹੋਣ ਉਹ ਭਾਸ਼ਾ ਝਗੜਾਲੂ ਤੇ ਗਵਾਰਾਂ ਦੀ ਭਾਸ਼ਾ ਕਿਸ ਤਰ੍ਹਾਂ ਹੋ ਸਕਦੀ ਹੈ ਤੇ ਇਸ ਵਿਸ਼ੇ ਤੇ ਤੁਹਾਨੂੰ ਆਪਣੀ ਮਾਨਸਿਕਤਾ ਠੀਕ ਕਰਨ ਦੀ ਲੋੜ ਹੈ।

**ਸੁਆਲ-ਕੀ ਹਿੰਦੀ ਭਾਸ਼ਾ ਪ੍ਰਫੁੱਲਿਤ ਹੋਣੀ ਚਾਹੀਦੀ ਹੈ ?**

ਜੁਆਬ–ਜ਼ਰੂਰ ਹਿੰਦੀ ਭਾਸ਼ਾ ਪ੍ਰਫੁੱਲਿਤ ਹੋਣੀ ਚਾਹੀਦੀ ਹੈ ਪਰ ਨਾਲ ਹੀ ਇਹ ਵੀ ਚਾਹੁੰਦਾ ਹਾਂ ਕਿ ਹਿੰਦੀ ਭਾਸ਼ਾ ਸੌਖੀ ਵੀ ਹੋਵੇ, ਕਿਉਂ ਕਿ ਮੈਂ ਹਿੰਦੀ ਭਾਸ਼ਾ ਦੀਆਂ ਬਹੁਤ ਕਿਤਾਬਾਂ ਪੜ੍ਹੀਆਂ ਹਨ ਜ਼ੋ ਬਹੁਤ ਔਖੀਆਂ ਹਨ।

**ਸੁਆਲ-ਹਿੰਦੀ ਤੇ ਪੰਜਾਬੀ ਭਾਸ਼ਾ ਦੇ ਪਾਠਕਾਂ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ ?**

ਜੁਆਬ–ਮੇਰਾ ਕਹਿਣਾ ਹੈ ਕਿ ਜ਼ੋ ਵੀ ਕੋਈ ਹਿੰਦੀ ਦਾ ਲੇਖਕ ਪੰਜਾਬ ਵਿੱਚ ਰਹਿੰਦਾ ਹੈ ਤੇ ਹਿੰਦੀ ਵਿੱਚ ਕੁੱਝ ਵੀ ਲਿਖਦਾ, ਉਸ ਦੀ ਆਪਣੀ ਹਿੰਦੀ ਰਚਨਾ ਵਿੱਚ ਪੰਜਾਬੀ ਸੱਭਿਆਚਾਰ ਦਾ ਕੁੱਝ ਕੁ ਪ੍ਰਭਾਵ ਤਾਂ ਜ਼ਰੂਰ ਝਲਕਣਾ ਚਾਹੀਦਾ ਹੈ ਕਿਉਂਕਿ ਉਹ ਪੰਜਾਬ ਵਿੱਚ ਰਹਿੰਦੇ ਹਨ। ਪਰ ਜੇਕਰ ਹਿੰਦੀ ਦੇ ਪਾਠਕ ਪੰਜਾਬ ਤੋਂ ਬਾਹਰ ਵੀ ਰਹਿੰਦੇ ਹਨ ਤਾਂ ਵੀ ਉਹਨਾ ਦੀ ਰਚਨਾ ਵਿੱਚ ਪੰਜਾਬੀ ਸੱਭਿਆਚਾਰ, ਸ਼ਬਦਾਵਲੀ, ਜਾਂ ਵਿਰਾਸਤ ਦਾ ਪ੍ਰਭਾਵ ਹੋਣਾ ਚਾਹੀਦਾ ਹੈ, ਜੇ ਪ੍ਰਭਾਵ ਨਹੀਂ ਝਲਕਦਾ ਤਾਂ ਉਹ ਝੂਠੇ ਹਨ। ਬਿਲਕੁਲ ਇਸੇ ਤਰ੍ਹਾਂ ਹੀ ਪੰਜਾਬੀ ਦੇ ਪਾਠਕ ਜਿਹੜੇ ਪੰਜਾਬ ਤੋਂ ਬਾਹਰ ਹੋਰ ਰਾਜਾਂ ਵਿੱਚ ਬੈਠ ਕੇ ਜੋ ਵੀ ਲਿਖਦੇ ਹਨ ਤੇ ਉਨ੍ਹਾਂ ਦੀ ਰਚਨਾ ਵਿੱਚ ਉਥੋਂ ਦੇ ਰਾਜ ਦੇ ਸੱਭਿਆਚਾਰ ਦੀ ਰੰਗਤ ਨਹੀਂ ਚੜ੍ਹਦੀ ਤਾਂ ਉਹ ਵੀ ਝੂਠੇ ਹਨ।

**ਸੁਆਲ-ਕੀ ਬਾਕੀ ਭਾਸ਼ਾਵਾਂ ਦੇ ਨਾਲ-ਨਾਲ ਪੰਜਾਬੀ ਵੀ ਸੰਸਕ੍ਰਿਤ ਵਿਚੋਂ ਪੈਦਾ ਹੋਈ ਹੈ ?**

ਜੁਆਬ–ਨਹੀਂ, ਸਾਰਿਆਂ ਨੂੰ ਆਪਣੇ ਦਿਮਾਗ ਵਿਚੋਂ ਇਹ ਭੁਲੇਖਾ ਕੱਢ ਦੇਣਾ ਚਾਹੀਦਾ ਕਿ ਸਾਰੀਆਂ ਖੇਤਰੀ ਭਾਸ਼ਾਵਾਂ ਚਾਹੇ ਉਹ ਪੰਜਾਬੀ ਹੀ ਕਿਉਂ ਨਾ ਹੋਵੇ ਕਿ ਇਹ ਸਾਰੀਆਂ ਖੇਤਰੀ ਭਾਸ਼ਾਵਾਂ ਸੰਸਕ੍ਰਿਤ ਭਾਸ਼ਾ ਵਿਚੋਂ ਨਿਕਲੀਆਂ ਹਨ। ਜਦ ਕਿ ਸਾਰੀਆਂ ਖੇਤਰੀ ਭਾਸ਼ਾਵਾਂ ਪ੍ਰਾਕ੍ਰਿਤਾਂ ਦਾ ਸੋਧਿਆ ਹੋਇਆ ਰੂਪ ਹੈ। ਇਸ ਵਿਚ ਬਹੁਤ ਉੱਤਮ ਕਿਸਮ ਦਾ ਸਾਹਿਤ ਰਚਿਆ ਗਿਆ। ਸੰਸਕ੍ਰਿਤ ਭਾਸ਼ਾ ਦੁਨੀਆ ਦੇ ਕਿਸੇ ਵੀ ਖੇਤਰ ਵਿੱਚ ਨਹੀਂ ਬੋਲੀ ਜਾਂਦੀ।

**ਸੁਆਲ-ਹਿੰਦੀ ਭਾਸ਼ਾ ਬਾਕੀ ਰਾਜਾਂ ਦੇ ਮੁਕਾਬਲੇ ਪੰਜਾਬ ਵਿਚ ਜ਼ਿਆਦਾ ਪ੍ਰਭਾਵਿਤ ਕਿਉਂ ?**

ਜੁਆਬ–ਇਸ ਦਾ ਕਾਰਨ ਇਹ ਹੈ ਕਿ ਸਾਡੀ ਪੰਜਾਬ ਦੀ ਸਿਆਸੀ ਪਾਰਟੀ ਅਕਾਲੀ ਦਲ ਦਾ ਰਾਸ਼ਟਰੀ ਰਾਜਨੀਤਿਕ ਪਾਰਟੀ ਭਾਜਪਾ ਦਾ ਆਪਸੀ ਗਠਜੋੜ ਦਾ ਹੋਣਾ ਹੈ। ਬਾਕੀ ਰਾਜਾਂ ਨੇ ਭਾਜਪਾ ਨਾਲ ਗਠਜੋੜ ਹੋਣ ਦੇ ਬਾਵਜੂਦ ਹਿੰਦੀ ਭਾਸ਼ਾ ਦੇ ਮੁਕਾਬਲੇ ਆਪਣੀ ਖੇਤਰੀ ਭਾਸ਼ਾ ਨੂੰ ਮਹੱਤਵ ਦਿੱਤਾ ਹੈ, ਜਦਕਿ ਸਾਡੇ ਰਾਜਨੀਤਿਕ ਦਲ ਨਿਰਪੱਖ ਹੋ ਕੇ ਪੰਜਾਬੀ ਭਾਸ਼ਾ ਦੇ ਹੱਕ ਵਿੱਚ ਨਹੀਂ ਨਿੱਤਰੇ। ਇਸ ਸਬੰਧ ਵਿੱਚ ਮੈਂ ਇੱਕ ਵਾਰ ਕੈਪਟਨ ਸਾਹਿਬ ਨੂੰ ਵੀ ਮਿਲਿਆ ਜਦੋਂ ਉਹ ਮੌਜੂਦਾ ਮੁੱਖ ਮੰਤਰੀ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਪੰਜਾਬ ਦਿਵਸ ਕਿਉਂ ਨਹੀਂ ਮਨਾਉਂਦੇ ਤਾਂ ਇਸ ਤੇ ਉਨ੍ਹਾਂ ਨੇ ਕਿਹਾ ਕਿ ਇਹ ਤਾ ਕਾਲਾ ਦਿਵਸ ਹੈ ਤੇ ਅਸੀਂ ਮਾਂ–ਬੋਲੀ ਦੇ ਪੱਖ ਵਿੱਚ ਹਾਂ, ਨਾ ਕਿ ਪੰਜਾਬ ਸੂਬੇ ਦੇ ਪੱਖ ਵਿੱਚ।

**ਸੁਆਲ-ਪੰਜਾਬ ਦੇ ਨਾਮੀ ਲੇਖਕਾਂ ਵੱਲੋਂ ਪੰਜਾਬੀ ਭਾਸ਼ਾ ਦੇ ਪੱਖ ਵਿੱਚ ਹਾਅ ਦਾ ਨਾਅਰਾ ਕਿਉਂ ਨਹੀਂ ਤੇ ਪੰਜਾਬੀ ਬਾਕੀ ਭਾਸ਼ਾਵਾਂ ਦੇ ਮੁਕਾਬਲੇ ਕਮਜ਼ੋਰ ਕਿਉਂ ?**

ਜੁਆਬ–ਇਹ ਬੜੀ ਦੁਖਦਾਈ ਗੱਲ ਹੈ ਕਿ ਅੱਜ ਸਾਰੇ ਲੇਖਕ ਤੇ ਕਲਾਕਾਰ ਸਿਰਜਣਾ ਦੀ ਬਿਜਾਏ ਉਤਪਾਦਕ ਵੱਲ ਤੁਰ ਪਏ ਹਨ। ਕੋਈ ਵੀ ਪੰਜਾਬੀ ਭਾਸ਼ਾ ਦੇ ਹੱਕ ਵਿੱਚ ਨਿੱਤਰ ਕੇ ਸਾਹਮਣੇ ਨਹੀਂ ਆਉਂਦਾ, ਅੱਜ ਸਾਰੇ ਆਪਣੀ ਭਾਸ਼ਾ ਨੂੰ ਭੁੱਲ ਕੇ ਸਿਰਫ ਆਪਣੇ ਵਪਾਰ ਬਾਰੇ ਸੋਚਣ ਲੱਗੇ ਹਨ। ਇਹ ਸਿਰਫ ਕਿਹਾ ਜਾਂਦਾ ਕਿ ਪੰਜਾਬ ਦੀ ਸਿੱਖਿਆ ਨੀਤੀ ਸਾਡੀ ਰਾਜ ਸਰਕਾਰ ਬਣਾਉਂਦੀ ਹੈ ਪਰ ਨਹੀਂ ਇਹ ਨੀਤੀ ਕੇਂਦਰ ਸਰਕਾਰ ਦਾ ਸਿੱਖਿਆ ਮੰਤਰਾਲਾ ਨਿਰਧਾਰਤ ਕਰਦਾ ਹੈ। ਇਸ ਲਈ ਕੇਂਦਰ ਸਰਕਾਰ ਸਾਡੇ ਸਿੱਖਿਆ ਖੇਤਰ ਵਿੱਚ ਸਿੱਧੇ ਤੌਰ ਤੇ ਦਖਲ ਦਿੰਦੀ ਆਈ ਹੈ।

**ਸੁਆਲ-ਤੁਹਾਡੇ ਵੱਲੋਂ ਕੀਤੇ ਵਿਰੋਧ ਦਾ ਕਿਸੇ ਹੋਰ ਮੈਂਬਰ ਸਾਹਿਬਾਨ ਨੇ ਸਮਰਥਨ ਕੀਤਾ ?**

ਜੁਆਬ–ਜੀ ਨਹੀਂ, ਮੇਰਾ ਸਮਰਥਨ ਕਿਸੇ ਨੇ ਨਹੀਂ ਕੀਤਾ। ਸਾਰੇ ਹੀ ਅਸਿੱਧੇ ਤੌਰ ਤੇ ਆਰ.ਆਰ.ਐੱਸ ਨਾਲ ਜੁੜੇ ਹੋਏ ਹਨ, ਤੇ ਹਿੰਦੀ ਭਾਸ਼ਾ ਨੂੰ ਪੰਜਾਬ ਵਿੱਚ ਪ੍ਰਫੁੱਲਿਤ ਕਰਨਾ ਚਾਹੁੰਦੇ ਹਨ। ਉਨ੍ਹਾਂ ਅਨੁਸਾਰ ਭਾਰਤ ਦੀ ਇਕੋ ਇੱਕ ਭਾਸ਼ਾ ਹਿੰਦੀ ਹੈ।

**ਸੁਆਲ-ਗੁਰਦਾਸ ਮਾਨ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ ?**

ਜੁਆਬ–ਬੜੀ ਦੁੱਖ ਵਾਲੀ ਗੱਲ ਹੈ ਕਿ ਗੁਰਦਾਸ ਮਾਨ ਨੇ ਪੰਜਾਬੀ ਭਾਸ਼ਾ ਨੂੰ ਭੁੱਲ ਕੇ ਪੈਸੇ ਦੇ ਲਾਲਚ ਵੱਸ ਹੋ ਕੇ ਹਿੰਦੀ ਭਾਸ਼ਾ ਨੂੰ ਮਹੱਤਵ ਦਿੱਤਾ। ਗੁਰਦਾਸ ਮਾਨ ਨੇ ਕੈਨੇਡਾ ਵਿੱਚ ਹੋਏ ਆਪਣੇ ਇੱਕ ਪ੍ਰੋਗਰਾਮ ਵਿੱਚ ਇੰਨੇ ਗਲਤ ਸ਼ਬਦ ਵਰਤੇ ਹਨ ਜਿਨ੍ਹਾਂ ਨੂੰ ਬਿਆਨ ਕਰਨਾ ਮੁਸ਼ਕਿਲ ਹੈ। ਇਸ ਸਭ 'ਤੇ ਗੁਰਦਾਸ ਮਾਨ ਨੂੰ ਸ਼ਰਮ ਆਉਣੀ ਚਾਹੀਦੀ ਹੈ। ਜਿਸ ਬੋਲੀ ਨੇ ਸਾਨੂੰ ਇੱਜ਼ਤ, ਪੈਸਾ ਤੇ ਰੁਤਬਾ ਦਿੱਤਾ ਹੈ, ਉਸ ਬੋਲੀ ਨੂੰ ਕਦੇ ਭੁਲਣਾ ਨਹੀਂ ਚਾਹੀਦਾ।


When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568

GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਬੰਦਾ ਬਹਾਦਰ ਦੇ ਜਨਮ ਉਤਸਵ ਮੌਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਦਾ ਸੰਦੇਸ਼

**ਲੁਧਿਆਣਾ / ਏ.ਟੀ. ਨਿਊਜ਼**



ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਯੋਧੇ, ਜਰਨੈਲ ਸ਼੍ਰੋਮਣੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ 349ਵਾਂ ਜਨਮ ਉਤਸਵ ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਵਲੋਂ ਰਕਬਾ ਭਵਨ ਵਿਖੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਰਵਿੰਦਰ ਨੰਦੀ, ਪ੍ਰਿੰ. ਬਲਦੇਵ ਬਾਵਾ, ਕਰਨੈਲ ਸਿੰਘ ਗਿੱਲ ਅਤੇ ਸੁਰਜੀਤ ਸਿੰਘ ਮਾਣਕੀ ਦੀ ਸਰਪ੍ਰਸਤੀ ਹੇਠ ਮਨਾਇਆ ਗਿਆ। ਇਸ ਸਮੇਂ ਵਿਜੇ ਇੰਦਰ ਸਿੰਗਲਾ ਸਿੱਖਿਆ ਅਤੇ ਪੀ.ਡਬਲਿਊ.ਡੀ. ਮੰਤਰੀ, ਕਾਂਗਰਸ ਪਾਰਟੀ ਦੇ ਦਾਖਾ ਹਲਕੇ ਦੇ ਉਮੀਦਵਾਰ ਕੈਪਟਨ ਸੰਦੀਪ ਸਿੰਘ ਸੰਧੂ, ਪਵਨ ਆਧਿਆ ਵਿਧਾਇਕ, ਮਲਕੀਤ ਸਿੰਘ ਦਾਖਾ, ਹਰਬੰਤ ਸਿੰਘ ਦਿਓਲ ਹੈਪੀ, ਗੁਰਦੇਵ ਸਿੰਘ ਲਾਪਰਾਂ ਅਤੇ ਸੰਤ ਬਲਬੀਰ ਸਿੰਘ ਲੰਮੇ ਜੱਟਪੁਰੇ ਵਾਲੇ ਵੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਸਮੇਂ 9 ਕਿਸਾਨਾਂ ਭੁਪਿੰਦਰ ਸਿੰਘ ਸਿੱਧੂ, ਜਿੰਦਰ ਸਿੰਘ ਰਕਬਾ, ਜਸਵਿੰਦਰ ਸਿੰਘ ਮਲਕਪੁਰ, ਹਰਦੀਪ ਸਿੰਘ, ਗੁਰਪ੍ਰੀਤ ਸਿੰਘ ਮੁੱਲਾਂਪੁਰ, ਗੁਰਮੀਤ ਸਿੰਘ ਚਾਹਲ, ਦਾਰਾ ਦਾਸ ਬਾਵਾ, ਨਿਰਮਲ ਸਿੰਘ ਪੰਡੋਰੀ, ਮੰਗਲ ਦਾਸ ਧੌਲਾ, ਕੈਪਟਨ ਬਲਵੀਰ ਸਿੰਘ ਫਿਰੋਜ਼ਪੁਰ ਅਤੇ ਜਸਵੰਤ ਸਿੰਘ ਨੂੰ ਬਾਬਾ ਬੰਦਾ ਸਿੰਘ ਬਹਾਦਰ ਯਾਦਗਾਰੀ ਪੁਰਸਕਾਰ ਭੇਟ ਕੀਤਾ ਗਿਆ। ਦੋ ਲੋੜਵੰਦਾਂ ਸੋਹਣ ਲਾਲ ਅਤੇ ਗੁਰਦੇਵ ਕੌਰ ਨੂੰ ਟਰਾਈਸਾਈਕਲ ਵੀ ਭੇਟ ਕੀਤੇ ਗਏ। ਸੋਨੇ ਦਾ ਤਮਗਾ ਜੇਤੂ ਰੀਤੂ ਸਵਾਮੀ ਅਤੇ ਅੰਗਹੀਣ ਬੱਚਿਆਂ ਦੀ ਸੇਵਾ ਕਰਨ ਵਾਲੀ ਗੁਰਪ੍ਰੀਤ ਕੌਰ ਸਾਹਨੇਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਨਿਰਮਲ ਸਿੰਘ ਸੈਂਬੀ ਨੂੰ ਅਮਰੀਕਾ ਦਾ ਫਾਊਂਡੇਸ਼ਨ ਦਾ ਸਰਪ੍ਰਸਤ ਅਤੇ ਪ੍ਰਿਤਪਾਲ ਕੌਰ ਉਦਾਸੀ ਨੂੰ ਮਹਿਲਾ ਵਿੰਗ ਦੀ ਕਨਵੀਨਰ ਨਿਯੁਕਤ ਕੀਤਾ ਗਿਆ। ਇਸ ਸਮੇਂ ਸ੍ਰੀ ਸਿੰਗਲਾ ਨੇ ਸ੍ਰੀ ਬਾਵਾ ਵਲੋਂ ਬਾਬਾ ਬੰਦਾ ਬਹਾਦਰ ਜੀ ਦਾ ਜੀਵਨ ਬੱਚਿਆਂ ਦੀ ਪਾਠ ਪੁਸਤਕਾਂ ਵਿਚ ਸ਼ਾਮਲ ਕਰਨ ਦੀ ਅਪੀਲ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬਾਬਾ ਜੀ ਦਾ ਵਿਸਥਾਰਪੂਰਬਕ ਜੀਵਨ ਲਿਖ ਕੇ ਦਿੱਤਾ ਜਾਵੇ, ਅਸੀਂ ਉਸ ਦਾ ਅਧਿਐਨ ਕਰਕੇ ਬੱਚਿਆਂ ਦੇ ਸਿਲੇਬਸ ਵਿਚ ਸ਼ਾਮਲ ਕਰਾਂਗੇ। ਸ੍ਰੀ ਬਾਵਾ ਅਤੇ ਦਾਖਾ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ 3 ਸਤੰਬਰ, 1708 ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨਾਲ ਮਿਲਾਪ ਤੋਂ ਬਾਅਦ ਜਿਸ ਰਸਤੇ ਬਾਬਾ ਬੰਦਾ ਸਿੰਘ ਬਹਾਦਰ ਚੱਪੜਚਿੜੀ ਦੇ ਮੈਦਾਨ ਤੱਕ ਪਹੁੰਚ ਕੇ ਜਿੱਤ ਪ੍ਰਾਪਤ ਕੀਤੀ, ਉਸ ਰਸਤੇ ਦਾ ਨਾਮ ਬਾਬਾ ਬੰਦਾ ਸਿੰਘ ਬਹਾਦਰ ਮਾਰਗ ਰੱਖਿਆ ਜਾਵੇ। ਇਸ ਸਮੇਂ ਭੋਜ ਰਾਜ, ਦਵਿੰਦਰ ਸਿੰਘ ਰਕਬਾ, ਜਰਨੈਲ ਸਿੰਘ ਤੂਰ, ਬਿਕਰਮਜੀਤ ਸਿੰਘ ਰੌਣੀ, ਸਰਪੰਚ ਜਗਦੀਸ਼ ਜੱਗੀ, ਗੁਰਮੀਤ ਸਿੰਘ, ਗੁਰਮੇਲ ਸਿੰਘ, ਦਵਿੰਦਰ ਸਿੰਘ, ਗੁਰਚਰਨ ਸਿੰਘ, ਭਗਵਾਨ ਦਾਸ ਬਾਵਾ, ਸ਼ਾਮ ਸੁੰਦਰ, ਕੈਪਟਨ ਸੁਖਦੇਵ ਸਿੰਘ, ਕੈਪਟਨ ਬਲਵਿੰਦਰ ਸਿੰਘ, ਰਵੀ ਮਹੰਤ, ਜਗਦੀਸ਼ ਬਾਵਾ, ਕੌਂਸਲਰ ਬਰਜਿੰਦਰ ਕੌਰ ਆਦਿ ਹਾਜ਼ਰ ਸਨ।

## ਖ਼ਾਲਸਾ ਕੇਅਰ ਫਾਊਂਡੇਸ਼ਨ ਵਿਖੇ ਸਿਹਤ ਜਾਂਚ ਕੈਂਪ

**ਪੈਕੋਇਮਾ/ਏ.ਟੀ. ਨਿਊਜ਼** : ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਲਾਸ ਏਂਜਲਸ ਦੇ ਵਿਦਿਆਰਥੀਆਂ ਨੇ ਭਗਤ ਪੂਰਨ ਸਿੰਘ ਹੈਲਥ ਇਨੀਸ਼ੀਏਟਿਵ ਦੇ ਸਹਿਯੋਗ ਨਾਲ ਖ਼ਾਲਸਾ ਕੇਅਰ ਫਾਊਂਡੇਸ਼ਨ ਵਿਖੇ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ। ਇਸ ਕੈਂਪ ਦੌਰਾਨ ਐਤਵਾਰ ਫਾਊਂਡੇਸ਼ਨ ਵਿਖੇ ਆਉਣ ਵਾਲੀ ਸੰਗਤ ਦੀ ਸਿਹਤ ਦੀ ਜਾਂਚ ਕੀਤੀ ਗਈ ਅਤੇ ਯੂਨੀਵਰਸਿਟੀ ਦੇ ਸਿਖਲਾਈ ਯਾਫ਼ਤਾ ਵਿਦਿਆਰਥੀਆਂ ਨੇ ਵੱਖ ਵੱਖ ਟੈਸਟ ਲਏ। ਸੰਗਤ ਵਿਚ ਸ਼ਾਮਲ ਕੁਝ ਬਜ਼ੁਰਗਾਂ ਨੇ ਆਪਣੀ ਸਿਹਤ ਬਾਰੇ ਸੁਆਲ ਪੁੱਛੇ। ਇਹ ਗੱਲਬਾਤ ਬੜੇ ਹੀ ਸੁਖਾਵੇਂ ਮਾਹੌਲ ਵਿਚ ਹੋਈ। ਵਿਦਿਆਰਥੀ ਪੰਜਾਬ ਵਿਚ ਗੱਲਬਾਤ ਕਰ ਰਹੇ ਸਨ, ਇਸ ਲਈ ਬਜ਼ੁਰਗਾਂ ਨੂੰ ਆਪਣੀਆਂ ਮੁਸ਼ਕਲਾਂ ਦੱਸਣ ਵਿਚ ਅਸਾਨੀ ਰਹੀ। ਭਗਤ ਪੂਰਨ ਸਿੰਘ ਹੈਲਥ ਇਨੀਸ਼ੀਏਟਿਵ ਦੇ ਮੈਂਬਰਾਂ ਨੇ ਇਸ ਦੇ ਪ੍ਰਧਾਨ ਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਟੈਸਟ ਕੀਤੇ ਅਤੇ ਖ਼ੂਨ ਦੇ ਨਮੂਨੇ ਲਏ। ਲੈਬਜ਼ ਅਤੇ ਜੈਫ਼ਰੀਨ ਵਲੋਂ ਬਲੱਡ ਪ੍ਰੈਸ਼ਰ ਚੈਕ ਕੀਤਾ ਗਿਆ। ਖ਼ਾਲਸਾ ਕੇਅਰ ਫਾਊਂਡੇਸ਼ਨ ਵਲੋਂ ਸਮੇਂ ਸਮੇਂ ਸਿਹਤ ਦੀ ਜਾਂਚ ਕੀਤੀ ਜਾਂਦੀ ਹੈ।

*ਮਾਮਲਾ ਲੰਗਾਹ ਦੀ ਮਾਫੀ ਦਾ*

## ਸੰਗਤ ਨੇ ਜਥੇਦਾਰ ਨੂੰ ਕੀਤੀ ਅਪੀਲ ਮਾਮਲਾ ਨਾ ਵਿਚਾਰਿਆ ਜਾਵੇ

ਚੰਡੀਗੜ੍ਹ/ਏ.ਟੀ. ਨਿਊਜ਼ : ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਸ਼੍ਰੋਮਣੀ ਅਕਾਲੀ ਦਲ ਦੀਆਂ ਮੁੜ ਮੁਸ਼ਕਲਾਂ ਵਧਾ ਸਕਦਾ ਹੈ। ਚਰਚਾ ਹੈ ਕਿ ਲੰਗਾਹ ਨੂੰ ਅਕਾਲ ਤਖ਼ਤ ਸਾਹਿਬ ਤੋਂ ਮਾਫੀ ਦੇ ਕੇ ਪੰਥ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ। ਇਹ ਕਾਰਵਾਈ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੀ ਆਮਦ ਮੌਕੇ ਅਕਾਲ ਤਖ਼ਤ ਵੱਲੋਂ ਪੰਥ ਵਿੱਚੋਂ ਛੇਕੇ ਵਿਅਕਤੀਆਂ ਨੂੰ ਖ਼ਿਮਾ ਯਾਚਨਾ ਕਰਨ 'ਤੇ ਮੁਆਫ਼ੀ ਦੇਣ ਦੀ ਤਜਵੀਜ਼ ਵਿਚਾਰ ਅਧੀਨ ਕੀਤੀ ਜਾ ਰਹੀ ਹੈ। ਬੇਸ਼ੱਕ ਇਹ ਐਲਾਨ ਸਮੂਹ ਲਈ ਹੈ ਪਰ ਚਰਚਾ ਹੈ ਕਿ ਇਸ ਜ਼ਰੀਏ ਅਕਾਲੀ ਦਲ ਨਾਲ ਜੁੜੇ ਲੀਡਰਾਂ ਨੂੰ ਹੀ ਮੁਆਫੀ ਦਵਾਈ ਜਾ ਰਹੀ ਹੈ। ਲੰਗਾਹ ਨੇ ਇਸ ਬਾਰੇ ਅਕਾਲ ਤਖ਼ਤ ਸਾਹਿਬ ਨੂੰ ਪੱਤਰ ਵੀ ਲਿਖ ਦਿੱਤਾ ਹੈ। ਦੂਜੇ ਪਾਸੇ ਇਸ ਸੰਭਾਵੀ ਮਾਫੀ ਨੂੰ ਲੈ ਕੇ ਸਿੱਖਾਂ ਵਿੱਚ ਰੋਸ ਵਧ ਗਿਆ ਹੈ।



ਲੰਘੇ ਦਿਨ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਨੇੜੇ ਸਿੱਖ ਸੰਗਤ ਵੱਲੋਂ ਲੰਗਾਹ ਨੂੰ ਮੁਆਫ਼ੀ ਦਿੱਤੇ ਜਾਣ ਦੀ ਸੰਭਾਵਨਾ ਦਾ ਸਖ਼ਤ ਵਿਰੋਧ ਕੀਤਾ ਗਿਆ। ਗੁਰਦਾਸਪੁਰ ਜ਼ਿਲ੍ਹੇ ਨਾਲ ਸਬੰਧਤ ਵੱਡੀ ਗਿਣਤੀ ਸਿੱਖ ਸੰਗਤ ਸ੍ਰੀ ਅਕਾਲ ਤਖ਼ਤ ਸਕੱਤਰੇਤ ਵਿਖੇ ਪੁੱਜ ਕੇ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਂ ਪੱਤਰ ਸੌਂਪਿਆ ਗਿਆ। ਪੱਤਰ ਵਿੱਚ ਉਨ੍ਹਾਂ ਅਪੀਲ ਕੀਤੀ ਹੈ ਕਿ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਨੂੰ ਬੱਜਰ ਕੁਰਹਿਤ ਤਹਿਤ ਪੰਥ ਵਿੱਚੋਂ ਛੇਕਣ ਦੀ ਲਾਈ ਸਜ਼ਾ ਨੂੰ ਮੁਆਫ਼ ਨਾ ਕੀਤਾ ਜਾਵੇ। ਉਨ੍ਹਾਂ ਆਖਿਆ ਕਿ ਇਸ ਵਿਅਕਤੀ ਨੇ ਧਾਰਮਿਕ ਰੁਤਬੇ 'ਤੇ ਹੁੰਦਿਆਂ 'ਪਰ ਇਸਤਰੀ ਭੋਗ' ਜਿਹੀ ਬੱਜਰ ਕੁਰਹਿਤ ਕਰਕੇ ਸਮੁੱਚੀ ਸਿੱਖ ਕੌਮ ਨੂੰ ਸੰਸਾਰ ਭਰ ਵਿਚ ਸ਼ਰਮਿੰਦਾ ਕੀਤਾ ਹੈ। ਉਨ੍ਹਾਂ ਆਖਿਆ ਕਿ ਰਾਮ ਰਾਏ, ਧੀਰ ਮੱਲੀਏ ਤੇ ਡੇਰਾ ਸਿਰਸਾ ਵਾਂਗ ਇਸ ਨੂੰ ਵੀ ਮਿਸਾਲੀ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਨੇ ਪੰਜ ਸਿੰਘ ਸਾਹਿਬਾਨ ਨੂੰ ਅਪੀਲ ਕੀਤੀ ਹੈ ਕਿ ਇਸ ਸਬੰਧੀ ਕੋਈ ਵੀ ਫੈਸਲਾ ਕਰਨ ਤੋਂ ਪਹਿਲਾਂ ਸੋਸ਼ਲ ਮੀਡੀਆ ਉੱਤੇ ਇਸ ਸਬੰਧੀ ਵਾਇਰਲ ਵੀਡਿਓ ਨੂੰ ਜ਼ਰੂਰ ਦੇਖਣ।

ਪ੍ਰਦਰਸ਼ਨਕਾਰੀਆਂ ਨੇ ਕਾਲੇ ਚੋਲੇ ਪਾਏ ਹੋਏ ਸਨ ਤੇ ਕਾਲੀਆਂ ਪੱਟੀਆਂ ਵੀ ਬੰਨ੍ਹੀਆਂ ਹੋਈਆਂ ਸਨ। ਹੱਥਾਂ ਵਿੱਚ ਤਖਤੀਆਂ ਚੁੱਕੀਆਂ ਹੋਈਆਂ ਸਨ, ਜਿਸ ਉਪਰ ਵੱਖ ਵੱਖ ਤਰ੍ਹਾਂ ਦੇ ਨਾਅਰੇ ਲਿਖੇ ਹੋਏ ਸਨ। ਮਿਲੇ ਵੇਰਵਿਆਂ ਮੁਤਾਬਕ ਲੰਗਾਹ ਵਾਂਗ ਚੀਫ ਖਾਲਸਾ ਦੀਵਾਨ ਦੇ ਸਾਬਕਾ ਪ੍ਰਧਾਨ ਚਰਨਜੀਤ ਸਿੰਘ ਚੱਢਾ ਨੂੰ ਵੀ ਮੁਆਫ਼ੀ ਦਿੱਤੇ ਜਾਣ ਦੀ ਸੰਭਾਵਨਾ ਦਾ ਵਿਰੋਧ ਹੋ ਚੁੱਕਾ ਹੈ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

Call for more Info:

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

### ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨਾਲ ਅਹਿਮ ਗੱਲਬਾਤ

# ਬੇਅਦਬੀ ਦੇ ਦੋਸ਼ੀਆਂ ਨੂੰ ਬਾਦਲ ਪਰਿਵਾਰ ਨੇ ਦਿੱਤੀ ਹੈ ਸ਼ਰਨ

## ਗਿਆਨੀ ਹਰਪ੍ਰੀਤ ਸਿੰਘ ਬਾਕੀ ਜਥੇਦਾਰਾਂ ਵਾਂਗ ਆਪਣਾ ਅਹੁਦਾ ਬਚਾਏਗਾ, ਨਾ ਕਿ ਪੰਥ ਹਿੱਤ ਵਿਚ ਫੈਸਲੇ ਲਵੇਗਾ

**ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਰਣਜੀਤ ਸਿੰਘ ਨੇ ਬਾਦਲ ਪਰਿਵਾਰ 'ਤੇ ਬੜੇ ਹੀ ਗੰਭੀਰ ਇਲਜ਼ਾਮ ਲਾਏ ਹਨ। ਜਦੋਂ ਭਾਈ ਰਣਜੀਤ ਸਿੰਘ ਨੂੰ ਸਵਾਲ ਕੀਤਾ ਗਿਆ ਤਾਂ ਉਨ੍ਹਾਂ ਨੇ ਹੋਰਨਾਂ ਦੋਸ਼ਾਂ ਤੋਂ ਇਲਾਵਾ ਕਿਹਾ ਕਿ ਬਾਦਲ ਪਰਿਵਾਰ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਸ਼ਰਨ ਦਿੱਤੀ ਗਈ ਹੈ। ਯਾਦ ਰਹੇ ਕਿ ਗਿਆਨੀ ਹਰਪ੍ਰੀਤ ਸਿੰਘ ਹੁਰਾਂ ਨੇ ਹੁਣੇ ਜਿਹੇ ਆਰ ਐਸ ਐਸ ਦੇ ਮੁਖੀ ਭਾਗਵਤ 'ਤੇ ਸਖ਼ਤ ਟਿੱਪਣੀ ਕੀਤੀ ਹੈ ਕਿ ਉਸ ਨੇ ਸਾਰੇ ਭਾਰਤੀ ਕੌਮਾਂ ਨੂੰ ਹਿੰਦੂਤਵੀ ਆਖ ਕੇ ਕੌਮਾਂ ਦਾ ਅਪਮਾਨ ਕੀਤਾ ਹੈ ਤੇ ਸਮਾਜ ਨੂੰ ਹਿੰਸਾ ਵਲ ਤੋਰਿਆ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਸਿੱਖ ਹਿੰਦੂਤਵ ਦਾ ਭਾਗ ਨਹੀਂ ਹਨ। ਇਨ੍ਹਾਂ ਦੀ ਅਲੱਗ ਪਛਾਣ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਅਕਾਲ ਤਖ਼ਤ ਸਾਹਿਬ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ ਤਾਂ ਜੋ ਅਕਾਲ ਤਖ਼ਤ ਦਾ ਜਥੇਦਾਰ ਠੋਸ ਫੈਸਲੇ ਲੈ ਸਕੇ। ਇਸ ਬਾਰੇ ਭਾਈ ਰਣਜੀਤ ਸਿੰਘ ਦਾ ਕਹਿਣਾ ਹੈ ਕਿ ਬਾਦਲਾਂ ਦੇ ਲਿਫਾਫੇ ਵਿਚੋਂ ਨਿਕਲਿਆ ਜਥੇਦਾਰ ਪੰਥ ਦੇ ਫੈਸਲੇ ਲੈਣ ਦੇ ਸਮਰੱਥ ਨਹੀਂ। ਇਹ ਸਭ ਬਾਦਲਾਂ ਦੀ ਕੂੜ ਸਿਆਸਤ ਹੈ। ਉਨ੍ਹਾਂ ਨਾਲ ਗੱਲਬਾਤ ਦੇ ਕੁਝ ਅੰਸ਼ ਪਾਠਕਾਂ ਦੇ ਲਈ ਪੇਸ਼ ਕੀਤੇ ਜਾ ਰਹੇ ਹਨ- ਸੰਪਾਦਕ**

**ਸੁਆਲ-ਗਿਆਨੀ ਹਰਪ੍ਰੀਤ ਸਿੰਘ ਵੱਲੋਂ ਆਰ ਆਰ ਐੱਸ 'ਤੇ ਪਾਬੰਦੀ ਲਗਾਉਣ ਦੀ ਗੱਲ 'ਤੇ ਤੁਹਾਡੀ ਕੀ ਰਾਏ ਹੈ ?**

ਜੁਆਬ-ਆਰ ਆਰ ਐੱਸ ਮੁੱਖੀ ਮੋਹਨ ਭਾਗਵਤ ਦਾ ਬਿਆਨ ਕਿ ਭਾਰਤ ਇੱਕ ਹਿੰਦੂ ਰਾਸ਼ਟਰ ਹੈ, ਇਹ ਬਿਆਨ ਅਕਾਲ ਤਖਤ ਦੇ ਮੌਜੂਦਾ ਮੁਖੀ ਦੇ ਹੁਣ ਵਾਲੇ ਬਿਆਨ ਤੋਂ ਪਹਿਲਾਂ ਆਇਆ ਸੀ। ਗਿਆਨੀ ਹਰਪ੍ਰੀਤ ਸਿੰਘ ਵੱਲੋਂ ਇਸ 'ਤੇ ਦਿੱਤਾ ਬਿਆਨ ਕਿ ਆਰ ਆਰ ਐੱਸ ਇੱਕ ਖਤਰਨਾਕ ਜਮਾਤ ਹੈ। ਜਿਹੜੀ ਕਿ ਘੱਟ ਗਿਣਤੀ ਤੇ ਦਲਿਤਾਂ ਲਈ ਬਹੁਤ ਨੁਕਸਾਨਦਾਇਕ ਹੈ ਤੇ ਇਸ 'ਤੇ ਬੈਨ ਲੱਗਣਾ ਚਾਹੀਦਾ ਹੈ। ਦਰਅਸਲ ਗਿਆਨੀ ਹਰਪ੍ਰੀਤ ਸਿੰਘ ਦਾ ਇਹ ਬਿਆਨ ਇੱਕ ਰਾਜਸੀ ਬਿਆਨ ਸੀ, ਜਿਸ ਨੂੰ ਉਨ੍ਹਾਂ ਨੇ ਬਾਦਲ ਪਰਿਵਾਰ ਦੇ ਕਹਿਣ ਤੇ ਦਿੱਤਾ ਹੈ ਤਾਂ ਜੋ ਆਰ ਐਸ ਐਸ ਤੇ ਭਾਜਪਾ ਨੂੰ ਅਕਾਲ ਤਖ਼ਤ ਸਾਹਿਬ ਰਾਹੀਂ ਡਰਾਵਾ ਦਿੱਤਾ ਜਾ ਸਕੇ ਤੇ ਆਪਣੇ ਸਿਆਸੀ ਹਿੱਤ ਪੂਰੇ ਕੀਤੇ ਜਾ ਸਕਣ। ਕੀ ਗਿਆਨੀ ਹਰਪ੍ਰੀਤ ਸਿੰਘ ਭਲੀਭਾਂਤੀ ਨਹੀਂ ਜਾਣਦੇ ਕਿ ਆਰ ਆਰ ਐੱਸ ਤੇ ਬਾਦਲ ਪਰਿਵਾਰ ਆਪਸ ਵਿੱਚ ਮਿਲੇ ਹੋਏ ਹਨ। ਸਿੱਖ ਜੱਥੇਦਾਰ ਤੇ ਅਕਾਲ ਤਖਤ ਨੂੰ ਆਪਣੇ ਸਾਰੇ ਫੈਸਲੇ ਸਿੱਖ ਕੌਮ ਨੂੰ ਧਿਆਨ ਵਿੱਚ ਰੱਖ ਕੇ ਲੈਣੇ ਚਾਹੀਦੇ ਹਨ, ਨਾ ਕਿ ਬਾਦਲ ਪਰਿਵਾਰ ਨੂੰ। ਬਾਦਲ ਪਰਿਵਾਰ ਨੇ ਪੂਰੀ ਸਿੱਖ ਕੌਮ ਨੂੰ ਆਰ ਆਰ ਐੱਸ ਕੋਲ ਗਿਰਵੀ ਰੱਖਿਆ ਹੋਇਆ ਹੈ। ਬਾਦਲ ਪਰਿਵਾਰ ਆਪ ਤਾਂ ਰਾਜ-ਪਾਟ ਭੋਗ ਰਿਹਾ ਹੈ, ਤੇ ਨਾਲ ਹੀ ਆਪਣੇ ਜਾਤੀ ਲਾਲਚ ਤੇ ਰਾਜਨੀਤਿਕ ਲਾਭ ਲਈ ਲੰਮੇ ਸਮੇਂ ਤੋਂ ਅਕਾਲ ਤਖਤ ਵਰਗੀ ਧਾਰਮਿਕ ਸੰਸਥਾ ਨੂੰ ਵਰਤਦਾ ਆਇਆ ਹੈ। ਅਸਲ ਵਿੱਚ ਬਾਦਲ ਪਰਿਵਾਰ ਅਕਾਲ ਤਖਤ ਰਾਹੀਂ ਆਰ ਆਰ ਐੱਸ ਨੂੰ ਘੁਰਕੀਆਂ ਦਿਖਾ ਰਿਹਾ ਹੈ। ਕੀ ਤੁਸੀਂ ਸੋਚ ਸਕਦੇ ਹੋ ਕਿ ਗਿਆਨੀ ਹਰਪ੍ਰੀਤ ਸਿੰਘ ਬਾਦਲਾਂ ਦੇ ਵਿਰੋਧ ਵਿਚ ਜਾ ਕੇ ਕੋਈ ਫੈਸਲਾ ਲੈ ਸਕਦਾ ਹੈ ?

**ਸੁਆਲ-ਕੀ ਅਕਾਲ ਤਖਤ ਦੇ ਫੈਸਲਿਆਂ 'ਤੇ ਬਾਦਲ ਪਰਿਵਾਰ ਦਾ ਪ੍ਰਭਾਵ ਹੈ ?**



ਜੁਆਬ-ਅਕਾਲ ਤਖਤ ਸਾਹਿਬ ਦੇ ਸਾਰੇ ਫੈਸਲੇ ਬਾਦਲ ਪਰਿਵਾਰ ਦੀ ਇੱਛਾ ਅਨੁਸਾਰ ਲਏ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਵ ਨੂੰ ਕਦੋਂ ਤੇ ਕਿਸ ਤਰ੍ਹਾਂ ਮਨਾਉਣਾ ਹੈ ਇਸ ਤੇ ਅੰਤਿਮ ਫੈਸਲਾ ਵੀ ਬਾਦਲ ਪਰਿਵਾਰ ਦਾ ਹੀ ਹੋਵੇਗਾ। ਅਕਾਲ ਤਖਤ ਦੇ ਜੱਥੇਦਾਰ ਬਾਦਲ ਪਰਿਵਾਰ ਦੀ ਕਠਪੁਤਲੀ ਬਣੇ ਹੋਏ ਹਨ। ਗੁਰੂ ਦਾ ਸਿਧਾਂਤ ਦਾ ਇਹ ਕਹਿੰਦਾ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ ਗੁਰੂ-ਘਰ ਦੇ ਹੁਕਮ ਦੀ ਪਾਲਣਾ ਕਰਨੀ ਚਾਹੀਦੀ ਹੈ ਨਾ ਕਿ ਬਾਦਲ ਪਰਿਵਾਰ ਦੀ। ਪਰ ਗਿਆਨੀ ਹਰਪ੍ਰੀਤ ਸਿੰਘ ਬਾਕੀ ਜਥੇਦਾਰਾਂ ਵਾਂਗ ਆਪਣਾ ਅਹੁਦਾ ਬਚਾਏਗਾ ਨਾ ਕਿ ਪੰਥ ਹਿੱਤ ਵਿਚ ਫੈਸਲੇ ਲਵੇਗਾ। ਗੁਰੂ ਗੋਬਿੰਦ ਸਿੰਘ ਦੀ ਸ਼ਤਾਬਦੀ ਦਾ ਸਮਾਗਮ ਬਿਹਾਰ ਸਰਕਾਰ ਤੇ ਪਟਨਾ ਸਾਹਿਬ ਦੇ ਤਖਤ ਦੋਹਾਂ ਦੀ ਸਹਿਮਤੀ ਨਾਲ ਬੜੇ ਸ਼ਾਂਤੀਪੂਰਨ ਢੰਗ ਨਾਲ ਮਨਾਇਆ ਗਿਆ। ਜਿਸ ਤੋਂ ਬਾਦਲ ਪਰਿਵਾਰ ਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਕੁਝ ਸਿੱਖਣਾ ਚਾਹੀਦਾ ਹੈ ਤੇ ਨਾਲ ਹੀ ਬਾਦਲ ਪਰਿਵਾਰ ਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ ਉਹ ਕਿਉਂ ਅਕਾਲ ਤਖਤ ਸਾਹਿਬ ਤੇ ਆਪਣਾ ਹੱਕ ਜਤਾਉਂਦਾ ਹੈ। ਬਾਦਲ ਪਰਿਵਾਰ ਹਮੇਸ਼ਾ ਚਾਹੁੰਦਾ ਹੈ ਕਿ ਜਦੋਂ ਵੀ ਕੋਈ ਵੀ ਧਾਰਮਿਕ ਸਮਾਗਮ ਮਨਾਇਆ ਜਾਵੇ ਉੱਥੇ ਸਿਰਫ ਉਸ ਦੇ ਪਰਿਵਾਰ ਦੀਆਂ ਕੁਰਸੀਆਂ ਹੀ ਲੱਗਣੀਆਂ ਚਾਹੀਦੀਆਂ ਹਨ। ਬਾਦਲ ਪਰਿਵਾਰ ਨੂੰ ਸੋਚਣਾ ਚਾਹੀਦਾ ਹੈ ਕਿ ਸ਼ਤਾਬਦੀ ਗੁਰੂ ਸਾਹਿਬ ਦੀ ਹੈ ਨਾ ਕਿ ਉਸ ਦੇ ਪਰਿਵਾਰ ਦੀ।

**ਸੁਆਲ-ਬਹਿਬਲ ਕਲਾਂ ਗੋਲੀ ਕਾਂਡ ਦਾ ਦੋਸ਼ੀ ਕੌਣ ਹੈ ?**

ਜੁਆਬ-ਬਹਿਬਲ ਕਲਾਂ ਗੋਲੀ ਕਾਂਡ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਇੱਕ ਬਹੁਤ ਦੁਖਦਾਈ ਘਟਨਾ ਹੈ। ਜਿਸ ਵਿੱਚ ਸਿੱਖ ਕੌਮ ਦਾ ਬਹੁਤ ਵੱਡਾ ਘਾਣ ਹੋਇਆ ਹੈ। ਇਸ ਦਾ ਮੁੱਖ ਦੋਸ਼ੀ ਵੀ ਬਾਦਲ ਪਰਿਵਾਰ ਹੈ। ਜਿਸ ਸਮੇਂ ਇਹ ਘਟਨਾ ਵਾਪਰੀ ਉਸ ਸਮੇਂ ਪੰਜਾਬ ਵਿੱਚ ਬਾਦਲਾਂ ਦੀ ਸਰਕਾਰ ਸੀ ਤੇ ਆਪਣੇ ਕਾਰਜਕਾਲ ਦੌਰਾਨ ਬਾਦਲ ਪਰਿਵਾਰ ਨੇ ਸਿੱਖ ਕੌਮ ਨੂੰ ਇਨਸਾਫ ਤਾਂ ਕੀ ਦਵਾਉਣਾ ਸੀ ਬਲਕਿ ਇਸ ਕਾਂਡ ਦੇ ਦੋਸ਼ੀਆਂ ਨੂੰ ਆਪਣੇ ਕੋਲ ਪਨਾਹ ਦਿੱਤੀ।

**ਸੁਆਲ-ਸਿੱਖ ਪ੍ਰਬੰਧਕਾਂ ਵੱਲੋਂ ਸਿੱਖ ਮਰਿਆਦਾ ਦੀ ਉਲਘਣਾ ਕਿਉਂ ?**

ਜੁਆਬ-ਪਿੱਛੇ ਜਿਹੇ ਦਿੱਲੀ ਵਿੱਖੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਸਮਾਗਮ ਕਰਵਾਇਆ ਗਿਆ ਸੀ। ਜਿਸ ਵਿੱਚ ਪ੍ਰਬੰਧਕਾਂ ਮਨਜਿੰਦਰ ਸਿੰਘ ਸਿਰਸਾ ਤੇ ਕਈ ਹੋਰ ਸਿੱਖਾਂ ਵੱਲੋਂ ਸਿੱਖ ਮਰਿਆਦਾ ਦੀ ਉਲੰਘਣਾ ਕੀਤੀ ਗਈ, ਜੋੜੇ ਪਾ ਕੇ ਇਹਨਾਂ ਲੋਕਾਂ ਨੇ ਕੀਰਤਨ ਸੁਣਿਆ ਤੇ ਸਮਾਗਮ ਦਾ ਭਗਵਾਂਕਰਨ ਕੀਤਾ ਹੈ। ਇਹ ਬਹੁਤ ਹੀ ਸ਼ਰਮ ਦੀ ਗੱਲ ਹੈ। ਇਸ ਬਾਰੇ ਗਿਆਨੀ ਹਰਪ੍ਰੀਤ ਸਿੰਘ ਨੇ ਕੋਈ ਨੋਟਿਸ ਨਹੀਂ ਲਿਆ। ਬਾਦਲ ਭਲਾ ਆਪਣੇ ਬੰਦੇ ਬਾਰੇ ਨੋਟਿਸ ਕਿਉਂ ਲੈਣ ਦੇਣਗੇ। ਜਿਵੇਂ ਬਾਦਲ ਚਲਾਏਗਾ, ਤਿਵੇਂ ਗਿਆਨੀ ਹਰਪ੍ਰੀਤ ਸਿੰਘ ਦੇ ਫੈਸਲੇ ਹੋਣਗੇ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਜਨੀਤਿਕ ਲਾਭ ਲੈਣ ਲਈ ਸਿੱਖ ਮਰਿਆਦਾ ਦੀ ਉਲੰਘਣਾ ਕਰ ਰਹੀ ਹੈ। ਇਸ ਦਾ ਸਾਨੂੰ ਵਿਰੋਧ ਕਰਨਾ ਚਾਹੀਦਾ ਹੈ। ਸਾਨੂੰ ਸਭ ਨੂੰ ਸਿੱਖ ਮਰਿਆਦਾ ਵਿੱਚ ਰਹਿ ਕੇ ਹੀ ਸਿੱਖ ਪੰਥ ਦੀ ਉੱਨਤੀ ਲਈ ਯਤਨ ਕਰਨੇ ਚਾਹੀਦੇ ਹਨ।

# ਢੀਂਡਸਾ ਨੇ ਸ਼ੋ੍ਮਣੀ ਅਕਾਲੀ ਦਲ ਨੂੰ ਦਿੱਤਾ ਕਰਾਰਾ ਝਟਕਾ

## ਰਾਜ ਸਭਾ ਵਿਚ ਅਕਾਲੀ ਦਲ ਦੇ ਗਰੁੱਪ ਲੀਡਰ ਦੇ ਅਹੁਦੇ ਤੋਂ ਦਿੱਤਾ ਅਸਤੀ.ਫਾ

### ਸੁਖਬੀਰ ਬਾਦਲ ਨੇ ਭੂੰਦੜ ਨੂੰ ਢੀਂਡਸਾ ਦੀ ਥਾਂ ਬਣਾਇਆ ਰਾਜ ਸਭਾ ਦਾ ਲੀਡਰ

**ਜਲੰਧਰ/ਏ.ਟੀ. ਨਿਊਜ਼ :** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਬੀਤੇ ਸਾਲ 29 ਸਤੰਬਰ ਨੂੰ ਪਾਰਟੀ ਦੇ ਸਾਰੇ ਅਹੁਦਿਆਂ ਤੋਂ ਉਸ ਵੇਲੇ ਅਸਤੀਫ਼ਾ ਦਿੱਤਾ ਸੀ ਜਦੋਂ ਅਕਾਲੀ ਦਲ ਅੰਦਰੂਨੀ ਫੁੱਟ ਦਾ ਸ਼ਿਕਾਰ ਹੋ ਰਿਹਾ ਸੀ। ਰਣਜੀਤ ਸਿੰਘ ਬ੍ਰਹਮਪੁਰਾ ਅਤੇ ਮਾਝੇ ਦੇ ਕੁਝ ਹੋਰ ਆਗੂਆਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਬਾਅਦ ਵਿਚ ਵਿਰੋਧ ਕਰ ਰਹੇ ਲੋਕਾਂ 'ਤੇ ਹੋਈ ਪੁਲੀਸ ਫਾਇਰਿੰਗ ਕਾਰਨ ਹੋਈਆਂ ਮੌਤਾਂ ਦੇ ਮੁੱਦੇ 'ਤੇ ਅਕਾਲੀ ਦਲ ਤੋਂ ਵੱਖ ਹੋ ਕੇ ਅਕਾਲੀ ਦਲ ਟਕਸਾਲੀ ਬਣਾ ਲਿਆ। ਸਿਆਸੀ ਮਾਹਿਰਾਂ ਦਾ ਅਨੁਮਾਨ ਸੀ ਕਿ ਢੀਂਡਸਾ ਵੀ ਉਨ੍ਹਾਂ ਦੇ ਨਾਲ ਜਾਣਗੇ ਪਰ ਉਹ ਪਾਰਟੀ ਵਿਚ ਬਣੇ ਰਹੇ। ਹੁਣ ਢੀਂਡਸਾ ਵੱਲੋਂ ਅਸਤੀਫ਼ਾ ਉਸ ਵੇਲੇ ਦਿੱਤਾ ਗਿਆ ਹੈ ਜਦੋਂ ਜ਼ਿਮਨੀ ਚੋਣਾਂ ਦੌਰਾਨ ਅਕਾਲੀ ਦਲ ਅਤੇ ਖ਼ਾਸ ਕਰਕੇ ਬਾਦਲ-ਮਜੀਠੀਆ ਪਰਿਵਾਰ ਚੋਣਾਂ ਜਿੱਤਣ ਦਾ ਪੂਰਾ ਯਤਨ ਕਰ ਰਿਹਾ ਹੈ। ਢੀਂਡਸਾ ਨੇ ਸੂਬੇ ਦੀ ਸਿਆਸਤ ਨੂੰ ਦਿਸ਼ਾਹੀਣ ਕਰਾਰ ਦਿੰਦਿਆਂ ਕਿਹਾ ਕਿ ਕਾਂਗਰਸ ਸੂਬੇ ਨੂੰ ਨਿਘਾਰ ਵੱਲ ਧੱਕ ਰਹੀ ਹੈ। ਅਕਾਲੀ ਦਲ ਪਹਿਲਾਂ ਹੀ ਟੁੱਟ ਚੁੱਕਿਆ ਹੈ। ਪੀਪਲਜ਼ ਡੈਮੋਕ੍ਰੇਟਿਕ ਅਲਾਇੰਸ ਖੇਰੂੰ-ਖੇਰੂੰ ਹੋ ਚੁੱਕਾ ਹੈ ਤੇ 'ਆਪ' ਪਾਰਟੀ ਲੋਕਾਂ ਵਿਚੋਂ ਆਪਣੀ ਸਾਖ਼ ਗੁਆ ਚੁੱਕੀ ਹੈ। ਢੀਂਡਸਾ ਨੇ ਕਿਹਾ ਕਿ ਪੰਜਾਬ ਦਾ ਦੁਖੀ ਨੌਜਵਾਨ ਵਿਦੇਸ਼ਾਂ ਵੱਲ ਉਡਾਰੀਆਂ ਮਾਰ ਰਿਹਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਵਿਚ ਸਿਆਸੀ ਧਿਰਾਂ ਨਾਕਾਮ ਹੋ ਰਹੀਆਂ ਹਨ।

ਢੀਂਡਸਾ ਨੇ ਦੱਸਿਆ ਕਿ ਉਨ੍ਹਾਂ ਨੇ ਆਪਣਾ ਅਸਤੀਫਾ ਬੀਤੇ ਦਿਨ ਰਾਜ ਸਭਾ ਚੇਅਰਮੈਨ ਉਪ ਰਾਸ਼ਟਰਪਤੀ ਵੈਂਕਈਆ ਨਾਇਡੂ ਨੂੰ ਸੌਂਪ ਦਿੱਤਾ ਹੈ। ਉਨ੍ਹਾਂ ਹੋਰ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸੂਚਿਤ ਕਰ ਦਿੱਤਾ ਹੈ। ਯਾਦ ਰਹੇ ਕਿ ਮਾਰਚ 2019 ਨੂੰ ਉਨ੍ਹਾਂ ਨੂੰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵਲੋਂ ਪਦਮ ਭੂਸ਼ਨ ਪੁਰਸਕਾਰ ਨਾਲ ਵੀ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਇਕ ਨੇੜਲੇ ਸਾਥੀ ਨੇ ਦੱਸਿਆ ਕਿ ਉਹ ਪਾਰਟੀ ਦੇ ਨੇਤਾ ਬਣੇ ਰਹਿਣ ਦੇ ਚਾਹਵਾਨ ਨਹੀਂ ਹਨ, ਪਰ ਸਦਨ ਦੇ ਮੈਂਬਰ



ਬਣੇ ਰਹਿਣਗੇ। ਜ਼ਿਕਰਯੋਗ ਹੈ ਕਿ ਸੁਖਦੇਵ ਸਿੰਘ ਢੀਂਡਸਾ ਨੂੰ ਪ੍ਰਕਾਸ਼ ਸਿੰਘ ਬਾਦਲ ਦੇ ਬਹੁਤ ਕਰੀਬੀ ਆਗੂਆਂ ਵਿੱਚੋਂ ਮੰਨਿਆ ਜਾਂਦਾ ਸੀ।

### ਹੁਣ ਬਲਵਿੰਦਰ ਸਿੰਘ ਭੂੰਦੜ ਦੇ ਹੱਥ ਕਮਾਨ



ਬਾਦਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵਲੋਂ ਜਾਰੀ ਕੀਤੇ ਪੱਤਰ ਅਨੁਸਾਰ ਸੁਖਦੇਵ ਸਿੰਘ ਢੀਂਡਸਾ ਦੇ ਅਸਤੀਫ਼ਾ ਦੇਣ ਤੋਂ ਬਾਅਦ ਬਲਵਿੰਦਰ ਸਿੰਘ ਭੂੰਦੜ ਨੂੰ ਉਨ੍ਹਾਂ ਦੀ ਜਗ੍ਹਾ ਗਰੁੱਪ ਲੀਡਰ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ ਤੇ ਨਰੇਸ਼ ਗੁਜਰਾਤ ਡਿਪਟੀ ਲੀਡਰ ਵਜੋਂ ਸੇਵਾਵਾਂ ਨਿਭਾਉਣਗੇ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਪਾਰਟੀ ਵੱਲੋਂ ਜੂਨ ਮਹੀਨੇ ਹੀ ਰਾਜ ਸਭਾ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਢੀਂਡਸਾ ਦੀ ਥਾਂ ਭੂੰਦੜ ਨੂੰ ਰਾਜ ਸਭਾ ਵਿਚ ਆਗੂ ਬਣਾਉਣ ਸਬੰਧੀ ਸੂਚਿਤ ਕਰ ਦਿੱਤਾ ਗਿਆ ਸੀ।

### ਅਕਾਲੀ ਦਲ ਦਾ ਮਹਾਨ ਇਤਿਹਾਸ

ਅਕਾਲੀ ਦਲ ਨੇ ਕਾਂਗਰਸ ਨਾਲ ਮਿਲ ਕੇ ਆਜ਼ਾਦੀ ਸੰਘਰਸ਼ ਵਿਚ ਹਿੱਸਾ ਪਾਇਆ ਅਤੇ ਆਜ਼ਾਦੀ ਤੋਂ ਬਾਅਦ ਪੰਜਾਬੀ ਸੂਬਾ ਬਣਾਉਣ ਲਈ ਵੱਡੀ ਲੜਾਈ ਲੜੀ। ਇਨ੍ਹਾਂ ਸਮਿਆਂ ਵਿਚ ਹੀ ਅਕਾਲੀ ਦਲ ਦਾ ਅਕਸ ਇਕ ਖੇਤਰੀ ਅਤੇ ਸੰਘੀ ਢਾਂਚੇ ਦੀ ਹਮਾਇਤ ਕਰਨ ਵਾਲੀ ਪਾਰਟੀ ਵਜੋਂ ਉਭਰਿਆ। 1990ਵਿਆਂ ਵਿਚ ਇਹ ਅਕਸ ਮੱਧਮ ਪੈਣਾ ਅਤੇ ਪਰਿਵਾਰਵਾਦ ਭਾਰੂ ਹੋਣਾ ਸ਼ੁਰੂ ਹੋ ਗਿਆ ਅਤੇ ਵੱਖ ਵੱਖ ਆਗੂਆਂ 'ਤੇ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲੱਗਣ ਲੱਗੇ। 2007 ਤੋਂ 2017 ਤਕ ਸੱਤਾ ਵਿਚ ਰਹਿਣ ਦੌਰਾਨ ਇਹ ਰੁਝਾਨ ਹੋਰ ਮਜ਼ਬੂਤ ਹੋਏ ਅਤੇ ਪਾਰਟੀ ਦੇ ਲੋਕ ਪੱਖੀ ਅਤੇ ਲੋਕ ਨੇੜਤਾ ਵਾਲੇ ਅਕਸ ਨੂੰ ਖ਼ੋਰਾ ਲੱਗਾ। ਏਸੇ ਸਮੇਂ ਦੌਰਾਨ ਸੂਬੇ ਵਿਚ ਨਸ਼ਿਆਂ ਦਾ ਫੈਲਾਉ ਵੱਡੇ ਪੱਧਰ 'ਤੇ ਹੋਇਆ ਅਤੇ ਰਿਸ਼ਵਤਖ਼ੋਰੀ ਹੱਦੋਂ ਵਧ ਗਈ। ਪੰਜਾਬ ਦਾ ਅਰਥਚਾਰੇ 'ਤੇ ਵੀ ਕੁਝ ਪਰਿਵਾਰਾਂ ਦੀ ਪਕੜ ਮਜ਼ਬੂਤ ਹੋਈ।

ਇਸ ਵੇਲੇ ਪੰਜਾਬ ਦੀਆਂ ਵਿਰੋਧੀ ਧਿਰਾਂ ਖਿੰਡੀਆਂ ਹੋਈਆਂ ਹਨ। ਆਮ ਆਦਮੀ ਪਾਰਟੀ ਜਿਹੜੀ 2017 ਦੀਆਂ ਵਿਧਾਨ ਸਭਾ ਚੋਣਾਂ ਵਿਚ ਮੁੱਖ ਵਿਰੋਧੀ ਪਾਰਟੀ ਬਣ ਕੇ ਉੱਭਰੀ ਸੀ ਅਤੇ ਜਿਸ ਤੋਂ ਲੋਕਾਂ ਨੂੰ ਬਹੁਤ ਆਸਾਂ ਸਨ, ਖੇਰੂੰ ਖੇਰੂੰ ਹੋ ਚੁੱਕੀ ਹੈ। ਖੱਬੀਆਂ ਪਾਰਟੀਆਂ ਆਪਣਾ ਪ੍ਰਭਾਵ ਗਵਾ ਕੇ ਹਾਸ਼ੀਏ 'ਤੇ ਚਲੀਆਂ ਗਈਆਂ ਹਨ। ਭਾਜਪਾ 2022 ਵਿਚ ਆਪਣੇ ਬਲਬੂਤੇ 'ਤੇ ਚੋਣਾਂ ਲੜਨ ਦੇ ਦਮਗਜ਼ੇ ਮਾਰ ਕੇ ਅਕਾਲੀ ਦਲ ਤੋਂ ਜ਼ਿਆਦਾ ਤੋਂ ਜ਼ਿਆਦਾ ਸੀਟਾਂ ਲੈਣਾ ਚਾਹੁੰਦੀ ਹੈ। ਕੁਝ ਰਾਜਸੀ ਮਾਹਿਰਾਂ ਦਾ ਖਿਆਲ ਹੈ ਕਿ ਭਾਰਤੀ ਜਨਤਾ ਪਾਰਟੀ ਅਕਾਲੀ ਦਲ ਦੇ ਕੁਝ ਆਗੂਆਂ ਨੂੰ ਵਰਤਮਾਨ ਲੀਡਰਸ਼ਿਪ ਦੇ ਵਿਰੁੱਧ ਉਕਸਾ ਰਹੀ ਹੈ। ਕਮਜ਼ੋਰ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਦੀ ਚੋਣ ਨੀਤੀ ਨੂੰ ਬਹੁਤ ਰਾਸ ਆਵੇਗਾ। ਪੰਜਾਬ ਦੇ ਲੋਕਾਂ ਨੂੰ ਵੀ ਅਕਾਲੀ ਦਲ ਨਾਲ ਪਰਿਵਾਰਵਾਦ ਦੀ ਵਧੀ ਹੋਈ ਭੂਮਿਕਾ, ਨਸ਼ਿਆਂ ਦੇ ਫੈਲਾਉ, ਰਿਸ਼ਵਤਖ਼ੋਰੀ ਅਤੇ ਬੇਅਦਬੀ ਦੇ ਮੁੱਦਿਆਂ ਨੂੰ ਨਜਿੱਠ ਨਾ ਸਕਣ ਕਾਰਨ ਵੱਡਾ ਰੋਸ ਹੈ। ਇਸ ਤਰ੍ਹਾਂ ਪੰਜਾਬ ਦੀ ਸਿਆਸਤ ਅਜੀਬ ਘੁੰਮਣ ਘੇਰੀਆਂ ਵਿਚ ਫਸੀ ਹੋਈ ਹੈ ਜਿਸ ਵਿਚ ਲੋਕਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ।

ਅੰਮ੍ਰਿਤਸਰ ਟਾਈਮਜ਼ AMRITSAR TIMES

23 ਅਕਤੂਬਰ 2019 ਤੋਂ 29 ਅਕਤੂਬਰ 2019

# ਧਰਮ ਅਤੇ ਰਾਜਨੀਤੀ

ਪੰਜਾਬ ਦੇ ਪ੍ਰਸੰਗ ਵਿਚ 'ਧਰਮ ਅਤੇ ਰਾਜਨੀਤੀ' ਦਾ ਵਿਸ਼ਾ ਕੋਈ ਨਵਾਂ ਜਾਂ ਅਲੋਕਾਰ ਨਹੀਂ ਹੈ ਪਰ ਭਾਰਤੀ ਸੰਵਿਧਾਨ ਅਤੇ ਲੋਕ ਪ੍ਰਤੀਨਿਧਤਾ ਐਕਟ ਦੇ ਹਵਾਲੇ ਨਾਲ ਇਹ ਵਿਸ਼ਾ ਵਾਰ-ਵਾਰ ਖ਼ਬਰਾਂ ਵਿਚ ਆਉਂਦਾ ਹੈ। ਹੁਣ ਜਦ ਭਾਰਤ ਦੀ ਸੱਤਾਧਾਰੀ ਪਾਰਟੀ ਬੀਜੇਪੀ ਨੂੰ ਸਮਾਜਿਕ ਅਤੇ ਰਾਜਨੀਤਕ ਸੇਧ ਤੇ ਦਿਸ਼ਾ ਦੇਣ ਲਈ ਸੰਸਥਾ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਮੁਖੀ ਮੋਹਨ ਭਾਗਵਤ ਨੇ ਇਹ ਐਲਾਨ ਕਰ ਦਿੱਤਾ ਕਿ ਭਾਰਤ ਹਿੰਦੂਆਂ ਦਾ ਦੇਸ਼ ਹੈ ਅਤੇ ਇਥੋਂ ਦੇ ਸਾਰੇ ਬਾਸ਼ਿੰਦਿਆਂ ਨੂੰ ਹਿੰਦੂਤਵ ਦੇ ਧਾਰਨੀ ਹੋਣਾ ਚਾਹੀਦਾ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਕਿ ਭਾਰਤ ਹਿੰਦੂ ਬਹੁਗਿਣਤੀ ਵਾਲਾ ਮੁਲਕ ਹੈ ਜਾਂ ਇਹ ਕਹਿ ਲਵੋ ਕਿ ਇਸ ਦੇਸ਼ ਦੇ 130 ਕਰੋੜ ਲੋਕਾਂ ਵਿਚੋਂ ਬਹੁਤੇ ਸਮਾਜਿਕ ਅਤੇ ਧਾਰਮਿਕ ਤੌਰ 'ਤੇ ਸਨਾਤਨੀ ਰਹੁਰੀਤਾਂ ਵਿਚ ਵਿਸ਼ਵਾਸ਼ ਰੱਖਦੇ ਹਨ, ਜਿਨਾਂ ਨੂੰ ਹਿੰਦੂ ਰੀਤੀ ਵਜੋਂ ਜਾਣਿਆ ਜਾਂਦਾ ਹੈ। ਪਰ ਸੁਆਲ ਤਾਂ ਇਹ ਹੈ ਕਿ ਕੀ ਧਰਮ ਅਤੇ ਰਾਜਨੀਤੀ ਦੋ ਵੱਖੋ ਵੱਖਰੇ ਵਰਤਾਰੇ ਹਨ ਜਾਂ ਇਕ ਦੂਜੇ ਨਾਲ ਰਲਗੱਡ ਹਨ?

ਪੰਜਾਬ ਅਤੇ ਸਿੱਖਾਂ ਦੀ ਨੁਮਾਇੰਦਾ ਸਿਆਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦਾ ਮੌਜੂਦਾ ਰਾਜਨੀਤਕ ਤਾਣਾ-ਬਾਣਾ ਵੀ ਹੁਣ ਧਰਮ ਅਤੇ ਰਾਜਨੀਤੀ ਬਾਰੇ ਸਪੱਸ਼ਟ ਨਹੀਂ ਹੈ। ਜਦਕਿ ਸ਼੍ਰੋਮਣੀ ਅਕਾਲੀ ਦਲ ਇਸ ਦੇ ਜਨਮ ਤੋਂ ਲੈ ਕੇ ਵੀਹਵੀਂ ਸਦੀ ਦੇ ਆਖਰੀ ਦਹਾਕੇ ਤੱਕ ਸਿੱਖਾਂ ਦੀ ਇਕ ਨੁਮਾਇੰਦਾ ਪਾਰਟੀ ਅਖਵਾਉਂਦੀ ਰਹੀ ਹੈ, ਇਥੋਂ ਤੱਕ ਕਿ ਪਾਰਟੀ ਦੇ ਬਹੁਤੇ ਅਹੁਦੇਦਾਰ ਅੰਮ੍ਰਿਤਧਾਰੀ ਸਿੰਘ ਰਹੇ ਹਨ। ਅਕਾਲੀ ਦਲ ਦੇ ਆਪਣੇ ਵਿਧਾਨਕਾਰਾਂ ਮੁਤਾਬਕ ਇਹ ਸਿੱਖ ਰਹਿਤ ਮਰਿਯਾਦਾ ਉਪਰ ਚੱਲਣ ਵਾਲੀ ਪਾਰਟੀ ਹੈ ਅਤੇ ਇਸ ਦੇ ਜ਼ਿਲਾ ਪ੍ਰਧਾਨ ਨੂੰ ਵੀ ਜ਼ਿਲਾ ਜਥੇਦਾਰ ਕਿਹਾ ਜਾਂਦਾ ਰਿਹਾ ਹੈ। ਜ਼ਿਲਾ ਜਥੇਦਾਰ ਤੋਂ ਸਪੱਸ਼ਟ ਹੈ ਕਿ ਉਹ ਅੰਮ੍ਰਿਤਧਾਰੀ ਸਿੰਘ ਹੈ ਜੋ ਰਹਿਤ ਮਰਯਾਦਾ ਦੇ ਨਾਲ ਨਾਲ ਪੰਜੇ ਕਕਾਰਾਂ ਦਾ ਧਾਰਨੀ ਵੀ ਹੋਣਾ ਚਾਹੀਦਾ ਹੈ। ਪਰ ਸ. ਪਰਕਾਸ਼ ਸਿੰਘ ਬਾਦਲ ਦੇ ਪਾਰਟੀ ਪ੍ਰਧਾਨ ਬਣਨ ਮਗਰੋਂ ਖਾਸ ਕਰਕੇ ਉਨਾਂ ਦੇ ਸਪੁੱਤਰ ਸ. ਸੁਖਬੀਰ ਸਿੰਘ ਬਾਦਲ ਦੇ ਰਾਜਨੀਤੀ ਵਿਚ ਸਰਗਰਮ ਹੋਣ ਤੋਂ ਬਾਅਦ ਇਸ ਨੂੰ ਪੰਜਾਬੀ ਪਾਰਟੀ ਬਣਾਉਣ ਦੀਆਂ ਕੋਸ਼ਿਸਾਂ ਲਗਾਤਾਰ ਜਾਰੀ ਹਨ ਪਰ ਜਦ ਪਾਰਟੀ ਉਪਰ ਕੋਈ ਸੰਕਟ ਆਉਂਦਾ ਹੈ ਤਾਂ ਇਹ ਤੁਰੰਤ ਧਰਮ ਦੀ ਆੜ ਜਾਂ ਸ਼ਰਨ ਵਿਚ ਚਲੀ ਜਾਂਦੀ ਹੈ।

ਉਧਰ ਪੰਜਾਬ (1966 ਤੋਂ ਪਹਿਲਾਂ ਦੇ ਪੰਜਾਬ) ਦੇ ਗੁਰਦੁਆਰਿਆਂ ਦਾ ਪ੍ਰਬੰਧ ਦੇਖਣ ਵਾਲੀ ਸੰਸਥਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉਪਰ ਸ਼ੁਰੂ ਤੋਂ ਹੀ ਅਕਾਲੀ ਦਲ ਦਾ ਗਲਬਾ ਹੋਣ ਕਾਰਨ, ਇਹ ਸਿਆਸਤ ਦੀ ਇਕ ਸਮਾਨੰਤਰ ਧਾਰਾ ਵਜੋਂ ਚਲਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਚੁਣੇ ਹੋਏ ਨੁਮਾਇੰਦੇ ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ, ਐਮ.ਪੀ. ਅਤੇ ਮੰਤਰੀ ਤੱਕ ਵੀ ਰਹੇ ਹਨ। ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਹਮੇਸ਼ਾ ਇਸ ਵਿਚਾਰਧਾਰਾ ਦੀ ਧਾਰਨੀ ਰਹੀ ਹੈ ਕਿ ਧਰਮ ਅਤੇ ਸਿਆਸਤ ਇਕੱਠੇ ਹੀ ਚਲਦੇ ਹਨ ਅਤੇ ਇਕ ਦੂਜੇ ਉਪਰ ਅਸਰ ਅੰਦਾਜ ਹੁੰਦੇ ਹਨ। ਸਾਰੇ ਅਕਾਲੀ ਅਤੇ ਧਰਮ ਯੁੱਧ ਮੋਰਚਿਆਂ ਵਿਚ ਗੁਰਬਾਣੀ ਦੇ ਹਵਾਲੇ ਦੇ ਕੇ ਧਰਮ ਅਤੇ ਰਾਜਨੀਤੀ ਦੀ ਸਾਂਝ ਦੀ ਗੱਲ ਕਹੀ ਜਾਂਦੀ ਰਹੀ ਹੈ।

ਹੁਣ ਜਦ ਦੋ ਵੱਡੇ ਇਤਿਹਾਸਕ ਕਾਰਜ ਪੰਜਾਬ ਦੀ ਧਰਤੀ 'ਤੇ ਹੋਣ ਜਾ ਰਹੇ ਹਨ, ਇਕ ਵਾਰ ਫਿਰ 'ਧਰਮ ਅਤੇ ਰਾਜਨੀਤੀ' ਦਾ ਵਿਸ਼ਾ ਚਰਚਾ ਵਿਚ ਆਇਆ ਹੈ। ਪਹਿਲਾ ਇਹ ਕਿ ਨਵੰਬਰ ਦੇ ਦੂਜੇ ਹਫ਼ਤੇ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਪ੍ਰਕਾਸ਼ ਪੁਰਬ ਮਨਾਇਆ ਜਾ ਰਿਹਾ ਹੈ। ਦੂਜਾ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਦੇ ਸਾਖਸ਼ੀ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਖੁੱਲੇ ਦਰਸ਼ਨ ਦੀਦਾਰ ਲਈ ਭਾਰਤ-ਪਾਕਿਸਤਾਨ ਸਰਹੱਦ ਉਪਰ ਕੌਮਾਂਤਰੀ ਲਾਂਘਾ ਬਣ ਰਿਹਾ ਹੈ। ਧਰਮ ਵਿਚ ਰਾਜਨੀਤੀ ਦੇ ਦਖ਼ਲ ਜਾਂ ਰਾਜਨੀਤੀ ਉਪਰ 'ਧਰਮ ਦੇ ਕੁੰਡੇ' ਵਾਲੀ ਧਾਰਨਾ ਉਸ ਸਮੇਂ ਸਪੱਸ਼ਟ ਰੂਪ ਵਿਚ ਸਾਹਮਣੇ ਆਈ ਜਦ ਸੁਲਤਾਨਪੁਰ ਲੋਧੀ ਅਤੇ ਡੇਰਾ ਬਾਬਾ ਨਾਨਕ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਦੇ ਸਮਾਗਮ ਇਕੋ ਮੰਚ 'ਤੇ ਕਰਵਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਹੋਈਆਂ। ਅਸਲ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਸੱਤਾਧਾਰੀ ਕਾਂਗਰਸ ਦੋਹਾਂ ਦੀ ਨੀਤ ਸਾਫ਼ ਨਹੀਂ ਸੀ। ਪਹਿਲਾਂ ਉਲੀਕੇ ਪ੍ਰੋਗਰਾਮ ਮੁਤਾਬਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੰਚ 'ਤੇ ਨਿਰੋਲ ਧਾਰਮਿਕ ਸਮਾਗਮ ਹੋਣਾ ਸੀ ਅਤੇ ਰਾਜ ਸਰਕਾਰ ਦੇ ਮੰਚ ਤੋਂ ਗੁਰੂ ਸਾਹਿਬ ਦੇ ਜੀਵਨ, ਵਿਚਾਰਧਾਰਾ ਅਤੇ ਬਾਣੀ ਬਾਰੇ ਵਿਚਾਰਾਂ ਹੋਣੀਆਂ ਸਨ। ਪਰ ਸਾਂਝੇ ਸਮਾਗਮ ਦੀ ਰਾਜਨੀਤੀ ਨੇ ਉਸ ਸਮੇਂ ਜ਼ੋਰ ਫੜਿਆ ਜਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਅਤੇ ਸੀਨੀਅਰ ਅਕਾਲੀ ਨੇਤਾ ਦੇਸ਼ ਦੇ ਕੌਮੀ ਆਗੂਆਂ, ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਨੂੰ ਆਪਣੇ ਸਮਗਾਮ ਵਿਚ ਸ਼ਾਮਲ ਹੋਣ ਲਈ ਸੱਦਾ ਦੇ ਆਏ। ਅਕਾਲੀ ਦਲ ਦੀ ਨੇਤਾ ਅਤੇ ਕੇਂਦਰੀ ਮੰਤਰੀ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਨੇ ਮੀਡੀਆ ਵਿਚ ਬਿਆਨ ਦੇਣੇ ਵੀ ਸ਼ੁਰੂ ਕਰ ਦਿੱਤੇ ਕਿ ਪ੍ਰਧਾਨ ਮੰਤਰੀ ਉਨਾਂ ਦੇ ਸੱਦੇ 'ਤੇ ਆ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਦੇ ਪ੍ਰਤੀਕਰਮ ਵਿਚ ਦੋਸ਼ ਲਗਾਇਆ ਕਿ ਸ੍ਰੀਮਤੀ ਬਾਦਲ ਅਜਿਹੇ ਬਿਆਨ ਦੇ ਕੇ ਸਿਰਫ਼ ਸਰਕਾਰੀ ਮਰਿਯਾਦਾ ਦੀ ਉਲੰਘਣਾ ਹੀ ਨਹੀਂ ਕਰ ਰਹੇ ਸਗੋਂ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਦੇ ਅਹੁਦਿਆਂ ਦੀ ਤੌਹੀਨ ਵੀ ਕਰ ਰਹੇ ਹਨ। ਆਖ਼ਰਕਾਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਮਾਣ ਮਰਿਯਾਦਾ ਦਾ ਖਿਆਲ ਕਰਦਿਆਂ ਮੁੱਖ ਮੰਤਰੀ ਨੇ ਇਸ ਗੱਲ 'ਤੇ ਤੋੜਾ ਝਾੜਿਆ ਕਿ ਸਾਂਝੇ ਸਮਾਗਮਾਂ ਸਬੰਧੀ ਉਹ ਆਖਰੀ ਫੈਸਲਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਛੱਡਦੇ ਹਨ, ਜੋ ਸਿੰਘ ਸਾਹਿਬ ਫੈਸਲਾ ਲੈਣਗੇ ਉਹ ਸਰਕਾਰ ਨੂੰ ਮਨਜ਼ੂਰ ਹੋਵੇਗਾ।

21 ਅਕਤੂਬਰ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਜੋ ਫੈਸਲਾ ਲਿਆ ਗਿਆ, ਉਸ ਬਾਰੇ ਧਾਰਮਿਕ ਅਤੇ ਸਿਆਸੀ ਮਾਹਿਰਾਂ ਨੂੰ ਕੋਈ ਹੈਰਾਨੀ ਨਹੀਂ ਹੋਈ ਕਿਉਂਕਿ ਪਹਿਲਾਂ ਤੋਂ ਹੀ ਅਜਿਹੀ ਉਮੀਦ ਕੀਤੀ ਜਾ ਰਹੀ ਸੀ।

ਇਹ ਗੱਲ ਭਾਵੇਂ ਸੁਆਗਤਯੋਗ ਹੈ ਕਿ ਸੁਲਤਾਨਪੁਰ ਲੋਧੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਟੇਜ 'ਤੇ ਹੀ ਸਾਂਝੇ ਸਮਾਗਮ ਹੋਣਗੇ ਪਰ ਕੀ ਸਿਆਸੀ ਨੇਤਾ (ਪ੍ਰਧਾਨ ਮੰਤਰੀ ਸਮੇਤ) ਇਸ ਮੰਚ 'ਤੇ ਸਿਆਸੀ ਗੱਲ ਕਰਨ ਤੋਂ ਗੁਰੇਜ਼ ਕਰਨਗੇ? ਕੀ ਧਰਮ ਨੂੰ ਰਾਜਨੀਤੀ ਤੋਂ ਪਰੇ ਰੱਖਣ ਅਤੇ ਧਰਮ ਨਿਰਪੱਖਤਾ ਦੀ ਰਟ ਲਾਉਣ ਵਾਲੇ ਕਾਂਗਰਸੀ ਆਗੂ ਅਤੇ ਧਰਮ ਨੂੰ ਸਿਆਸਤ ਦਾ ਰਾਹ ਦਸੇਰਾ ਦੱਸਣ ਵਾਲੇ ਅਕਾਲੀ ਆਪਣਾ ਤਵਾਜ਼ਨ ਠੀਕ ਰੱਖ ਸਕਣਗੇ।

# ਭਾਜਪਾ ਦਾ ਅਕਾਲ ਤਖ਼ਤ ਦੇ ਜਥੇਦਾਰ ਉੱਪਰ ਵਿਚਾਰਧਾਰਕ ਹਮਲਾ



**ਅਸੀਂ ਜਥੇਦਾਰ ਅਕਾਲ ਤਖ਼ਤ ਦੇ ਬਿਆਨ ਨਾਲ ਸਹਿਮਤ ਹਾਂ ਤੇ ਉਨ੍ਹਾਂ ਨੇ ਜਥੇਦਾਰ ਵੇਦਾਂਤੀ ਤੋਂ ਬਾਅਦ ਸੰਘ ਪਰਿਵਾਰ ਵਿਰੁੱਧ ਦ੍ਰਿੜ੍ਹਤਾ ਨਾਲ ਫੈਸਲਾ ਲਿਆ ਹੈ। ਭਾਵੇਂ ਅਜੋਕੇ ਸਮੇਂ ਅਕਾਲੀ ਦਲ ਤੇ ਭਾਜਪਾ ਦੀ ਵਿਗੜੀ ਹੋਈ ਹੈ ਤੇ ਕੁਝ ਵਿਦਵਾਨ ਇਹ ਕਹਿ ਰਹੇ ਹਨ ਕਿ ਇਹ ਅਕਾਲੀ ਦਲ ਦੇ ਪ੍ਰਭਾਵ ਅਧੀਨ ਦਿੱਤਾ ਗਿਆ ਹੈ। ਜੇਕਰ ਗੱਲ ਅਜਿਹੀ ਵੀ ਹੋਵੇ ਤਾਂ ਵੀ ਇਹ ਮਨੁੱਖਤਾ ਤੇ ਸਿੱਖ ਪੰਥ ਪੱਖੀ ਜਥੇਦਾਰ ਅਕਾਲ ਤਖ਼ਤ ਦਾ ਬਿਆਨ ਹੈ, ਇਸ ਦਾ ਸੁਆਗਤ ਕਰਨਾ ਬਣਦਾ ਹੈ। ਅਸੀਂ ਤੁਹਨੂੰ ਯਾਦ ਕਰਵਾ ਦੇਈਏ ਕਿ ਸੰਘ ਪਰਿਵਾਰ ਦੀ ਵਿਚਾਰਧਾਰਾ ਫਾਸ਼ੀਵਾਦੀ ਵਿਚਾਰਧਾਰਾ ਹੋ, ਜੋ ਹਿਟਲਰ ਤੋਂ ਪ੍ਰਭਾਵਿਤ ਹੋ ਕੇ ਘੜੀ ਗਈ ਹੈ।**

## ਰਜਿੰਦਰ ਸਿੰਘ

ਕੁਝ ਚਿਰ ਪਹਿਲਾਂ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਕਿਹਾ ਸੀ ਕਿ ਸੰਘ ਆਪਣੇ ਇਸ ਸਟੈਂਡ 'ਤੇ ਕਾਇਮ ਹੈ ਕਿ ਭਾਰਤ ਇੱਕ ਹਿੰਦੂ ਰਾਸ਼ਟਰ ਹੈ। ਭਾਗਵਤ ਨੇ ਕਿਹਾ ਸੀ ਕਿ ਦੇਸ਼ ਦੀ ਸ਼ਾਨ ਅਤੇ ਸ਼ਾਂਤੀ ਲਈ ਕੰਮ ਕਰਨ ਵਾਲੇ ਸਾਰੇ ਭਾਰਤੀ 'ਹਿੰਦੂ' ਹਨ। ਉਨ੍ਹਾਂ ਕਿਹਾ, 'ਸਾਡੇ ਦੇਸ਼ ਦੀ ਪਛਾਣ ਬਾਰੇ, ਸਾਡੇ ਦੇਸ਼ ਦੀ ਪ੍ਰਕਿਰਤੀ ਦੀ ਪਛਾਣ ਬਾਰੇ, ਸਾਡੀ ਕੌਮ ਦੀ ਪਛਾਣ ਬਾਰੇ ਸੰਘ ਦੀ ਇਕ ਸਪਸ਼ਟ ਦ੍ਰਿਸ਼ਟੀਕੋਣ ਅਤੇ ਘੋਸ਼ਣਾ ਹੈ, ਇਹ ਦ੍ਰਿੜ ਹੈ ਕਿ ਭਾਰਤ ਹਿੰਦੁਸਤਾਨ, ਹਿੰਦੂ ਰਾਸ਼ਟਰ ਹੈ। ਹੁਣੇ ਜਿਹੇ ਇਸ ਪ੍ਰਤੀਕਰਮ ਵਜੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ ਬਿਆਨ ਰਾਹੀਂ ਸੰਘ ਪਰਿਵਾਰ ਦੇ ਇਸ ਬਿਆਨ ਨੂੰ ਮਨੁੱਖਤਾ ਵਿਰੋਧੀ ਦੱਸਿਆ ਸੀ ਤੇ ਕਿਹਾ ਸੀ ਕਿ ਦੇਸ਼ ਵਿਚ ਆਰਐਸਐਸ'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।

ਭਾਜਪਾ ਜਥੇਦਾਰ ਅਕਾਲ ਤਖ਼ਤ ਦੇ ਬਿਆਨ ਤੋਂ ਭੜਕੀ ਹੈ ਤੇ ਕਾਂਗਰਸ ਤੇ ਪੰਥਕ ਜਥੇਬੰਦੀਆਂ ਨੇ ਜਥੇਦਾਰ ਦੇ ਬਿਆਨ ਦਾ ਸੁਆਗਤ ਕੀਤਾ ਹੈ। ਮੁਸਲਮਾਨ, ਇਸਾਈ ਧਿਰਾਂ, ਨਿਰਪੱਖ ਹਿੰਦੂ, ਦਲਿਤ ਇਸ ਮੁੱਦੇ 'ਤੇ ਜਥੇਦਾਰ ਦੇ ਬਿਆਨ ਉੱਪਰ ਖੁਸ਼ ਹਨ। ਪੰਜਾਬ ਭਾਜਪਾ ਦੇ ਬੁਲਾਰੇ ਵਿਨੀਤ ਜੋਸ਼ੀ ਨੇ ਜਥੇਦਾਰ ਅਕਾਲ ਤਖ਼ਤ ਦੇ ਬਿਆਨ ਨੂੰ ਮੰਦਭਾਗਾ ਕਰਾਰ ਦਿੱਤਾ ਹੈ। ਜੋਸ਼ੀ ਨੇ ਬਿਆਨ 'ਤੇ ਇਤਰਾਜ਼ ਜਤਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਦਾ ਬਿਆਨ ਪੰਜਾਬ ਨੂੰ ਤੋੜਨ ਜਾ ਰਿਹਾ ਹੈ। ਉਸ ਨੇ ਜਥੇਦਾਰ ਨੂੰ ਪਹਿਲਾਂ ਆਰ ਐਸ ਐਸ ਦੀ ਸੋਚ ਬਾਰੇ ਸਹੀ ਅਤੇ ਸੰਪੂਰਨ ਜਾਣਕਾਰੀ ਪ੍ਰਾਪਤ ਕਰਨ ਦੀ ਹਦਾਇਤ ਕੀਤੀ। ਭਾਜਪਾ ਦਾ ਕਹਿਣਾ ਹੈ ਕਿ ਆਰ ਐੱਸ ਐੱਸ ਇੱਕ ਸੰਗਠਨ ਹੈ ਜੋ ਦੇਸ਼ ਦੇ ਹਿੱਤ ਲਈ ਕੰਮ ਕਰ ਰਿਹਾ ਹੈ ਅਤੇ ਹਮੇਸ਼ਾਂ ਦੇਸ਼ ਦੀ ਗੱਲ ਕਰਦਾ ਹੈ। ਸੰਘ ਜਿਸ ਹਿੰਦੂ ਰਾਸ਼ਟਰ ਦੀ ਗੱਲ ਕਰਦਾ ਹੈ ਉਸ ਦਾ ਸਨਾਤਨ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਹੈ ਅਤੇ ਆਰਐਸਐਸ ਹਮੇਸ਼ਾਂ ਦੇਸ਼ ਨੂੰ ਧਰਮ ਦੇ ਅਧਾਰ 'ਤੇ ਵੰਡਣ ਦੀ ਬਜਾਏ ਦੇਸ਼ ਨੂੰ ਜੋੜਨ ਅਤੇ ਦੇਸ਼ ਲਈ ਮਰਨ ਦਾ ਕੰਮ ਕਰਦਾ ਹੈ।

ਦੂਜੇ ਪਾਸੇ ਕਾਂਗਰਸ ਦੇ ਕੌਮੀ ਬੁਲਾਰੇ ਪਵਨ ਖੇੜਾ ਨੇ ਕਿਹਾ ਕਿ ਅਕਾਲ ਤਖਤ ਨੇ ਬਿਲਕੁਲ ਸਹੀ ਕਿਹਾ ਹੈ ਅਤੇ ਹੁਣ ਦੇਸ਼ ਦੇ ਹਰ ਆਦਮੀ ਨੂੰ ਇਹ ਚੁਣਨਾ ਹੋਵੇਗਾ ਕਿ ਉਹ ਦੇਸ਼ ਨੂੰ ਪਿਆਰ ਕਰਦਾ ਹੈ ਜਾਂ ਸੰਘ ਨੂੰ ਪਿਆਰ ਕਰਦਾ ਹੈ। ਹਿੰਦੁਸਤਾਨ ਦਾ ਬਹੁਰੰਗੀ ਸਭਿਆਚਾਰ ਹੈ ਅਤੇ ਉਸ ਸਭਿਆਚਾਰ ਵਿਚ ਸਭ ਦਾ ਯੋਗਦਾਨ ਹੈ ਅਤੇ ਸਾਰੇ ਧਰਮਾਂ ਦੇ ਲੋਕਾਂ ਦਾ ਹੱਕ ਹੈ ਅਤੇ ਆਰ ਐੱਸ ਐੱਸ ਦੀ ਕੋਈ ਵਿਚਾਰਧਾਰਾ ਨਹੀਂ ਹੈ ਜਿਸ ਨੂੰ ਦੇਸ਼ ਨੇ ਕਦੇ ਸਵੀਕਾਰ ਨਹੀਂ ਕੀਤਾ, ਉਹ ਸਿਰਫ ਇਕ ਹਿੰਦੂਤਵ ਦੇ ਬੋਲਬਾਲੇ ਦੀ ਇਕ ਵਿਚਾਰਧਾਰਾ ਦੀ ਗੱਲ ਕਰਦੇ ਹਨ। ਅਕਾਲ ਤਖ਼ਤ ਦੇ ਬਿਆਨ ਵਿੱਚ, ਮੈਂ ਮਨੁੱਖਤਾ ਪ੍ਰਤੀ ਅਥਾਹ ਪਿਆਰ ਵੇਖ ਰਿਹਾ ਹਾਂ ਕਿਉਂਕਿ ਜਿਹੜਾ ਵੀ ਮਨੁੱਖਤਾ ਨੂੰ ਪਿਆਰ ਕਰਦਾ ਹੈ ਉਹ ਆਰਐਸਐਸ ਦੀ ਸੋਚ ਨਾਲ ਨਹੀਂ ਖੜਾ ਹੋ ਸਕਦਾ। ਸੂਝਵਾਨ ਵਿਅਕਤੀ ਅਕਾਲ ਤਖ਼ਤ ਦੇ ਵਿਚਾਰਾਂ ਦਾ ਸਮਰਥਨ ਕਰਨਗੇ।

ਅਸੀਂ ਜਥੇਦਾਰ ਅਕਾਲ ਤਖ਼ਤ ਦੇ ਬਿਆਨ ਨਾਲ ਸਹਿਮਤ ਹਾਂ ਤੇ ਉਨ੍ਹਾਂ ਨੇ ਜਥੇਦਾਰ ਵੇਦਾਂਤੀ ਤੋਂ ਬਾਅਦ ਸੰਘ ਪਰਿਵਾਰ ਵਿਰੁੱਧ ਦ੍ਰਿੜ੍ਹਤਾ ਨਾਲ ਫੈਸਲਾ ਲਿਆ ਹੈ। ਭਾਵੇਂ ਅਜੋਕੇ ਸਮੇਂ ਅਕਾਲੀ ਦਲ ਤੇ ਭਾਜਪਾ ਦੀ ਵਿਗੜੀ ਹੋਈ ਹੈ ਤੇ ਕੁਝ ਵਿਦਵਾਨ ਇਹ ਕਹਿ ਰਹੇ ਹਨ ਕਿ ਇਹ ਅਕਾਲੀ ਦਲ ਦੇ ਪ੍ਰਭਾਵ ਅਧੀਨ ਦਿੱਤਾ ਗਿਆ ਹੈ। ਜੇਕਰ ਗੱਲ ਅਜਿਹੀ ਵੀ ਹੋਵੇ ਤਾਂ ਵੀ ਇਹ ਮਨੁੱਖਤਾ ਤੇ ਸਿੱਖ ਪੰਥ ਪੱਖੀ ਜਥੇਦਾਰ ਅਕਾਲ ਤਖ਼ਤ ਦਾ ਬਿਆਨ ਹੈ, ਇਸ ਦਾ ਸੁਆਗਤ ਕਰਨਾ ਬਣਦਾ ਹੈ। ਅਸੀਂ ਤੁਹਨੂੰ ਯਾਦ ਕਰਵਾ ਦੇਈਏ ਕਿ ਸੰਘ ਪਰਿਵਾਰ ਦੀ ਵਿਚਾਰਧਾਰਾ ਫਾਸ਼ੀਵਾਦੀ ਵਿਚਾਰਧਾਰਾ ਹੋ, ਜੋ ਹਿਟਲਰ ਤੋਂ ਪ੍ਰਭਾਵਿਤ ਹੋ ਕੇ ਘੜੀ ਗਈ ਹੈ।

ਜੇਕਰ ਸੰਘ ਦੇ ਸਭ ਤੋਂ ਹਰਮਨਪਿਆਰੇ ਸਰਸੰਘ ਚਾਲਕ ਗੋਲਵਲਕਰ ਤੇ ਸੰਸਥਾਪਕ ਹੇਡਗੇਵਾਰ ਦੇ ਪ੍ਰੇਰਨਾ ਸਰੋਤਾਂ ਵਿਚੋਂ ਮੁੰਜੇ ਦੀ ਜ਼ੁਬਾਨੀ ਸੁਣੀਏ ਤਾਂ ਸੰਘ ਦੀ ਵਿਚਾਰਧਾਰਾ ਸਪੱਸ਼ਟ ਤੌਰ 'ਤੇ ਹਿਟਲਰ ਨੂੰ ਪ੍ਰਣਾਈ ਹੋਈ ਹੈ। ਸਵਦੇਸ਼ ਤੇ ਰਾਸ਼ਟਰ ਪ੍ਰੇਮ ਦੇ ਨਾਅਰੇ ਮਾਰਨ ਵਾਲੀ ਸੰਘ ਦੀ ਪੈਦਾਇਸ਼ ਦੇ ਸਮੇਂ ਤੋਂ ਹੀ ਇਸ ਦੇ ਆਦਰਸ਼ ਮੋਸੀਲਿਨੀ ਤੇ ਹਿਟਲਰ ਵਰਗੇ ਕੱਟੜ ਤੇ ਜ਼ਾਲਮ ਸਾਸ਼ਕ ਰਹੇ ਹਨ, ਜੋ ਮਾਨਵਤਾ ਦੇ ਦੁਸ਼ਮਣ ਤੇ ਦੂਜੇ ਵਿਸ਼ਵ ਯੁੱਧ ਵਿਚ ਲੱਖਾਂ ਲੋਕਾਂ ਦੇ ਕਤਲੇਆਮ ਦੇ ਜ਼ਿੰਮੇਵਾਰ ਸਨ। ਬੀ ਐਸ ਮੁੰਜੇ ਆਰ ਐਸ ਐਸ ਦਾ ਦਾਰਸ਼ਨਿਕ ਸੀ ਤੇ ਹੇਡਗੇਵਾਰ ਦਾ ਉਸਤਾਦ ਸੀ। ਆਰ ਐਸ ਐਸ ਨੂੰ ਮਜ਼ਬੂਤ ਕਰਨ ਦੇ ਦੇਸ਼ ਭਰ ਵਿਚ ਫੈਲਾਉਣ ਵਿਚ ਮੁੰਜੇ ਦੀ ਪ੍ਰਮੁਖ ਭੂਮਿਕਾ ਰਹੀ ਹੈ। ਫਰਵਰੀ-ਮਾਰਚ 1931 ਦੌਰਾਨ ਗੋਲਮੇਜ ਕਾਨਫਰੰਸ ਤੋਂ ਪਰਤਦੇ ਹੋਏ ਯੂਰਪ ਤੇ ਇਟਲੀ ਦੀ ਯਾਤਰਾ ਕੀਤੀ। ਇਸ ਦੌਰਾਨ ਉਸ ਮੋਸੋਲਿਨੀ ਨਾਲ ਮੁਲਾਕਾਤ ਕੀਤੀ। ਮੁੰਜੇ ਨੇ ਰੋਮ ਵਿਚ ਇਤਾਲਵੀ ਫਾਸ਼ੀਵਾਦੀਆਂ ਦੇ ਮਿਲਟਰੀ ਕਾਲਜ, ਫਾਸਿਸਟ ਅਕੈਡਮੀ ਆਫ਼ ਫਿਜ਼ੀਕਲ ਐਜੂਕੇਸ਼ਨ, ਸੈਂਟਰ ਮਿਲਟਰੀ ਸਕੂਲ ਆਫ ਫਿਜ਼ੀਕਲ ਐਜੂਕੇਸ਼ਨ ਤੇ ਇਨ੍ਹਾਂ ਸਭ ਵਿਚੋਂ ਸਭ ਤੋਂ ਮਹੱਤਵਪੂਰਨ ਹੈ। ਬਲਿੱਲਾ ਤੇ ਏਵਾਂ ਗਾਰਡਿਸਟ ਆਰਗੇਨਾਈਜ਼ੇਸ਼ਨ ਦੇ ਗੜ੍ਹਾਂ ਨੂੰ ਜਾ ਕੇ ਉਸ ਨੇ ਬਹੁਤ ਬਾਰੀਕੀ ਨਾਲ ਦੇਖਿਆ। ਇਸ ਤੋਂ ਮੁੰਜੇ ਪ੍ਰਭਾਵਿਤ ਹੋਇਆ। ਇਹ ਸਕੂਲ ਜਾਂ ਕਾਲਜ ਸਿੱਖਿਆ ਦਾ ਕੇਂਦਰ ਨਹੀਂ ਸਨ, ਬਲਕਿ ਮਾਸੂਮ ਬੱਚਿਆਂ ਤੇ ਲੜਕਿਆਂ ਦੇ ਦਿਮਾਗਾਂ ਵਿਚ ਜ਼ਹਿਰ ਖੋਲ੍ਹ ਕੇ ਬਰੇਨ ਵਾਸ਼ ਕਰਨ ਦੇ ਸੈਕਟਰ ਸਨ। ਇੱਥੇ 6 ਸਾਲ ਤੋਂ 18 ਸਾਲ ਦੀ ਉਮਰ ਦੇ ਨੌਜਵਾਨਾਂ ਦੀ ਭਰਤੀ ਕਰਕੇ ਉਨ੍ਹਾਂ ਨੂੰ ਫਾਸ਼ੀਵਾਦੀ ਵਿਚਾਰਧਾਰਾ ਦੇ ਅਧੀਨ ਕਰਨ ਦੇ ਪੂਰੇ ਇੰਤਜ਼ਾਮ ਸਨ। ਪੂਨੇ ਪਹੁੰਚ ਕੇ ਮੁੰਜੇ ਨੇ ਦਿ ਮਰਾਠਾ ਨੂੰ ਦਿੱਤੇ ਇੱਕ ਇੰਟਰਵਿਊ ਵਿਚ ਹਿੰਦੂ ਭਾਈਚਾਰੇ ਦੇ ਫ਼ੌਜੀਕਰਨ ਦੇ ਸੰਬੰਧਾਂ ਵਿਚ ਇੰਝ ਬਿਆਨ ਦਿੱਤਾ 'ਨੇਤਾਵਾਂ ਨੂੰ ਜਰਮਨੀ ਦੇ ਯੁਵਾ ਅੰਦੋਲਨ ਬਲਿੱਲਾ ਤੇ ਇਟਲੀ ਦੇ ਫਾਸ਼ੀਵਾਦੀ ਸੰਗਠਨਾਂ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਮੁੰਜੇ ਤੇ ਆਰ ਐਸ ਐਸ ਦੀ ਕਰੀਬੀ ਤੇ ਉਨ੍ਹਾਂ ਦੀ ਫਾਸ਼ੀਵਾਦੀ ਵਿਚਾਰਧਾਰਾ ਦੀ ਪੁਸ਼ਟੀ 1933 ਵਿਚ ਬ੍ਰਿਟਿਸ਼ ਸੂਤਰਾਂ ਵਿਚ ਛਪੀ ਖੁਫੀਆ ਵਿਭਾਗ ਦੀ ਰਿਪੋਰਟ ਵਿਚ ਹੋ ਜਾਂਦੀ ਹੈ। ਇਸ ਰਿਪੋਰਟ ਦਾ ਸਿਰਲੇਖ ਸੀ 'ਰਾਸ਼ਟਰੀ ਸਮੇਂ ਸੇਵਕ ਸੰਘ 'ਤੇ ਟਿੱਪਣੀ ਜਿਸ ਵਿਚ ਸੰਘ ਦੇ ਮਰਾਠੀ ਭਾਸ਼ੀ ਖੇਤਰਾਂ ਵਿਚ ਪੁਨਰ ਗਠਨ ਦਾ ਜ਼ਿੰਮੇਵਾਰ ਮੁੰਜੇ ਨੂੰ ਠਹਿਰਾਇਆ ਗਿਆ ਹੈ। ਇਸ ਰਿਪੋਰਟ ਵਿਚ ਆਰ ਐਸ ਐਸ ਦੇ ਚਰਿੱਤਰ ਤੇ ਉਸ ਦੀਆਂ ਗਤੀਵਿਧੀਆਂ ਬਾਰੇ ਲਿਖਿਆ ਗਿਆ ਸੀ ਕਿ ਸੰਘ ਭਵਿੱਖ ਵਿਚ ਭਾਰਤ ਦੇ ਲਈ ਉਹ ਬਣਨਾ ਚਾਹੁੰਦਾ ਹੈ, ਜੋ ਫਾਸ਼ੀਵਾਦੀ ਇਟਲੀ ਲਈ ਹੈ ਤੇ ਨਾਤਸੀ ਲੋਕ ਜਰਮਨੀ ਦੇ ਲਈ। (ਨੈਸ਼ਨਲ ਆਰਕੇਵਾਈਵ ਆਫ਼ ਇੰਡੀਆ)

ਜਰਮਨੀ ਵਿਚ ਯਹੂਦੀ ਆਪਰੇਸ਼ਨ ਦਾ ਅੰਤਿਮ ਹੱਲ ਸਾਵਰਕਰ ਦੇ ਲਈ ਮਾਡਲ ਸੀ। ਸੰਘੀਆਂ ਦੇ ਲਈ ਰਾਸ਼ਟਰ ਦੇ ਸਭ ਤੋਂ ਵੱਡੇ ਦੁਸ਼ਮਣ ਮੁਸਲਮਾਨ ਸਨ। ਗੋਲਵਾਲਕਰ ਜੋ ਸੰਘ ਦੇ ਦਾਰਸ਼ਨਿਕ ਦੀ ਪੱਦਵੀਂ ਨਾਲ ਜਾਣੇ ਜਾਂਦੇ ਹਨ ਤੇ ਗੁਰੂ ਜੀ ਦੇ ਨਾਮ ਨਾਲ ਪ੍ਰਸਿੱਧ ਹਨ, ਨੇ ਵੀ ਮੁੰਜੇ ਤੇ ਸਾਵਰਕਰ ਦੀ ਤਰ੍ਹਾਂ ਇਟਲੀ ਤੇ ਜਰਮਨੀ ਨੂੰ ਆਪਣਾ ਆਦਰਸ਼ ਮੰਨਿਆ ਹੈ। ਭਾਰਤ ਵਿਚ ਉਸ ਦੀ ਨਸਲੀ ਚੇਤਨਾ ਦੇ ਆਦਰਸ਼ ਮੋਸੋਲਿਨੀ ਤੇ ਹਿਟਲਰ ਹੀ ਹਨ। ਹਿਟਲਰ ਨੇ ਯਹੂਦੀਆਂ ਦਾ ਕਤਲੇਆਮ ਕਰਵਾਇਆ ਸੀ ਜੋ ਮਾਨਵਤਾ ਦੇ ਇਤਿਹਾਸ ਵਿਚ ਸਭ ਤੋਂ ਘਿਰਣਾ ਯੋਗ ਅਪਰਾਧ ਸੀ। ਪਰ ਗੋਲਵਾਲਕਰ ਹਿਟਲਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਚੱਲਣ ਦੀ ਗੱਲ ਕਰਦਾ ਹੈ। ਉਹ ਕਹਿੰਦਾ ਹੈ 'ਜਰਮਨ ਨਸਲ ਦਾ ਮਾਣ ਅੱਜ ਚਰਚਾ ਦਾ ਵਿਸ਼ਾ ਬਣ ਗਿਆ ਹੈ। ਨਸਲ ਅਤੇ ਉਸ ਦੀ ਸੰਸਕ੍ਰਿਤੀ ਦੀ ਸ਼ੁੱਧਤਾ ਬਣਾਈ ਰੱਖਣ ਦੇ ਲਈ ਦੇਸ਼ ਦੇ ਸਾਮੀ ਨਸਲਾਂ ਯਹੂਦੀਆਂ ਤੋਂ ਸਾਫ਼ ਕਰਕੇ ਜਰਮਨ ਨੇ ਪੂਰੀ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ। ਇੱਥੇ ਨਸਲ ਦਾ ਮਾਣ ਆਪਣੇ ਸਰਵਉੱਚ ਤੌਰ 'ਤੇ ਪਰਗਟ ਹੋਇਆ ਹੈ। ਇਹ ਭਾਰਤ ਦੇ ਲਈ ਇਕ ਚੰਗਾ ਸਬਕ ਹੈ, ਇਸ ਤੋਂ ਸਿੱਖਣਾ ਤੇ ਲਾਭ ਲੈਣਾ ਚਾਹੀਦਾ ਹੈ। ਭਾਰਤ ਵਿਚ 1933 ਵਿਚ ਖੁਫੀਆ ਵਿਭਾਗ ਨੇ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਜਿਸ ਵਿਚ ਕਿਹਾ ਗਿਆ ਭਾਰਤ ਵਿਚ ਆਰ ਐਸ ਐਸ ਉਹੀ ਵਿਚਾਰਧਾਰਾ ਲਿਆਉਣਾ ਚਾਹੁੰਦੀ ਹੈ ਜੋ ਇਟਲੀ ਵਿਚ ਫਾਸ਼ੀਵਾਦ ਤੇ ਜਰਮਨੀ ਵਿਚ ਨਾਜੀਵਾਦ ਹੈ।

(ਐਨਏਆਈ, ਹੋਮ ਪੋਲ ਡਿਪਾਟਮੈਂਟ 88/33, 1933)

ਡਾ. ਹੇਡਗੇਵਾਰ 1925-40 ਗੋਲਵਲਕਰ 1940-73, ਬਾਲਾ ਸਾਹਿਬ ਦੇਵਰਸ 1973-93, ਪ੍ਰੋ. ਰਜਿੰਦਰ ਸਿੰਘ 1993-2000, ਕੇਸੀ ਸੁਦਰਸ਼ਨ 2000-2009, ਡਾ. ਮੋਹਨ ਭਾਗਵਤ 2009 ਤੋਂ ਹੁਣ ਤੱਕ ਸੰਘ ਦੇ ਸੰਚਾਲਕ ਰਹੇ ਹਨ। ਇਹ ਵੀ ਵਨਰਣਯੋਗ ਹੈ ਕਿ ਰਾਸ਼ਟਰੀ ਸਵੈ ਸੰਘ ਦੇ ਮਹਾਤਮਾ ਗਾਂਧੀ ਦੀ ਹੱਤਿਆ ਦੌਰਾਨ ਪਾਬੰਦੀ ਲੱਗ ਗਈ ਸੀ। ਸਮਝਿਆ ਜਾਂਦਾ ਸੀ ਕਿ ਮਹਾਤਮਾ ਗਾਂਧੀ ਦਾ ਹੱਤਿਆਰਾ ਨੱਥੂ ਰਾਮ ਗੋਡਸੇ ਸੰਘ ਦਾ ਮੈਂਬਰ ਸੀ। ਬਾਅਦ ਵਿਚ ਸੰਘ ਨੇ ਨੱਥੂ ਰਾਮ ਗੋਡਸੇ ਨਾਲ ਆਪਣਾ ਨਾਤਾ ਤੋੜ ਲਿਆ ਸੀ ਤੇ ਕਿਹਾ ਸੀ ਕਿ ਉਸ ਨਾਲ ਸਾਡਾ ਕੋਈ ਸੰਬੰਧ ਨਹੀਂ। ਤਦ ਇਕ ਜਾਂਚ ਕਮੇਟੀ ਨੇ ਸੰਘ ਤੋਂ ਇਸ ਕਾਰਨ ਪਾਬੰਦੀ ਹਟਾ ਲਈ, ਪਰ ਅੱਜ ਵੀ ਨੱਥੂ ਰਾਮ ਗੋਡਸੇ ਨੂੰ ਆਰ ਐਸ ਐਸ ਦੀਆਂ ਸ਼ਾਖਾਵਾਂ ਵਿਚ ਸਤਿਕਾਰ ਨਾਲ ਆਪਣਾ ਨਾਇਕ ਐਲਾਨਿਆ ਜਾਂਦਾ ਹੈ ਤੇ ਕਈ ਫਿਰਕੂ ਸੰਗਠਨ ਗਾਂਧੀ ਦੀ ਮੌਤ ਦੇ ਦਿਵਸ ਦੌਰਾਨ ਇਸ ਦੀ ਪੂਜਾ ਤੱਕ ਕਰਦੇ ਹਨ।

ਇਸ ਤੋਂ ਜ਼ਾਹਿਰ ਹੈ ਕਿ ਆਰ ਐਸ ਐਸ ਦੀ ਵਿਚਾਰਧਾਰਾ ਮਨੁੱਖਤਾ ਤੇ ਭਾਰਤ ਨੂੰ ਵੰਡਣ ਲਈ ਕਾਫੀ ਹੈ। ਜਥੇਦਾਰ ਅਕਾਲ ਤਖ਼ਤ ਨੇ ਇਹ ਬਿਆਨ ਦੇ ਕੇ ਪੂਰੇ ਭਾਰਤ ਨੂੰ ਸੁਚੇਤ ਕੀਤਾ ਹੈ। ਇਹ ਵੀ ਉਸ ਸਮੇਂ ਜਦੋਂ ਅਸੀਂ ਗੁਰੂ ਨਾਨਕ ਸਾਹਿਬ ਦਾ 550 ਸਾਲਾ ਪ੍ਰਕਾਸ਼ ਉਤਸਵ ਮਨਾ ਰਹੇ ਹਾਂ ਤੇ ਭਾਰਤ ਵਿਚ ਮੁਸਲਮਾਨਾਂ ਤੇ ਦਲਿਤਾਂ ਉੱਪਰ ਭਗਵੇਂਵਾਦੀਆਂ ਵਲੋਂ ਹਮਲੇ ਕੀਤੇ ਜਾ ਰਹੇ ਹਨ।

# ਕਰਤਾਰਪੁਰ ਸਾਹਿਬ ਲਾਂਘਾ ਤਿਆਰ, ਹੁਣ ਸਿੱਧੇ ਹੋਣਗੇ ਦਰਸ਼ਨ

**ਡੇਰਾ ਬਾਬਾ ਨਾਨਕ/ਏ.ਟੀ. ਨਿਊਜ਼ ;**
ਕਰਤਾਰਪੁਰ ਲਾਂਘਾ ਲਗਪਗ ਤਿਆਰ ਹੋ ਚੁੱਕਾ ਹੈ ਅਤੇ ਹੁਣ ਕਰਤਾਰਪੁਰ ਸਾਹਿਬ ਦੇ ਦਰਸ਼ਨ ਦੂਰਬੀਨ ਰਾਹੀਂ ਨਹੀਂ, ਸਗੋਂ ਸਿੱਧੇ ਕੀਤੇ ਜਾ ਸਕਣਗੇ। ਇਹ ਗੱਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜ਼ਿਲ੍ਹਾ ਸਿਰਸਾ ਦੇ ਪਿੰਡ ਮੱਲੇਕਾ ਵਿਚ ਭਾਜਪਾ ਦੀ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਵੱਡੇ ਪੱਧਰ 'ਤੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਕਪੂਰਥਲਾ ਤੋਂ ਵਾਇਆ ਤਰਨ ਤਾਰਨ-ਗੋਇੰਦਵਾਲ ਸਾਹਿਬ ਤੱਕ ਦੇ ਮਾਰਗ ਦਾ ਨਾਂਅ 'ਗੁਰੂ ਨਾਨਕ ਦੇਵ ਜੀ ਮਾਰਗ' ਰੱਖਿਆ ਗਿਆ ਹੈ। ਕਾਂਗਰਸ 'ਤੇ ਹਮਲਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਬਦਕਿਸਮਤੀ ਦੀ ਗੱਲ ਹੈ ਕਿ 1947 ਵਿਚ ਹੱਦ ਤੋਂ 4 ਕਿੱਲੋਮੀਟਰ ਦੂਰ ਸਥਿਤ ਕਰਤਾਰਪੁਰ ਸਾਹਿਬ ਨੂੰ ਪਾਕਿ ਵਿਚ ਜਾਣ ਦਿੱਤਾ ਗਿਆ ਤੇ ਸੰਗਤ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਤੋਂ ਵਾਂਝਾ ਕਰ ਦਿੱਤਾ, ਪਰ ਕਾਂਗਰਸ ਨੇ 7 ਦਹਾਕਿਆਂ ਤੱਕ ਕਰਤਾਰਪੁਰ ਸਾਹਿਬ ਦੇ ਸਿੱਧੇ ਦਰਸ਼ਨ ਕਰਵਾਉਣ ਲਈ ਕੋਈ ਕੋਸ਼ਿਸ਼ ਨਹੀਂ ਕੀਤੀ, ਪਰ ਹੁਣ ਸਾਡੀ ਸਰਕਾਰ ਵਲੋਂ ਕਰਤਾਰਪੁਰ ਲਾਂਘਾ ਬਣਾ ਕੇ ਕਰਤਾਰਪੁਰ ਦੀ ਚਾਰ ਕਿਲੋਮੀਟਰ ਦੀ ਦੂਰੀ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

### ਪ੍ਰਧਾਨ ਮੰਤਰੀ 9 ਨੂੰ ਕਰਨਗੇ ਕਰਤਾਰਪੁਰ ਲਾਂਘੇ ਦਾ ਉਦਘਾਟਨ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਰਤਾਰਪੁਰ ਲਾਂਘੇ ਲਈ ਭਾਰਤ ਵਾਲੇ ਪਾਸੇ ਉਸਾਰੇ ਜਾ ਰਹੇ 'ਇੰਟਰਨੈਸ਼ਨਲ ਵਿਜ਼ਟਰ ਸੈਂਟਰ ਕੰਪਲੈਕਸ' ਅਤੇ ਲਾਂਘੇ ਲਈ ਸਰਹੱਦ ਤੱਕ ਉਸਾਰੀ ਗਈ 4.2 ਕਿੱਲੋਮੀਟਰ ਸੜਕ ਦਾ ਉਦਘਾਟਨ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਵਿਖੇ ਰੱਖੇ ਜਾ ਰਹੇ ਵਿਸ਼ੇਸ਼ ਸਮਾਗਮ ਦੌਰਾਨ ਕਰਨਗੇ। ਰਾਜ ਦੇ ਕੈਬਨਿਟ ਮੰਤਰੀ ਅਤੇ ਰਾਜ ਸਰਕਾਰ ਵਲੋਂ ਕਰਤਾਰਪੁਰ ਲਾਂਘੇ ਦੇ ਪ੍ਰਬੰਧਾਂ ਲਈ ਇੰਚਾਰਜ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਅਨੁਸਾਰ ਰਾਜ ਦੇ ਮੁੱਖ ਸਕੱਤਰ ਨੂੰ ਕੇਂਦਰ ਸਰਕਾਰ ਵਲੋਂ ਉਕਤ ਪ੍ਰੋਗਰਾਮ ਸਬੰਧੀ ਬਕਾਇਦਾ ਲਿਖਤੀ ਸੂਚਨਾ ਪ੍ਰਾਪਤ ਹੋਈ, ਜਿਸ ਵਿਚ ਰਾਜ ਸਰਕਾਰ ਨੂੰ ਪ੍ਰਧਾਨ ਮੰਤਰੀ ਦੀ ਇਸ ਫੇਰੀ ਅਤੇ ਪ੍ਰੋਗਰਾਮ ਲਈ ਲੋੜੀਂਦੇ ਪ੍ਰਬੰਧ ਕਰਨ ਲਈ ਕਿਹਾ ਗਿਆ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ 9 ਨਵੰਬਰ ਨੂੰ ਡੇਰਾ ਬਾਬਾ ਨਾਨਕ ਆਉਣ ਸਬੰਧੀ ਵਿਸਤ੍ਰਿਤ ਪ੍ਰੋਗਰਾਮ ਬਾਅਦ ਵਿਚ ਰਾਜ ਸਰਕਾਰ ਨੂੰ ਭੇਜਿਆ ਜਾਵੇਗਾ, ਜਦੋਂ ਕਿ ਅਨੁਮਾਨ ਹੈ ਕਿ ਪ੍ਰਧਾਨ ਮੰਤਰੀ ਪਠਾਨਕੋਟ ਜਾਂ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਵਿਸ਼ੇਸ਼ ਹੈਲੀਕਾਪਟਰ ਰਾਹੀਂ ਡੇਰਾ ਬਾਬਾ ਨਾਨਕ ਜਾਣਗੇ।

### ਪੰਜਾਬ ਸਰਕਾਰ ਵੱਖਰੇ ਕਰੇਗੀ ਸਮਾਗਮ

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਬਾਰੇ 11-12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਾਲੀ ਸਟੇਜ ਨੂੰ ਗੁਰੂ ਪੰਥ ਦੀ ਸਟੇਜ ਐਲਾਨੇ ਜਾਣ ਤੇ ਉਥੇ ਹੀ ਸਾਂਝਾ ਸਮਾਗਮ ਕਰਨ ਦੇ ਆਏ ਆਦੇਸ਼ ਬਾਰੇ ਪੰਜਾਬ ਸਰਕਾਰ ਦਾ ਕਹਿਣਾ ਹੈ ਕਿ 5 ਤੋਂ 11 ਨਵੰਬਰ 3 ਪਹਿਲਾਂ ਕੀਤੇ ਐਲਾਨ ਮੁਤਾਬਿਕ ਹੀ ਪੰਜਾਬ ਸਰਕਾਰ ਦੁਆਰਾ ਤਿਆਰ ਕੀਤੇ ਪੰਡਾਲ ਵਿਚ ਸਮਾਗਮ ਕਰਵਾਏ ਜਾਣਗੇ ਤੇ 12 ਨਵੰਬਰ ਨੂੰ ਹੋਣ ਵਾਲੇ ਸਮਾਗਮ ਬਾਰੇ ਫੈਸਲਾ ਮੁੱਖ ਮੰਤਰੀ ਲੈਣਗੇ। ਪੰਜਾਬ ਦੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਦੱਸਿਆ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਦਿੱਤੇ ਗਏ ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਕਰਦਿਆਂ ਪੰਜਾਬ ਸਰਕਾਰ ਦੀ ਸਟੇਜ 'ਤੇ ਸਿਰਫ ਤੇ ਸਿਰਫ ਗੁਰੂ ਨਾਨਕ ਦੀ ਸਿਫ਼ਤ ਸਲਾਹ ਹੋਵੇਗੀ। ਉਨ੍ਹਾਂ ਸਪੱਸ਼ਟ ਕੀਤਾ ਕਿ 12 ਨਵੰਬਰ ਨੂੰ ਸੂਬਾ ਸਰਕਾਰ ਦੀ ਸਟੇਜ ਚਲਾਉਣੀ ਹੈ, ਦੂਸਰੇ ਮੰਚ 'ਤੇ ਜਾਣਾ ਹੈ, ਇਸ ਬਾਰੇ ਫ਼ੈਸਲਾ ਮੁੱਖ ਮੰਤਰੀ ਕਰਨਗੇ। ਸੂਬਾ ਸਰਕਾਰ ਨੇ 5 ਨਵੰਬਰ ਤੋਂ ਪੂਰਾ ਇਕ ਹਫ਼ਤਾ ਚੱਲਣ ਵਾਲੇ ਸਮਾਗਮ ਵੱਖਰੇ ਪੰਡਾਲ ਵਿਚ ਕਰਨ ਦਾ ਐਲਾਨ ਕਰਕੇ ਸੁਲਤਾਨਪੁਰ ਲੋਧੀ ਵਿਖੇ ਦੋ ਬਰਾਬਰ ਦੇ ਸਮਾਗਮ ਕਰਨ ਦਾ ਰੁਖ਼ ਕਰ ਲਿਆ ਹੈ।




- ਪ੍ਰਧਾਨ ਮੰਤਰੀ ਮੋਦੀ ਨੇ ਕੀਤਾ ਵੱਡਾ ਐਲਾਨ
- ਕਪੂਰਥਲਾ ਤੋਂ ਵਾਇਆ ਤਰਨ ਤਾਰਨ-ਗੋਇੰਦਵਾਲ ਸਾਹਿਬ ਮਾਰਗ ਦਾ ਨਾਂਅ 'ਗੁਰੂ ਨਾਨਕ ਦੇਵ ਜੀ ਮਾਰਗ' ਹੋਵੇਗਾ
- ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿੱਚ ਸਰੋਵਰ, ਸਰਾਂ ਬਣ ਕੇ ਤਿਆਰ, ਮਿਊਜ਼ੀਅਮ ਤੇ ਲਾਇਬ੍ਰੇਰੀ ਦੀ ਵੀ ਤਿਆਰੀ
- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਵੱਲੋਂ ਪਾਕਿਸਤਾਨ ਨੂੰ ਸ਼ਰਧਾਲੂਆਂ ਉਤੇ ਲਗਾਈ 20 ਡਾਲਰ ਦੀ ਫੀਸ ਮੁਆਫ ਕਰਨ ਦੀ ਅਪੀਲ
- ਸੁਲਤਾਨਪੁਰ ਲੋਧੀ 'ਚ ਦੇਸ ਵਿਦੇਸ਼ ਤੋਂ 50 ਲੱਖ ਦੇ ਕਰੀਬ ਸੰਗਤ ਪਹੁੰਚੇਗੀ
- ਰਹਿਣ ਦੇ ਲਈ ਤਿੰਨ ਟੈਂਟ ਸਿਟੀ ਤੇ 25 ਲੰਗਰ ਹਾਲ ਬਣਨਗੇ

### ਵੱਖਰਾ ਸਮਾਗਮ ਕਰੇਗਾ ਮਾਨ

ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਗੁਰੂ ਨਾਨਕ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਲੈ ਕੇ 12 ਨਵੰਬਰ ਦੌਰਾਨ ਸੁਲਤਾਨਪੁਰ ਲੋਧੀ ਵਿੱਚ ਪਾਰਟੀ ਵੱਲੋਂ ਸਿੱਖ ਜਥੇਬੰਦੀਆਂ ਨੂੰ ਨਾਲ ਲੈ ਕੇ ਵੱਖਰਾ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਲੈ ਕੇ ਚੱਲ ਰਹੇ ਤਕਰਾਰ ਬਾਰੇ ਕਿਹਾ ਕਿ ਦੋਵੇਂ ਧਿਰਾਂ ਹੋਛੀ ਰਾਜਨੀਤੀ ਕਰ ਰਹੀਆਂ ਹਨ।

### ਸਜਾਇਆ ਜਾ ਰਿਹਾ ਹੈ ਕਰਤਾਰਪੁਰ

ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਕੀਤੇ ਜਾ ਰਹੇ ਵਿਕਾਸ ਕਾਰਜਾਂ ਨੂੰ ਅੰਤਿਮ ਛੂਹਾਂ ਦਿੱਤੀਆਂ ਜਾ ਰਹੀਆਂ ਹਨ। ਗੁਰਦੁਆਰਾ ਸਾਹਿਬ ਨੂੰ ਨਵਾਂ ਰੰਗ ਕੀਤਾ ਗਿਆ ਹੈ ਤੇ ਨਿਸ਼ਾਨ ਸਾਹਿਬ ਦਾ ਚੋਲਾ ਬਦਲ ਦਿੱਤਾ ਗਿਆ ਹੈ। ਪਹਿਲਾਂ ਗੁਰਦੁਆਰਾ ਸਾਹਿਬ ਚਾਰ ਏਕੜ ਵਿੱਚ ਫੈਲਿਆ ਹੋਇਆ ਸੀ ਜਿਸ ਨੂੰ ਹੁਣ ਵਧਾ ਕੇ ਬਿਆਲੀ ਏਕੜ ਕਰ ਦਿੱਤਾ ਗਿਆ ਹੈ। ਗੁਰਦੁਆਰਾ ਸਾਹਿਬ ਦੇ ਵਿਹੜੇ ਨੂੰ ਵਿੱਚ ਲਗਭਗ 3.5 ਲੱਖ ਵਰਗ ਫੁੱਟ ਚਿੱਟਾ ਮਾਰਬਲ ਲਾਇਆ ਗਿਆ ਹੈ। ਵਿਹੜੇ ਤੋਂ ਇਲਾਵਾ ਅੰਗਰੇਜ਼ੀ ਦੇ ਐੱਲ ਦੇ ਆਕਾਰ ਵਿੱਚ ਇੱਕ ਬਾਰਾਂਦਰੀ ਬਣਾਈ ਗਈ ਹੈ ਜਿਸ ਵਿੱਚ ਇੱਕ ਮਿਊਜ਼ੀਅਮ ਵੀ ਬਣਾਇਆ ਗਿਆ ਹੈ। ਇਸ ਮਿਊਜ਼ੀਅਮ ਅਤੇ ਲਾਇਬਰੇਰੀ ਵਿੱਚ ਗੁਰੂ ਸਾਹਿਬ ਦੇ ਸਮੇਂ ਦੀਆਂ ਵਸਤਾਂ ਦੀ ਉਦਘਾਟਨ ਤੋਂ ਬਾਅਦ ਨੁਮਾਇਸ਼ ਵੀ ਲਗਾਈ ਜਾਵੇਗੀ। ਇਸ ਬਾਰਾਂਦਰੀ ਦੇ ਵਿੱਚ ਹੀ ਯਾਤਰੀਆਂ ਦੇ ਠਹਿਰਨ ਲਈ ਕਮਰੇ ਬਣਾਏ ਗਏ ਹਨ। ਇਸ ਤੋਂ ਇਲਾਵਾ ਇੱਕ ਵੱਖਰਾ ਦੀਵਾਨ ਹਾਲ ਬਣਾਇਆ ਗਿਆ ਹੈ ਜਿੱਥੇ ਸ਼ਰਧਾਲੂ ਗੁਰਦੁਆਰਾ ਸਾਹਿਬ ਵਿੱਚ ਮੱਥਾ ਟੇਕਣ ਮਗਰੋਂ ਜਾ ਕੇ ਬੈਠ ਸਕਣਗੇ। ਇਹ ਦੀਵਾਨ ਹਾਲ ਹੀ ਧਾਰਮਿਕ ਗਤੀਵਿਧੀਆਂ ਦਾ ਕੇਂਦਰ ਹੋਵੇਗਾ। ਬਾਰਾਂਦਰੀ ਤੋਂ ਬਾਹਰ ਲੰਗਰ ਹਾਲ ਹੈ ਜਿਸ ਵਿੱਚ ਦੋ ਤੋਂ ਢਾਈ ਹਜ਼ਾਰ ਬੰਦਾ ਇਕੱਠਿਆਂ ਲੰਗਰ ਛਕ ਸਕੇਗਾ। ਦਰਸ਼ਨੀ ਡਿਉਢੀ ਵੀ ਬਣਾਈ ਗਈ ਹੈ। ਪਹਿਲਾਂ ਗੁਰਦੁਆਰਾ ਸਿਰਫ਼ ਚਾਰ ਏਕੜ ਵਿੱਚ ਹੀ ਹੁੰਦਾ ਸੀ। ਇੱਥੇ ਨਵਾਂ ਸਰੋਵਰ ਬਣਾਇਆ ਗਿਆ ਹੈ ਜੋ ਕਿ ਲਗਭਗ ਪੰਜਾਹ ਮੀਟਰ ਦਾ ਹੈ। ਭਾਰਤ ਵੱਲ ਦੀ ਬਾਹੀ ਵਾਲੇ ਪਾਸੇ ਦੀ ਛੱਬੀ ਏਕੜ ਦੀ ਖੇਤੀ ਸਾਹਿਬ ਹੈ। ਹੁਣ ਉਸ ਦੇ ਨਾਲ ਛੱਤੀ ਏਕੜ ਜ਼ਮੀਨ ਹੋਰ ਜੋੜੀ ਗਈ ਹੈ। ਇੱਥੇ ਉਗਾਈਆਂ ਗਈਆਂ ਸਬਜ਼ੀਆਂ ਹੀ ਲੰਗਰ ਵਿੱਚ ਪਕਾਈਆਂ ਜਾਣਗੀਆਂ। ਸਿੱਖਾਂ ਦਾ ਦਾਅਵਾ ਹੈ ਕਿ ਗੁਰੂ ਸਾਹਿਬ ਦੇ ਸਮੇਂ ਗੁਰਦੁਆਰਾ ਸਾਹਿਬ ਦੀ ਜ਼ਮੀਨ 104 ਏਕੜ ਸੀ। ਇਸ ਪੂਰੇ ਪ੍ਰੋਜੈਕਟ ਲਈ 800 ਏਕੜ ਜ਼ਮੀਨ ਖ਼ਰੀਦੀ ਗਈ ਹੈ ਜਿਸ ਵਿੱਚ 444 ਏਕੜ ਗੁਰਦੁਆਰਾ ਕੰਪਲੈਕਸ ਨੂੰ ਦੇ ਦਿੱਤੀ ਗਈ ਹੈ। ਬਾਕੀ ਦੀ ਜ਼ਮੀਨ 'ਤੇ ਪੁਲ ਬਣਿਆ ਹੈ। ਇੱਕ ਟਰਮੀਨਲ ਵੀ ਬਣਿਆ ਹੈ ਜਿੱਥੇ ਸ਼ਰਧਾਲੂਆਂ ਦੀ ਜਾਂਚ ਹੋਵੇਗੀ ਤੇ ਉਹ ਦਰਸ਼ਨਾਂ ਲਈ ਅੰਦਰ ਆਉਣਗੇ। 120 ਏਕੜ ਜ਼ਮੀਨ ਨੂੰ ਅਗਲੇ ਪੜਾਅ ਲਈ ਰੱਖਿਆ ਗਿਆ ਹੈ ਜਿੱਥੇ ਅਗਲੇ ਸਾਲ ਕੰਮ ਸ਼ੁਰੂ ਹੋ ਜਾਵੇਗਾ। ਇੱਥੇ ਵਿੱਚ ਕਮਰਸ਼ੀਅਲ ਥਾਵਾਂ, ਹੋਟਲ ਤੇ ਸੈਮੀਨਾਰ ਹਾਲ ਆਦਿ ਬਣਾਏ ਜਾਣਗੇ।

## ਅਕਾਲ ਤਖ਼ਤ ਵਲੋਂ ਸ਼੍ਰੋਮਣੀ ਕਮੇਟੀ ਦੀ ਸਟੇਜ ਨੂੰ ਸਾਂਝੇ ਮੰਚ ਵਜੋਂ ਪ੍ਰਵਾਨਗੀ

ਅੰਮ੍ਰਿਤਸਰ-ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਸਟੇਜ ਦਾ ਮਸਲਾ ਸੁਲਝਾਉਣ ਵਿੱਚ ਅਸਫਲ ਰਹੇ। ਪਿਛਲੇ ਲੰਮੇ ਸਮੇਂ ਤੋਂ ਕੋਸ਼ਿਸ਼ਾਂ ਚੱਲ ਰਹੀਆਂ ਸੀ ਪਰ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਸ਼੍ਰੋਮਣੀ ਕਮੇਟੀ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੂੰ ਵੀ ਬੁਲਾਇਆ ਗਿਆ। ਗਿਆਨੀ ਹਰਪ੍ਰੀਤ ਸਿੰਘ ਨੇ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਸਿੱਖ ਸੰਪਰਦਾਵਾਂ ਦੇ ਮੁਖੀਆਂ ਨੂੰ ਵੀ ਸੰਵਾਦ ਲਈ ਮੀਟਿੰਗ ਵਿਚ ਸੱਦਿਆ ਸੀ। ਇਸ ਤੋਂ ਬਾਅਦ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਗੁਰੂ ਕੀ ਬੇਰ ਵਿਖੇ ਹੋਣ ਵਾਲੇ ਸਮਾਗਮ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਹੀ ਦੇਖੇਗੀ। ਸਾਰੀਆਂ ਹੀ ਪ੍ਰਮੁੱਖ ਸ਼ਖ਼ਸੀਅਤਾਂ ਇਸੇ ਸਥਾਨ 'ਤੇ ਨਤਮਸਤਕ ਹੋਣਗੀਆਂ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਕਿ ਇਹ ਸਮਾਗਮ ਗੈਰ ਸਿਆਸੀ ਹੋਵੇਗਾ ਤੇ ਇਸ ਵਿੱਚ ਸਾਰੀਆਂ ਹੀ ਸ਼ਖ਼ਸੀਅਤਾਂ ਸਿਜਦਾ ਕਰਨਗੀਆਂ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਟੇਜ ਕੋਈ ਵੀ ਲਾ ਸਕਦਾ ਹੈ, ਪਰ ਉਸ ਜਗ੍ਹਾ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਉਨ੍ਹਾਂ ਦੇ ਫਲਸਫੇ ਦੀ ਹੀ ਗੱਲ ਕੀਤੀ ਜਾਵੇ।

### ਸਿੱਖਾਂ ਦੇ ਕਾਤਲਾਂ ਨੂੰ ਬਚਾਉਣ ਵਾਲਿਆਂ ਨੂੰ ਸਮਾਗਮਾਂ ਤੋਂ ਦੂਰ ਰੱਖਣ ਦੀ ਮੰਗ

ਖਾਲੜਾ ਮਿਸ਼ਨ ਆਰਗੇਨਾਈਜੇਸ਼ਨ, ਮਨੁੱਖੀ ਅਧਿਕਾਰ ਇਨਸਾਫ ਸੰਘਰਸ਼ ਕਮੇਟੀ, ਪੰਜਾਬ ਮਨੁੱਖੀ ਅਧਿਕਾਰ ਸੰਗਠਨ, ਲਾਇਰਜ਼ ਫਾਰ ਹਿਊਮਨ ਐਂਡ ਡੈਮੋਕਰੇਟਿਕ ਰਾਈਟਸ ਤੇ ਸਮਾਜ ਸੇਵੀ ਲੋਕਾਂ ਦੀ ਸਾਂਝੀ ਮੀਟਿੰਗ ਇਥੇ ਹੋਈ ਜਿਸ ਦੌਰਾਨ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਗਈ ਕਿ ਉਹ ਸਿੱਖਾਂ ਦੇ ਕਾਤਲਾਂ ਦੇ ਹੱਕ ਵਿਚ ਖੜ੍ਹਨ ਵਾਲੇ ਕਾਂਗਰਸੀਆਂ, ਭਾਜਪਾਈਆਂ, ਬਾਦਲਕਿਆਂ ਤੇ ਆਰਐਸਐਸ ਦੇ ਆਗੂਆਂ ਨੂੰ ਗੁਰੂ ਨਾਨਕ ਸਾਹਿਬ ਦੇ 550 ਵੇਂ ਪ੍ਰਕਾਸ਼ ਦਿਹਾੜੇ 'ਤੇ ਹੋ ਰਹੇ ਸਮਾਗਮਾਂ ਵਿਚ ਮੁੱਖ ਮਹਿਮਾਨ ਨਾ ਬਣਾਉਣ। ਮੀਟਿੰਗ ਤੋਂ ਬਾਅਦ ਬਿਆਨ ਜਾਰੀ ਕਰਦਿਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਕਿਹਾ ਕਿ ਇਨ੍ਹਾਂ ਧਿਰਾਂ ਨੇ ਰਲ ਮਿਲ ਕੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ, ਝੂਠੇ ਮੁਕਾਬਲੇ, ਖੁਦਕੁਸ਼ੀਆਂ, ਬੇਅਦਬੀਆਂ ਤੇ ਨਸ਼ੇ ਵਰਤਾਏ। ਹੁਣ ਇਹ ਧਿਰਾਂ ਫਿਰ ਰਲ ਕੇ ਗੁਰੂ ਨਾਨਕ ਦੇਵ ਦਾ 500ਵਾਂ ਪ੍ਰਕਾਸ਼ ਦਿਹਾੜਾ ਮਨਾ ਕੇ ਲੋਕਾਈ ਨੂੰ ਧੋਖਾ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਥ ਤੇ ਪੰਜਾਬ ਦੇ ਲੋਕ 25000 ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲਿਆਂ ਦੀ ਪੜਤਾਲ ਮੰਗ ਰਹੇ ਸਨ ਪਰ ਇਨ੍ਹਾਂ ਧਿਰਾਂ ਨੇ ਅਦਾਲਤਾਂ ਦੁਆਰਾ ਦੋਸ਼ੀ ਠਹਿਰਾਏ ਗਏ ਗਿਣਤੀ ਦੇ ਲੋਕਾਂ ਨੂੰ ਗੈਰਕਾਨੂੰਨੀ ਢੰਗ ਨਾਲ ਰਿਹਾਅ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੋਸ਼ੀਆਂ ਨੂੰ ਰਿਹਾਅ ਕਰਨ ਦੀ ਕਾਰਵਾਈ ਨੂੰ ਗੁਰੂ ਨਾਨਕ ਸਾਹਿਬ ਦੀ ਸੇਧ ਅਨੁਸਾਰ ਦੱਸ ਕੇ ਝੂਠ ਬੋਲ ਰਿਹਾ ਹੈ। ਜਥੇਬੰਦੀਆਂ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਝੂਠੇ ਮੁਕਾਬਲਿਆਂ ਬਾਰੇ ਕੀਤੀ ਬਿਆਨਬਾਜ਼ੀ ਪਾਖੰਡ ਹੈ। ਜਦੋਂ ਕਿ ਪੂਰੇ 15 ਸਾਲ ਸੁਖਬੀਰ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ 25 ਹਜ਼ਾਰ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਬਚਾਉਂਦੇ ਰਹੇ ਤੇ ਤਰੱਕੀਆਂ ਦਿੰਦੇ ਰਹੇ ਤੇ ਅਕਾਲੀ ਦਲ ਵਿਚ ਸ਼ਾਮਲ ਕਰਦੇ ਰਹੇ। ਹੁਣ ਵੀ ਹਰਸਿਮਰਤ ਕੌਰ ਬਾਦਲ ਮੋਦੀ ਮੰਤਰੀ ਮੰਡਲ ਵਿਚ ਬੈਠ ਕੇ ਝੂਠੇ ਮੁਕਾਬਲਿਆਂ ਦੇ ਦੋਸ਼ੀਆਂ ਨੂੰ ਰਿਹਾਅ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਧਿਰਾਂ ਵੱਲੋਂ ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਦਿਹਾੜੇ 'ਤੇ ਨਿਰਦੋਸ਼ ਸਿੱਖਾਂ ਦੇ ਕਾਤਲਾਂ ਨੂੰ ਰਿਹਾਅ ਕਰਨਾ ਅਤੇ ਫਿਰ ਇਸ ਨੂੰ ਗੁਰੂ ਸਹਿਬਾਨ ਦੀ ਸੇਧ ਅਨੁਸਾਰ ਦੱਸਣਾ ਅਤਿ ਸ਼ਰਮਨਾਕ ਹੈ।

### ਕੈਪਟਨ ਨੇ ਕਿਹਾ ਕਿ ਫੀਸ ਮਾਫ ਕਰੋ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਜਾਣ ਵਾਲੇ ਭਾਰਤੀ ਸ਼ਰਧਾਲੂਆਂ 'ਤੇ ਪਾਕਿਸਤਾਨ ਸਰਕਾਰ ਵੱਲੋਂ ਲਗਾਈ 20 ਡਾਲਰ ਦੀ ਫੀਸ ਨੂੰ ਮੁਆਫ ਕਰਨ ਦੀ ਅਪੀਲ ਕੀਤੀ ਹੈ ਤੇ ਸ਼ਰਧਾਲੂਆਂ ਲਈ ਲਗਾਈਆਂ ਸ਼ਰਤਾਂ ਨੂੰ ਖਤਮ ਕਰਨ ਲਈ ਕਿਹਾ ਹੈ।

### ਕਰਤਾਰਪੁਰ ਜਾਣਗੇ ਮਨਮੋਹਨ ਸਿੰਘ

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਕਰਤਾਰਪੁਰ ਲਾਂਘੇ ਦੇ ਉਦਘਾਟਨ ਨਾਲ ਜੁੜੇ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਲ ਹੋਣ ਦੇ ਪਾਕਿ ਦੇ ਸੱਦੇ ਨੂੰ ਠੁਕਰਾ ਦਿੱਤਾ ਹੈ ਅਤੇ ਕਿਹਾ ਕਿ ਉਹ ਉਥੇ ਜਾਣਗੇ, ਪਰ ਇੱਕ ਆਮ ਨਾਗਰਿਕ ਦੀ ਤਰ੍ਹਾਂ। ਪਾਕਿਸਤਾਨ 9 ਨਵੰਬਰ ਨੂੰ ਅਧਿਕਾਰਿਤ ਰੂਪ ਵਿਚ ਇਸ ਦਾ ਉਦਘਾਟਨ ਕਰੇਗਾ। ਇਹ ਗੱਲ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਹੀ। ਕੁਰੈਸ਼ੀ ਨੇ ਕਿਹਾ ਜੇਕਰ ਡਾ. ਮਨਮੋਹਨ ਸਿੰਘ ਆਮ ਨਾਗਰਿਕ ਦੀ ਹੈਸੀਅਤ ਵਿਚ ਵੀ ਆਉਂਦੇ ਹਨ ਤਾਂ ਅਸੀਂ ਉਨ੍ਹਾਂ ਦਾ ਸਵਾਗਤ ਕਰਾਂਗੇ।'

### ਸੁਲਤਾਨਪੁਰ ਲੋਧੀ ਵਿਚ ਸਰਗਰਮੀਆਂ ਤੇਜ਼

ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਕੌਮਾਂਤਰੀ ਸਮਾਗਮ 1 ਨਵੰਬਰ ਤੋਂ ਸ਼ੁਰੂ ਹੋ ਜਾਣਗੇ। ਮੁੱਖ ਸਮਾਗਮ 12 ਨਵੰਬਰ ਨੂੰ ਹੋਵੇਗਾ। ਸ਼ਤਾਬਦੀ ਸਮਾਗਮ ਵਿਚ ਦੇਸ ਵਿਦੇਸ਼ ਤੋਂ ਪੰਜ ਲੱਖ ਸ਼ਰਧਾਲੂਆਂ ਦੇ ਆਉਣ ਦੀ ਆਸ ਹੈ। ਇਸੇ ਸਮਾਗਮ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਉੱਪ ਰਾਸ਼ਟਰਪਤੀ ਨਾਇਡੂ ਸਮੇਤ ਕਈ ਰਾਜਾਂ ਦੇ ਮੁੱਖ ਮੰਤਰੀ ਸ਼ਾਮਲ ਹੋਣਗੇ। ਪੰਜਾਬ ਸਰਕਾਰ ਦੇ ਦੇਖ ਰੇਖ ਵਿਚ 25 ਲੰਗਰ ਹਾਲ ਤਿਆਰ ਕੀਤੇ ਗਏ ਹਨ, ਜਿੱਥੇ ਢਾਈ ਲੱਖ ਦੇ ਕਰੀਬ ਸੰਗਤਾਂ ਲੰਗਰ ਛਕ ਸਕਣਗੀਆਂ। ਤਿੰਨ ਟੈਂਟ ਸਿਟੀ ਵੀ ਬਣਾਏ ਗਏ ਹਨ, ਜਿੱਥੇ 35 ਸੌ ਵੀਵੀਆਈਪੀ ਸ਼ਰਧਾਲੂਆਂ ਦੇ ਰਹਿਣ ਦਾ ਪ੍ਰਬੰਧ ਹੋਵੇਗਾ। ਗੁਰੂ ਦਾ ਪ੍ਰਸਾਦ ਲੈਣ ਦੇ ਲਈ 15 ਦੇਗ ਘਰ ਹੋਣਗੇ। ਵਾਹਨ ਪਾਰਕਿੰਗ ਦੇ ਲਈ ਅੱਠ ਵੱਡੀਆਂ ਪਾਰਕਿੰਗਾਂ ਬਣਾ ਦਿੱਤੀਆਂ ਗਈਆਂ ਹਨ। 7 ਜੋੜੇ ਘਰ ਬਣਾਏ ਗਏ ਹਨ। ਐਮਰਜੈਂਸੀ ਦੇ ਲਈ 13 ਸੈਂਟਰ ਬਣਾਏ ਗਏ ਹਨ, ਜਿੱਥੇ ਪੰਜਾਬ ਐਂਬੂਲੈਂਸ ਹਰ ਸਮੇਂ ਮੌਜੂਦ ਹੋਣਗੀਆਂ।

## ਇਮਰਾਨ ਖ਼ਾਨ ਨੇ ਕਿਹਾ ਲਾਂਘਾ ਖੁੱਲ੍ਹਣ ਨਾਲ ਪਾਕਿਸਤਾਨ ਦਾ ਵਿਕਾਸ ਹੋਵੇਗਾ



ਲਾਹੌਰ/ਏ.ਟੀ. ਨਿਊਜ਼ : ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕਿਹਾ ਕਿ ਪਾਕਿ ਦੁਨੀਆ ਭਰ ਵਿਚ ਵਸਦੇ ਸਿੱਖਾਂ ਲਈ ਆਪਣੇ ਦਰਵਾਜ਼ੇ ਖੋਲ੍ਹਣ ਲਈ ਤਿਆਰ ਹੈ ਤੇ 9 ਨਵੰਬਰ ਨੂੰ ਲਾਂਘੇ ਨੂੰ ਸੰਗਤ ਲਈ ਖੋਲ ਦਿੱਤਾ ਜਾਵੇਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਹ ਸਾਫ਼ ਕਰ ਦਿੱਤਾ ਹੈ ਕਿ 12 ਨਵੰਬਰ ਨੂੰ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਮੌਕੇ ਲਾਂਘਾ ਖੁੱਲ੍ਹਾ ਰਹੇਗਾ। ਉਨ੍ਹਾਂ ਕਿਹਾ ਕਿ ਦੁਨੀਆ ਦੇ ਸਭ ਤੋਂ ਵੱਡੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਭਾਰਤ ਅਤੇ ਦੁਨੀਆ ਭਰ ਤੋਂ ਸਿੱਖ ਸ਼ਰਧਾਲੂ ਆਉਣਗੇ। ਇਹ ਸਿੱਖਾਂ ਲਈ ਵੱਡਾ ਧਾਰਮਿਕ ਕੇਂਦਰ ਬਣ ਜਾਵੇਗਾ ਤੇ ਸਥਾਨਿਕ ਅਰਥ-ਵਿਵਸਥਾ ਨੂੰ ਹੁਲਾਰਾ ਦੇਵੇਗਾ, ਜਿਸ ਦੇ ਫਲਸਰੂਪ ਦੇਸ਼ ਵਿਚ ਵਿਦੇਸ਼ੀ ਮੁਦਰਾ ਆਵੇਗੀ। ਇੱਥੇ ਜ਼ਿਕਰਯੋਗ ਹੈ ਕਿ ਪਾਕਿ ਨੂੰ ਕਰਤਾਰਪੁਰ ਸਾਹਿਬ ਦੇ ਲਾਂਘੇ ਰਾਹੀਂ ਦਰਸ਼ਨ ਕਰਨ ਆਉਣ ਵਾਲੇ ਸ਼ਰਧਾਲੂਆਂ ਤੋਂ ਸਾਲਾਨਾ ਭਾਰਤੀ 258 ਕਰੋੜ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ, ਜੋ ਪਾਕਿਸਤਾਨ ਦੇ ਕਰੀਬ 571 ਕਰੋੜ ਰੁਪਏ ਬਰਾਬਰ ਹੋਵੇਗੀ। ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਪਾਕਿਸਤਾਨ ਲਈ ਭਾਰਤ-ਪਾਕਿ ਵਿਚਾਲੇ ਖੋਲ੍ਹਿਆ ਜਾਣ ਵਾਲਾ ਕਰਤਾਰਪੁਰ ਲਾਂਘਾ ਵਿਦੇਸ਼ੀ ਕਰੰਸੀ ਉਤਪੰਨ ਕਰਨ ਦਾ ਇਕ ਸਾਧਨ ਬਣ ਸਕਦਾ ਹੈ।

# ਦੀਵਾਲੀ ਅੰਮ੍ਰਿਤਸਰ ਦੀ....



**ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਹ ਦੀਵਾਲੀ ਹਰ ਵਰ੍ਹੇ ਜਿਥੇ ਸਿੱਖਾਂ ਲਈ ਖੁਸ਼ੀ ਦਾ ਪੈਗਾਮ ਲੈ ਕੇ ਆਉਂਦੀ ਹੈ, ਉਥੇ ਇਹ ਸਿੱਖਾਂ ਲਈ ਇਕ ਚੈਲਿੰਜ ਜਾਂ ਚੁਣੌਤੀ ਵੀ ਬਣਦੀ ਚਲੀ ਆਈ ਹੈ। ਸਭ ਤੋਂ ਵੱਡਾ ਚੈਲਿੰਜ ਗੁਰੂ ਕੇ ਪੰਥ ਨੂੰ ਇਸ ਮੇਲੇ ਦੇ ਪ੍ਰਸੰਗ ਵਿਚ ਓਦੋਂ ਹੋਇਆ ਜਦੋਂ ਕੈਬੋਵਾਲੀਏ ਭਾਈ ਮਨੀ ਸਿੰਘ ਜੋ ਗੁਰੂ ਤੇਗ ਬਹਾਦਰ ਸਮੇਂ ਹੀ ਪੰਜ ਸਾਲ ਦੀ ਉਮਰ ਵਿਚ ਗੁਰੂਘਰ ਦੇ ਹੋ ਗਏ ਸਨ ਤੇ ਜੋ ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਪਾਨ ਕਰਕੇ ਅੰਤਿਮ ਸਵਾਸਾਂ ਤੱਕ ਗੁਰੂ ਕੇ ਹੀ ਰਹੇ ਅਤੇ ਜਿਨ੍ਹਾਂ ਤੋਂ ਦਸਮ ਪਿਤਾ ਨੇ ਸ੍ਰੀ ਦਮਦਮਾ ਸਾਹਿਬ ਆਦਿ ਗ੍ਰੰਥਾਂ ਦੀ ਬੀੜ ਲਿਖਵਾਈ ਤੇ ਜੋ ਮਗਰੋਂ ਮਾਤਾ ਸੁੰਦਰੀ ਜੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ, ਨੇ ਸੰਨ 1733 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀਵਾਲੀ 'ਤੇ ਸਰਬੱਤ-ਖ਼ਾਲਸਾ' ਬੁਲਾਇਆ ਅਤੇ ਨਵਾਬ ਜ਼ਕਰੀਆ ਖਾਨ ਨੇ ਸਾਜਿਸ਼ ਅਧੀਨ ਸ਼ਹਿਰ ਦੀ ਨਾਕਾਬੰਦੀ ਕਰ ਲਈ ਜਿਸ ਦੇ ਫਲਸਰੂਪ ਸੰਗਤਾਂ ਘੱਟ ਪਹੁੰਚੀਆਂ ਅਤੇ ਚੜ੍ਹਾਵਾ ਵੀ ਬਹੁਤ ਘੱਟ ਚੜ੍ਹਿਆ। ਇਸ ਤਰ੍ਹਾਂ ਬਣਦਾ ਪੈਸਾ ਹੀ ਤਾਰਨ ਦੀ ਆੜ ਵਿਚ ਭਾਈ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਾਹਿਬ ਆਪਣੇ ਮੁੱਖੋਂ ਮੰਗ ਕੇ ਬੰਦ ਬੰਦ ਕਟਵਾ ਕੇ ਲਾਸਾਨੀ ਸ਼ਹਾਦਤ ਦੇ ਕੇ ਸਿੱਖ ਸ਼ਹਾਦਤ ਦੀ ਮਹਾਨ-ਪਰੰਪਰਾ ਦੇ ਉਚ-ਮੀਨਾਰ ਬਣ ਗੁਜ਼ਰੇ।**

**ਸ਼ੇਰ ਸਿੰਘ ਕੰਵਲ**

**ਦਾਲ ਰੋਟੀ ਘਰ ਦੀ !**

**ਦੀਵਾਲੀ ਅੰਬਰਸਰ ਦੀ !!**

ਪੁਰਾਤਨ ਸਮੇਂ ਹਿੰਦੂਆਂ ਵਿਚ ਇਹ ਤਿਓਹਾਰ ਲੱਛਮੀ ਅਥਵਾ ਮਾਇਆ ਦੇ ਪੂਜਨ ਵਜੋਂ ਮਨਾਇਆ ਜਾਂਦਾ ਸੀ। ਤਿਓਹਾਰ ਤੋਂ ਪਹਿਲਾਂ ਘਰ ਗਊ ਦੇ ਗੋਬਰ ਨਾਲ ਲਿੱਪੇ ਅਤੇ ਮਗਰੋਂ ਪਰੋਲੇ ਦਾ ਪੋਚਾ ਫੇਰਿਆ ਜਾਂਦਾ। ਕੁੜੀਆਂ ਸੁਆਣੀਆਂ ਘਰਾਂ ਨੂੰ ਸੁਆਰ-ਬਹਾਰ ਕੇ ਕੰਧਾਂ ਕੰਧੋਲੀਆਂ 'ਤੇ ਵੇਲ ਬੂਟੇ ਪਾਉਂਦੀਆਂ, ਚਿੱਤਰਕਾਰੀ ਕਰਦੀਆਂ ਤੇ ਲੱਛਮੀ ਦੇ ਸੁਆਗਤ ਲਈ ਦੀਵਾਲੀ ਦੀ ਆਥਣ ਨੂੰ ਕੰਧਾਂ ਬਨੇਰਿਆਂ-ਕੌਲਿਆਂ ਤੇ ਦੀਵੇ ਧਰ ਕੇ ਲੋਕ ਚਾਨਣ ਕਰਦੇ ਹਨ। ਸ਼ਾਇਦ ਇਸ ਲਈ ਕਿ ਕਿਤੇ ਲੱਛਮੀ ਮਾਈ ਹਨੇਰੇ ਕਾਰਨ ਘਰ ਵੜਨਾ ਹੀ ਨਾ ਭੁੱਲ ਜਾਵੇ। ਜੁਆਰੀਏ ਓਦੋਂ ਤੋਂ ਹੁਣ ਤੱਕ ਇਸ ਤਿਓਹਾਰ ਦੀ ਰਾਤ ਨੂੰ ਸਾਰੀ ਸਾਰੀ ਰਾਤ ਜੂਆ ਖੇਡਦੇ ਹਨ ਕਿ ਅੱਜ ਲੱਛਮੀ ਮਾਈ ਸਾਡੇ 'ਤੇ ਮਿਹਰਵਾਨ ਹੋ ਜਾਵੇਗੀ। ਸਾਡੇ ਵੱਲ ਮਾਇਆ ਆਵੇਗੀ (ਭਾਵੇਂ ਪਹਿਲੀ ਵੀ ਚਲੀ ਜਾਵੇ)

ਇਹ ਤਿਓਹਾਰ ਕੱਤਕ ਸੁਦੀ 30 ਨੂੰ ਆਉਂਦਾ ਹੈ। ਮਿਥਿਹਾਸਕ ਜਾਂ ਇਤਿਹਾਸਕ ਪੱਖੋਂ ਹਿੰਦੂਆਂ ਦੀ ਮਾਨਤਾ ਹੈ ਕਿ ਇਸ ਦਿਨ ਭਗਵਾਨ ਰਾਮ ਰਾਵਣ 'ਤੇ ਜਿੱਤ ਪ੍ਰਾਪਤ ਕਰਨ ਉਪਰੰਤ ਆਪਣੇ ਭਰਾ ਲਛਮਣ ਤੇ ਪਤਨੀ ਸੀਤਾ ਸਮੇਤ ਚੌਦਾਂ ਵਰ੍ਹੇ ਦਾ ਬਨਵਾਸ ਕੱਟਣ ਮਗਰੋਂ ਅਯੁੱਧਿਆ ਪਧਾਰੇ ਸਨ ਅਤੇ ਉਨ੍ਹਾਂ ਦੇ ਆਉਣ ਦੀ ਖੁਸ਼ੀ ਤੇ ਸੁਆਗਤ ਵਜੋਂ ਲੋਕਾਂ ਨੇ ਦੀਪ ਮਾਲਾ ਕੀਤੀ ਸੀ। ਫਿਰ ਆਏ ਸਾਲ ਇਹ ਤਿਓਹਾਰ ਹਿੰਦੂਆਂ ਵਲੋਂ ਚਾਓ ਅਤੇ ਹੁਲਾਸ ਨਾਲ ਮਨਾਂਉਣਾ ਜਾਰੀ ਹੋ ਗਿਆ। ਭਾਰਤ ਦੇ ਹੋਰ ਭਾਗਾਂ ਵਾਂਗ ਪੰਜਾਬ ਵਿਚ ਵੀ ਗੁਰੂ ਕਾਲ ਤੋਂ ਪਹਿਲੋਂ ਇਹ ਤਿਓਹਾਰ ਇਸੇ ਭਾਵਨਾ ਤਹਿਤ ਹੀ ਮਨਾਇਆ ਜਾਂਦਾ ਰਿਹਾ ਹੈ ਅਤੇ ਸਮਝੋ ਹੁਣ ਵੀ ਮਨਾਇਆ ਜਾਂਦਾ ਹੈ।

ਪਰ ਸਿੱਖਾਂ ਵਿਚ ਇਸ ਤਿਓਹਾਰ ਦਾ ਮੰਨਣ ਪ੍ਰੀਚਾਲਨ ਛਨਮ ਪੀਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਸੰਨ 1614 ਵਿਚ 52 ਰਾਜਿਆਂ ਨੂੰ ਰਿਹਾਅ ਕਰਵਾਉਣ ਉਪਰੰਤ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਪਹੁੰਚਣ 'ਤੇ ਬੰਦੀ ਛੋੜ ਦਿਵਸ' ਮਨਾਉਣ ਤੋਂ ਹੋਇਆ ਜਦੋਂ ਇਸ ਦਿਨ ਬਾਬਾ ਬੁੱਢਾ ਜੀ ਦੀ ਪ੍ਰੇਰਨਾ 'ਤੇ ਸੰਗਤਾਂ ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਦੀਪਮਾਲਾ ਕੀਤੀ। ਜਿਸ ਪ੍ਰਥਾਏ ਭਾਈ ਗੁਰਦਾਸ ਜੀ (ਪਹਿਲੇ) ਨੇ ਆਪਣੀ ਰਚਨਾ ਵਿਚ ਦੀਵਾਲੀ ਕੀ ਰਾਤ ਦੀਵੇ ਬਾਲੀਅਹਿ' ਦਾ ਸੰਦੇਸ਼ ਦਿੱਤਾ ਹੈ। ਉਸ ਸਮੇਂ ਤੋਂ ਹੀ ਸਿੱਖ ਇਸ ਤਿਓਹਾਰ ਨੂੰ ਬੰਦੀ ਛੋੜ ਦਿਵਸ' ਵਜੋਂ ਮਨਾਉਂਦੇ ਹਨ। ਸਤਿਗੁਰਾਂ ਦੇ ਇਸ ਇਤਿਹਾਸਕ ਕਾਰਜ ਦੀ ਯਾਦ ਗਵਾਲੀਅਰ ਦੇ ਕਿਲ੍ਹੇ ਵਿਚ ਸਥਿਤ ਗੁਰਦੁਆਰਾ ਸਾਹਿਬ ਵਿਚ ਇਕ ਲੋਹੇ ਦੀ ਤਖਤ 'ਤੇ ਬੰਦੀ ਛੋੜ ਦਿਵਸ' ਲਿਖਿਆ ਮਿਲਦਾ ਹੈ। ਉਸ ਸਮੇਂ ਤੋਂ ਹੁਣ ਤੱਕ ਸ੍ਰੀ ਅੰਮ੍ਰਿਤਸਰ ਦੇ ਦੀਵਾਲੀ ਅਥਵਾ ਬੰਦੀ ਛੋੜ ਦਿਵਸ ਦੇ ਮੇਲੇ ਦੀ ਸ਼ਾਨ ਛਵੀ ਵਧਦੀ ਹੀ ਚਲੀ ਜਾ ਰਹੀ ਹੈ। ਇਸ ਰਾਤ ਸ੍ਰੀ ਹਰਿਮੰਦਰ ਸਾਹਿਬ ਦਾ ਨਜ਼ਾਰਾ ਅਲੌਕਿਕ ਹੀ ਹੁੰਦਾ ਹੈ। ਦੇਸ਼ਾਂ ਵਿਦੇਸ਼ਾਂ ਤੋਂ ਗੁਰੂ ਚਰਨਾਂ ਦੇ ਭੌਰੇ ਸਿੱਖ ਹਫ਼ਤਾ ਪਹਿਲੋਂ ਤੋਂ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਉਮਡਣੇ-ਪਹੁੰਚਣੇ ਸ਼ੁਰੂ ਹੋ ਜਾਂਦੇ ਹਨ। ਸ਼ਹਿਰ ਵਿਚ ਹੋਟਲ ਸਰਾਵਾਂ ਆਦਿ ਬੁੱਕ ਹੋ ਜਾਂਦੇ ਹਨ। ਸ਼ਹਿਰ ਦੇ ਲਾਗਲੇ ਨਗਰਾਂ ਪਿੰਡਾਂ ਦੇ ਘਰ ਪ੍ਰਾਹੁਣਿਆਂ ਦੀ ਰੌਣਕ ਨਾਲ ਰੌਣਕੀਲੇ ਰੰਗੀਨ ਹੋ ਜਾਂਦੇ ਹਨ। ਦੀਵਾਲੀ ਦੇ ਦਿਨ ਦੁਪਹਿਰ ਤੋਂ ਹੀ ਸ੍ਰੀ ਦਰਬਾਰ ਸਾਹਿਬ ਮੱਥਾ ਟੇਕਣ ਉਪਰੰਤ ਪ੍ਰਕਰਮਾ ਵਿਚ ਚਾਈਂ ਚਾਈਂ ਹੋਰਾਂ ਤੋਂ ਪਹਿਲਾਂ ਹੀ ਥਾਵਾਂ ਮੱਲ ਬੈਠਦੇ ਹਨ ਤਾਂ ਕਿ ਸੁਨਹਿਰੀ ਪਲਾਂ ਤੋਂ ਕੋਈ ਪਲ ਵੀ ਅਣਡਿੱਠਾ ਨਾ ਨਿਕਲ ਜਾਵੇ। ਇਸ ਸ਼ਾਮ ਪ੍ਰਕਰਮਾ ਵਿਚ ਕਿਧਰੇ ਤਿਲ ਸੁੱਟਣ ਨੂੰ ਥਾਂ ਨਹੀਂ ਹੁੰਦੀ। ਸ਼ਾਮ ਉਤਰਦੇ ਹੀ ਬੇਸ਼ੁਮਾਰ ਲਾਈਟਾਂ, ਬਲਬਾਂ, ਮੋਮਬੱਤੀਆਂ ਨਾਲ ਰੋਸ਼ਨੀ ਦਾ ਮਾਨੋ ਕੋਈ ਹੜ੍ਹ ਹੀ ਆ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਦੀ ਸਜਾਵਟ 'ਤੇ ਝਿਲਮਲਾਹਟ ਕਮਾਲ ਦੀ ਦਿਲਕਸ਼ ਹੁੰਦੀ ਹੈ। ਇਸ ਦੇ ਦਰਸ਼ਨ ਕਰਦਿਆਂ ਤੇ ਗੁਰਬਾਣੀ ਸਰਵਣ ਕਰਦਿਆਂ ਇਹ ਅਨੁਭਵ ਹੁੰਦਾ ਹੈ ਜਿਵੇਂ ਅਸੀਂ ਧਰਤੀ ਤੇ ਨਹੀਂ ਸਤਿਗੁਰਾਂ ਦੀ ਗੋਦ ਵਿਚ ਬਹਿਸ਼ਤ ਵਿਚ ਹੀ ਬੈਠੇ ਹੋਈਏ। ਪ੍ਰਕਰਮਾ ਵਿਚ ਬੈਠੇ ਆਨੰਦਿਤ ਤੇ ਸਰਸ਼ਾਰ ਸ਼ਰਧਾਲੂ ਜਦ ਕੀਰਤਨ ਦੀਆਂ ਧੁਨਾ ਨਾਲ ਰਾਮਦਾਸ ਸਰੋਵਰ ਤੋਂ ਉਠਦੀਆਂ ਰੁਮਕਦੀਆਂ ਲਹਿਰਾਂ ਛੱਲਾਂ ਤਰੰਗਾਂ ਦਾ ਨਜ਼ਾਰਾ ਅੱਖੀਆਂ ਥੀਂ ਚੱਖਦੇ ਅਤੇ ਰੋਸ਼ਨੀ ਦੇ ਹੜ੍ਹ 'ਚ ਹੜ੍ਹਦੇ ਹਨ ਤਾਂ ਇਹ ਛਿਣ ਸਚਮੁਚ ਹੀ ਉਨ੍ਹਾਂ ਲਈ ਜਿੰਦਗੀ ਦੇ ਸੁਨਹਿਰੇ ਪਲ ਹੁੰਦੇ ਹਨ। ਆਤਮਿਕ ਖੁਰਾਕ ਦੇ ਨਾਲ ਨਾਲ ਗੁਰੂ ਕੇ ਅਤੁੱਟ ਲੰਗਰ ਤਾਂ ਚੌਂਤੋ ਪਹਿਰ ਸੰਗਤਾਂ ਲਈ ਵਰਤਦੇ ਹੀ ਰਹਿੰਦੇ ਹਨ। ਫਿਰ ਪ੍ਰਕਰਮਾ ਵਿਚ ਕਿਸੇ ਸ਼ਾਂਤੀ ਬੂੰਦ ਲਈ ਤਰਸਦੇ ਭੌਰੇ ਵਾਂਗ ਸ਼ਰਧਾਲੂ ਰੀਝਾਵਲੇ ਨੈਣ ਵਿਛਾ ਕੇ ਛੇਵੇਂ ਸਤਿਗੁਰਾਂ ਦੀ ਆਮਦ ਵਿਚ ਚਲਾਈ ਜਾਣ ਵਾਲੀ ਆਤਿਸ਼ਬਾਜ਼ੀ ਦਾ ਇੰਤਜ਼ਾਰ ਬੜੀ ਹੀ ਬਿਹਬਲਤਾ ਤੇ ਬੇਤਾਬੀ ਨਾਲ ਕਰਦੇ ਹਨ ਅਤੇ ਜਦੋਂ ਸਿੱਕਾਂ-ਸਿਕਦਿਆਂ ਉਡੀਕਦਿਆਂ-ਤਾਂਘਦਿਆਂ ਆਤਿਸ਼ਬਾਜ਼ੀ ਚਲਦੀ ਹੈ ਤਾਂ ਇਹ ਗੁਰਾਂ ਦੇ ਸ਼ਰਧਾਲੂ ਸਿੱਖ ਭੌਰੇ ਚਾਅ ਵਿਚ ਇੰਝ ਉਮ੍ਹਲਦੇ-ਚਾਂਵਲਦੇ ਹਨ ਜਿਵੇਂ ਇਨ੍ਹਾਂ ਸਾਹਵੇਂ ਛੇਵੇਂ ਸਤਿਗੁਰੂ ਹੁਣੇ ਹੀ ਗਵਾਲੀਅਰ ਦੇ ਕਿਲ੍ਹੇ ਵਿਚੋਂ ਆਏ ਹੋਵਣ।

ਸ੍ਰੀ ਅੰਮ੍ਰਿਤਸਰ ਸਾਹਿਬ ਦੀ ਇਹ ਦੀਵਾਲੀ ਹਰ ਵਰ੍ਹੇ ਜਿਥੇ ਸਿੱਖਾਂ ਲਈ ਖੁਸ਼ੀ ਦਾ ਪੈਗਾਮ ਲੈ ਕੇ ਆਉਂਦੀ ਹੈ, ਉਥੇ ਇਹ ਸਿੱਖਾਂ ਲਈ ਇਕ ਚੈਲਿੰਜ ਜਾਂ ਚੁਣੌਤੀ ਵੀ ਬਣਦੀ ਚਲੀ ਆਈ ਹੈ। ਸਭ ਤੋਂ ਵੱਡਾ ਚੈਲਿੰਜ ਗੁਰੂ ਕੇ ਪੰਥ ਨੂੰ ਇਸ ਮੇਲੇ ਦੇ ਪ੍ਰਸੰਗ ਵਿਚ ਓਦੋਂ ਹੋਇਆ ਜਦੋਂ ਕੈਬੋਵਾਲੀਏ ਭਾਈ ਮਨੀ ਸਿੰਘ ਜੋ ਗੁਰੂ ਤੇਗ ਬਹਾਦਰ ਸਮੇਂ ਹੀ ਪੰਜ ਸਾਲ ਦੀ ਉਮਰ ਵਿਚ ਗੁਰੂਘਰ ਦੇ ਹੋ ਗਏ ਸਨ ਤੇ ਜੋ ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਪਾਨ ਕਰਕੇ ਅੰਤਿਮ ਸਵਾਸਾਂ ਤੱਕ ਗੁਰੂ ਕੇ ਹੀ ਰਹੇ ਅਤੇ ਜਿਨ੍ਹਾਂ ਤੋਂ ਦਸਮ ਪਿਤਾ ਨੇ ਸ੍ਰੀ ਦਮਦਮਾ ਸਾਹਿਬ ਆਦਿ ਗ੍ਰੰਥਾਂ ਦੀ ਬੀੜ ਲਿਖਵਾਈ ਤੇ ਜੋ ਮਗਰੋਂ ਮਾਤਾ ਸੁੰਦਰੀ ਜੀ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਥਾਪੇ ਗਏ, ਨੇ ਸੰਨ 1733 ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀਵਾਲੀ 'ਤੇ ਸਰਬੱਤ-ਖ਼ਾਲਸਾ' ਬੁਲਾਇਆ ਅਤੇ ਨਵਾਬ ਜ਼ਕਰੀਆ ਖਾਨ ਨੇ ਸਾਜਿਸ਼ ਅਧੀਨ ਸ਼ਹਿਰ ਦੀ ਨਾਕਾਬੰਦੀ ਕਰ ਲਈ ਜਿਸ ਦੇ ਫਲਸਰੂਪ ਸੰਗਤਾਂ ਘੱਟ ਪਹੁੰਚੀਆਂ ਅਤੇ ਚੜ੍ਹਾਵਾ ਵੀ ਬਹੁਤ ਘੱਟ ਚੜ੍ਹਿਆ। ਇਸ ਤਰ੍ਹਾਂ ਬਣਦਾ ਪੈਸਾ ਹੀ ਤਾਰਨ ਦੀ ਆੜ ਵਿਚ ਭਾਈ ਸਾਹਿਬ ਨੂੰ ਸ਼ਹੀਦ ਕਰ ਦਿੱਤਾ ਗਿਆ ਅਤੇ ਭਾਈ ਸਾਹਿਬ ਆਪਣੇ ਮੁੱਖੋਂ ਮੰਗ ਕੇ ਬੰਦ ਬੰਦ ਕਟਵਾ ਕੇ ਲਾਸਾਨੀ ਸ਼ਹਾਦਤ ਦੇ ਕੇ ਸਿੱਖ ਸ਼ਹਾਦਤ ਦੀ ਮਹਾਨ-ਪਰੰਪਰਾ ਦੇ ਉਚ-ਮੀਨਾਰ ਬਣ ਗੁਜ਼ਰੇ।



ਇਸ ਲਾਸਾਨੀ ਸ਼ਹਾਦਤ ਤੋਂ ਉਪਰੰਤ ਸਿੱਖਾਂ ਲਈ ਤਿਓਹਾਰ-ਇਕ ਤਿਓਹਾਰ ਜਾਂ ਮੇਲਾ ਹੀ ਨਹੀਂ ਰਿਹਾ ਸਗੋਂ ਇਕ ਜਗਦਾ ਮੱਘਦਾ ਪ੍ਰਸ਼ਨ ਵੀ ਬਣ ਗਿਆ ਕਿ ਉਨ੍ਹਾਂ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਵਾਂਗ ਜ਼ੁਲਮ ਵਿਰੁਧ ਜੂਝਦਿਆਂ ਗੁਲਾਮੀ ਦੇ ਬੰਧਨ ਤੋੜਨੇ ਹਨ ਅਤੇ ਭਾਈ ਮਨੀ ਸਿੰਘ ਜੀ ਵਾਂਗ ਸੱਚ ਦੇ ਪਾਸਾਰ ਲਈ ਕੁਰਬਾਨੀ ਦਾ ਅਹਿਦ ਦੁਹਰਾਣਾ ਹੈ ਜਾਂ ਆਪਣੇ ਸ਼ਾਨਾ ਮੱਤੇ ਵਿਰਸੇ ਨੂੰ ਵਿਸਾਰਦੇ ਜਾਣਾ ਹੈ।



# ਦੀਵਾਲੀ ਦੀ ਰਾਤਿ..

ਰੌਸ਼ਨੀਆਂ ਦਾ ਤਿਓਹਾਰ ਦੀਵਾਲੀ ਭਾਰਤ ਦੇ ਤਿਓਹਾਰਾਂ ਦੀ ਸੁੰਦਰ ਮਾਲਾ ਦਾ ਚਮਕਦਾ ਮੋਤੀ ਹੈ। ਇਹ ਤਿਓਹਾਰ ਨਾ ਸਿਰਫ਼ ਭਾਰਤ ਬਲਕਿ ਦੁਨੀਆਂ ਭਰ ਵਿਚ ਵਸੇ ਭਾਰਤੀ ਮੂਲ ਦੇ ਲੋਕ ਬੜੇ ਚਾਅ ਤੇ ਧਾਰਮਿਕ ਰਵਾਇਤਾਂ ਨਾਲ ਮਨਾਉਂਦੇ ਹਨ। ਸਿੱਖ ਧਰਮ ਵਿਚ ਇਸ ਦਾ ਇਤਿਹਾਸਕ ਪਿਛੋਕੜ ਵਿਲੱਖਣ ਹੈ। ਮੁਗ਼ਲ ਬਾਦਸ਼ਾਹ ਜਹਾਂਗੀਰ ਦੇ ਸ਼ਾਸ਼ਨ ਦੌਰਾਨ ਗਵਾਲੀਅਰ ਦੇ ਕਿਲ੍ਹੇ 'ਚ ਨਜ਼ਰਬੰਦੀ ਮਗਰੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ 52 ਰਾਜਿਆਂ ਨੂੰ ਵੀ ਅਪਣੇ ਨਾਲ ਰਿਹਾਅ ਕਰਵਾ ਕੇ ਲੈ ਆਏ। ਰਿਹਾਈ ਉਪਰੰਤ ਗੁਰੂ ਜੀ ਦੀਵਾਲੀ ਵਾਲੇ ਦਿਨ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਗੁਰੂ ਜੀ ਦੇ ਆਗਮਨ 'ਤੇ ਦਰਸ਼ਨਾਂ ਦੀ ਖੁਸ਼ੀ ਵਿਚ ਬਾਬਾ ਬੁੱਢਾ ਜੀ ਦੇ ਹੁਕਮਾਂ 'ਤੇ ਸ਼ਹਿਰ ਵਿਚ ਦੇਸੀ ਘਿਓ ਦੇ ਦੀਵੇ ਜਗਾ ਕੇ ਦੀਪਮਾਲਾ ਕੀਤੀ। ਇਸ ਪ੍ਰਕਾਰ ਪ੍ਰਕਾਰ ਇਹ ਦਿਨ ਸਿੱਖਾਂ ਵਿਚ ਬੰਦੀ-ਛੋੜ ਦਿਵਸ ਦੇ ਨਾਂ ਨਾਲ ਪ੍ਰਚਲਿਤ ਹੋਇਆ। ਇਸ ਦਿਨ ਤੋਂ ਹੀ ਦੀਵਾਲੀ ਦਾ ਸਬੰਧ ਸਿੱਖ ਇਤਿਹਾਸ ਨਾਲ ਜੁੜ ਗਿਆ।

**ਗੁਰਬਿੰਦਰ ਸਿੰਘ ਮਾਣਕ**

ਵਿਸ਼ਾਲ ਭਾਰਤ ਗੌਰਵਮਈ ਤਿਓਹਾਰਾਂ ਦੀ ਭੂਮੀ ਹੈ। ਵੱਖ ਵੱਖ ਧਰਮਾਂ, ਜਾਤਾਂ, ਬੋਲੀਆਂ ਵਿਸ਼ਵਾਸਾਂ ਅਤੇ ਅਕੀਦਿਆਂ ਦੇ ਬਾਵਜੂਦ ਤਿਓਹਾਰਾਂ ਦੇ ਖਿੜੇ ਹੋਏ ਖ਼ੂਬਸੂਰਤ ਗੁਲਾਬ ਭਾਰਤ ਦੀ ਧਰਤੀ ਨੂੰ ਮਹਿਕਾਈ ਰੱਖਦੇ ਹਨ। ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਅਤੇ ਗੁਜਰਾਤ ਤੋਂ ਲੈ ਕੇ ਧੁਰ ਉੱਤਰ ਪੂਰਬ ਤੱਕ ਵਿਸ਼ਾਲਤਾ ਤੋਂ ਵਿਲੱਖਣਤਾ ਦਾ ਪ੍ਰਤੀਕ ਭਾਰਤ ਅਨੇਕਤਾ ਦੇ ਬਾਵਜੂਦ ਵੱਖ ਵੱਖ ਤਿਓਹਾਰਾਂ ਦੀ ਬਦੌਲਤ ਏਕਤਾ ਦੇ ਸੂਤਰ ਵਿਚ ਬੱਝਾ ਹੋਇਆ ਹੈ।

ਰੌਸ਼ਨੀਆਂ ਦਾ ਤਿਓਹਾਰ ਦੀਵਾਲੀ ਭਾਰਤ ਦੇ ਤਿਓਹਾਰਾਂ ਦੀ ਸੁੰਦਰ ਮਾਲਾ ਦਾ ਚਮਕਦਾ ਮੋਤੀ ਹੈ। ਇਸ ਤਿਓਹਾਰ ਨੂੰ ਕੇਵਲ ਭਾਰਤ ਵਿਚ ਹੀ, ਸਗੋਂ ਸੰਸਾਰ ਦੇ ਜਿਸ ਕੋਨੇ ਵਿਚ ਵੀ ਭਾਰਤੀ ਵਸੇ ਹਨ, ਪੂਰੀਆ ਪ੍ਰੰਪਰਕ ਰਵਾਇਤਾਂ ਤੇ ਸਜ-ਧਜ ਨਾਲ ਮਨਾਇਆ ਜਾਦਾ ਹੈ। ਇਹ ਭਾਰਤ ਦੇ ਧਾਰਮਿਕ ਅਤੇ ਇਤਿਹਾਸਕ ਵਿਰਸੇ ਦਾ ਅਟੁੱਟ ਹਿੱਸਾ ਬਣ ਗਿਆ ਹੈ। ਦੀਵਾ ਰੋਸ਼ਨੀ ਦਾ ਪ੍ਰਤੀਕ ਹੈ ਤੇ ਰੋਸ਼ਨੀ ਜਿੰਦਗੀ ਦੀ। ਜਿਵੇਂ ਹਨੇਰੇ ਨੂੰ ਦੂਰ ਭਜਾਉਣ ਲਈ ਇਕ ਦੀਵਾ ਹੀ ਕਾਫ਼ੀ ਹੈ, ਉਸੇ ਤਰ੍ਹਾਂ ਮਨਾਂ ਵਿਚੋਂ ਹਨੇਰੇ ਤੇ ਬਦੀ ਨੂੰ ਦੂਰ ਕਰਨ ਲਏ ਗਿਆਨ ਰੂਪੀ ਰੋਸ਼ਨੀ ਦਾ ਹੋਣਾ ਬੇਹੱਦ ਜ਼ਰੂਰੀ ਹੈ। ਸਮੇਂ ਦੇ ਬੀਤਣ ਨਾਲ ਤਿਓਹਾਰਾਂ ਦੇ ਅਰਥ ਬਦਲ ਗਏ ਹਨ। ਸਾਡੇ ਮਨਾਂ ਵਿਚੋਂ ਮੋਹ, ਪਿਆ ਅਤੇ ਸਦਭਾਵਨਾ ਕਿਤੇ ਗੁਆਚ ਗਈ ਹੈ। ਮਨੁੱਖ ਦੇ ਲਾਲਚੀ ਤੇ ਸਵਾਰਥੀ ਸੁਭਾਅ ਨੇ ਸਮਾਜ ਨੂੰ ਕਾਲਖਾਂ ਦੀ ਡੂੰਘੀ ਖਾਈ ਵਿਚ ਸੁੱਟ ਦਿੱਤਾ ਹੈ। ਆਲੇ ਦੁਆਲੇ ਪਸਰੀਆਂ ਰੋਸ਼ਨੀਆਂ ਦੀ ਚਕਾਚੌਂਧ ਦੇ ਬਾਵਜੂਦ ਮਨੁੱਖੀ ਮਨਾਂ ਵਿਚ ਹਨੇਰਾ ਵਸਿਆ ਹੋਇਆ ਹੈ।

ਸਮਾਜ ਵਿਚ ਸਾੜਾ, ਨਫ਼ਰਤ ਅਤੇ ਖ਼ੁਦਗਰਜ਼ੀ ਦੀਆਂ ਦੀਵਾਰਾਂ ਲਗਾਤਾਰ ਉੱਚੀਆਂ ਹੋ ਰਹੀਆਂ ਹਨ। ਤਿਓਹਾਰਾਂ ਨੂੰ ਉਨ੍ਹਾਂ ਦੇ ਅਸਲੀ ਸੰਦਰਭ ਵਿਚ ਮਨਾਉਣ ਦੀ ਥਾਂ ਅਸੀਂ ਆਪਣੀ ਹਉਮੈ ਨੂੰ ਪੱਠੇ ਪਾ ਰਹੇ ਹਾਂ। ਸਾਡੀ ਜ਼ਿੰਦਗੀ ਵਿਚੋਂ ਸਾਦਗੀ ਤੇ ਸੰਜਮ ਤਾਂ ਕਿਤੇ ਖੰਭ ਲਾ ਕੇ ਉਡ ਗਏ ਹਨ। ਸਮਾਜ ਦੇ ਬਹੁਗਿਣਤੀ ਲੋਕ ਭੇਡ ਚਾਲ ਦੇ ਰਾਹ ਪੈ ਗਏ ਹਨ। ਦੀਵਾਲੀ ਤੋਂ ਕਈ ਦਿਨ ਪਹਿਲਾਂ ਹੀ ਪਟਾਕਿਆਂ ਦਾ ਸ਼ੋਰ ਤੇ ਗੰਧਲਾ ਧੂੰਆਂ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨਾ ਸ਼ੁਰੂ ਕਰ ਦਿੰਦਾ ਹੈ। ਲੱਖਾਂ ਰੁਪਏ ਪਟਾਕਿਆਂ ਤੇ ਆਤਿਸ਼ਬਾਜ਼ੀ ਦੇ ਨਾਂਅ ਉੱਤੇ ਫੂਕ ਦਿੱਤੇ ਜਾਂਦੇ ਹਨ। ਆਲੇ ਦੁਆਲੇ ਵਿਚ ਕੰਨ ਪਾੜਵਾਂ ਸ਼ੋਰ



ਤੇ ਕਾਲਾ ਸੰਘਣਾ ਧੂੰਆਂ ਫੈਲ ਕੇ ਵਾਤਾਵਰਣ ਨੂੰ ਪਲੀਤ ਕਰਦਾ ਹੈ। ਸਾਡੇ ਮਨਾਂ ਵਿਚ ਸ਼ਾਇਦ ਇਹ ਗੱਲ ਵਸ ਗਈ ਹੈ ਕਿ ਜੇ ਪਟਾਕੇ ਨਾ ਚਲਾਏ ਜਾਂ ਆਤਿਸ਼ਬਾਜ਼ੀ ਨਾ ਕੀਤੀ ਤਾਂ ਫਿਰ ਕਾਹਦੀ ਦੀਵਾਲੀ ਮਨਾਈ। ਹਰ ਸਾਲ ਹੀ ਦੀਵਾਲੀ ਦੀ ਰਾਤ ਅਨੇਕਾਂ ਦੁਖਦਾਈ ਹਾਦਸੇ ਵਾਪਰਦੇ ਹਨ। ਅੱਗਾਂ ਲੱਗਦੀਆਂ ਹਨ, ਮਾਸੂਮ ਜ਼ਿੰਦਾਂ ਭੰਗ ਦੇ ਭਾੜੇ ਜਾਨ ਗੁਆ ਬਹਿੰਦੀਆਂ ਹਨ। ਕਿਸੇ ਦਾ ਹੱਥ ਸੜ ਜਾਂਦਾ ਹੈ ਤੇ ਕਿਸੇ ਦੀ ਅੱਖ ਚਲੀ ਜਾਂਦੀ ਹੈ। ਵਿਸ਼ੈਲੇ ਧੂੰਏ ਦੀ ਬਦੌਲਤ ਸਾਹ ਲੈਣਾ ਔਖਾ ਹੋ ਜਾਂਦਾ ਹੈ। ਵਧ ਰਿਹਾ ਸ਼ੋਰ ਪ੍ਰਦੂਸ਼ਣ ਕਈ ਤਰ੍ਹਾਂ ਦੇ ਤਣਾਅ ਤੇ ਮਾਨਸਿਕ ਰੋਗ ਪੈਦਾ ਕਰਦਾ ਹੈ। ਇਸ ਤਰ੍ਹਾਂ ਢੋਲ ਢਮੱਕੇ ਨਾਲ ਮਨਾਈ ਦੀਵਾਲੀ ਦਾ ਲਾਭ ਦੀ ਥਾਂ ਨੁਕਸਾਨ ਵਧੇਰੇ ਹੁੰਦਾ ਹੈ। ਇਸ ਦੇ ਉਲਟ ਜੇਕਰ ਦੀਵਾਲੀ ਸਾਦਗੀ, ਸੰਜਮ, ਪਿਆਰ, ਮੁਹੱਬਤ, ਮਿਲਵਰਤਨ ਤੇ ਭਾਈਚਾਰਕ ਸਾਂਝ ਨਾਲ ਮਨਾਉਣ ਦੀ ਪਿਰਤ ਪਾਈ ਜਾਵੇ ਤਾਂ ਖ਼ੁਸ਼ੀ ਦੂਣ ਸਵਾਈ ਹੋ ਸਕਦੀ ਹੈ।

ਦੀਵਾਲੀ ਦੇ ਤਿਓਹਾਰ ਮੌਕੇ ਸੱਜਣਾਂ ਮਿੱਤਰਾਂ, ਪਿਆਰਿਆਂ ਨੂੰ ਤੋਹਫ਼ੇ ਦੇਣੇ ਸਦਭਾਵਨਾ ਦਾ ਪ੍ਰਤੀਕ ਹਨ, ਪਰ ਇਨ੍ਹਾਂ ਤੋਹਫਿਆਂ ਪਿੱਛੇ ਹਾਊਮੈ ਤੇ ਸਵਾਰਥ ਨਹੀਂ ਹੋਣਾ ਚਾਹੀਦਾ। ਜੇ ਤੋਹਫਾ ਦੇਣ ਪਿੱਛੇ ਖ਼ੁਦਗਰਜ਼ੀ ਛਿਪੀ ਹੋਵੇ ਤਾਂ ਇਹ ਅਰਥਹੀਣ ਹੋ ਜਾਂਦਾ ਹੈ। ਸਿਆਸੀ ਵਿਅਕਤੀਆਂ, ਵੱਡੇ ਨੌਕਰਸ਼ਾਹਾਂ ਅਤੇ ਕਾਰੋਬਾਰੀ ਅਦਾਰਿਆਂ ਵਿਚ ਵੱਡੇ ਵਿਅਕਤੀਆਂ ਨੂੰ ਮਿਲਦੇ ਮਹਿੰਗੇ ਤੋਹਫਿਆਂ ਪਿੱਛੇ ਕੋਈ ਨਾ ਕੋਈ ਮਕਸਦ ਜ਼ਰੂਰ ਛੁਪਿਆ ਰਹਿੰਦਾ ਹੈ। ਜੇ ਕਾਲੇ ਧੰਦਿਆਂ ਵਿਚੋਂ ਕਮਾਏ ਧਨ ਨਾਲ ਕਿਸੇ ਨੂੰ ਮਹਿੰਗਾ ਤੋਹਫ਼ਾ ਦੇ ਵੀ ਦਿੱਤਾ ਜਾਵੇ ਤਾਂ ਤੋਹਫ਼ੇ ਦੀ ਆਭਾ ਖਤਮ ਹੋ ਜਾਂਦੀ ਹੈ। ਰਾਸ਼ਟਰਪਤੀ ਦੇ ਅਹੁਦੇ ਤੋਂ ਮੁਕਤ ਹੋਏ ਡਾ. ਏ.ਪੀ. ਜੇ ਅਬਦੁਲ ਕਲਾਮ ਸ਼ਾਇਦ ਇਸੇ ਕਾਰਨ ਹੀ ਕਿਸੇ ਤੋਂ ਕੋਈ ਤੋਹਫ਼ਾ ਪ੍ਰਵਾਨ ਨਹੀਂ ਕਰਦੇ ਕਿ ਕਿਤੇ ਤੋਹਫ਼ਾ ਦੇਣ ਵਾਲੇ ਦੇ ਮਨ ਵਿਚ ਕੋਈ ਸਵਾਰਥ ਤੇ ਮੰਦਭਾਵਨਾ ਨਾ ਹੋਵੇ। ਤਿਓਹਾਰ ਸਦਭਾਵਨਾ ਤੇ ਪ੍ਰੇਮ ਦਾ ਸੰਦੇਸ਼ ਦਿੰਦੇ ਹਨ। ਸਮਾਜ ਵਿਚ ਭਾਈਚਾਰਕ ਸਾਂਝ ਦੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਿਚ ਦੀਵਾਲੀ ਵਰਗੇ ਤਿਓਹਾਰ ਦੀ ਵਿਸ਼ੇਸ਼ ਮਹੱਤਤਾ ਹੈ। ਦੀਵਾਲੀ ਦੇ ਦੀਵਿਆਂ ਦੀ ਰੋਸ਼ਨੀ ਸਾਨੂੰ ਪਿਆਰ, ਮੁਹੱਬਤ ਤੇ ਸਦਭਾਵਨਾ ਭਰਪੂਰ ਵਤੀਰਾ ਧਾਰਨ ਕਰਕੇ ਸਮਾਜ ਵਿਚ ਵਿਚਰਨ ਦੀ ਪ੍ਰੇਰਨਾ ਦਿੰਦੀ ਹੈ। ਆਪਸੀ ਵੈਰ ਵਿਰੋਧ, ਨਫ਼ਰਤ, ਕੁੜੱਤਣ ਤੇ ਕਮੀਨਗੀ ਨੂੰ ਭੁਲਾ ਕੇ ਦੀਵਿਆਂ ਦੀ ਲੋਅ ਸਾਨੂੰ ਮਾਨਵੀ ਗੁਣ ਅਪਣਾਉਣ ਲਈ ਪ੍ਰੇਰਿਤ ਕਰਦੀ ਹੈ। ਸਮਾਜ ਦੇ ਵੱਖ ਵੱਖ ਵਰਗਾਂ ਵਿਚ ਸਦਭਾਵਨਾ ਤੇ ਭਾਈਚਾਰਕ ਸਾਂਝ ਪੈਦਾ ਕਰਨੀ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਸਮਾਜ ਵਿਚ ਫੈਲੀਆਂ ਅਨੇਕਾਂ ਬੁਰਾਈਆਂ ਨੂੰ ਆਪਣੇ ਮਨਾਂ ਵਿਚ ਗਿਆਨ ਦੀ ਰੋਸ਼ਨੀ ਕਰਕੇ ਦੂਰ ਕਰਨ ਦੇ ਉਪਰਾਲੇ ਕਰਨੇ ਹੀ ਇਸ ਤਿਓਹਾਰ ਨੂੰ ਮਨਾਉਣ ਦੀ ਸਾਰਥਿਕਤਾ ਹੋ ਸਕਦੀ ਹੈ। ਸਾਦਗੀ ਤੇ ਸੰਜਮ ਸਾਡੇ ਜੀਵਨ ਵਿਚੋਂ ਅਲੋਪ ਹੋ ਰਹੇ ਹਨ। ਅਸੀਂ ਫ਼ਜ਼ੂਲ ਗੱਲਾਂ ਉੱਤੇ ਹੀ ਹਜ਼ਾਰਾਂ ਰੁਪਏ ਖਰਚ ਕਰ ਦਿੰਦੇ ਹਾਂ। ਸਾਨੂੰ ਇਸ ਸੋਚ ਤੋਂ ਬਚਣ ਦੀ ਲੋੜ ਹੈ। ਅਸੀਂ ਘਰਾਂ ਦੇ ਬਨੇਰਿਆਂ 'ਤੇ ਦੀਪਮਾਲਾ ਕਰੀਏ ਪਰ ਮਨਾਂ ਦੀਆਂ ਮੰਮਟੀਆਂ 'ਤੇ ਵੀ ਪਿਆਰ, ਮੁਹੱਬਤ ਤੇ ਭਾਈਚਾਰਕ ਸਾਂਝ ਦੇ ਦੀਵੇ ਜ਼ਰੂਰ ਬਾਲੀਏ।

# ਆਓ ! ਮਨਾਂ ਨੂੰ ਉੱਜਲ ਕਰੀਏ

**ਪ੍ਰਿੰਸੀਪਲ ਸੇਵਾ ਸਿੰਘ ਚਾਵਲਾ**



ਦੀਵਾਲੀ ਸਾਰੇ ਦੇਸ਼ ਵਿਚ ਮਨਾਈ ਜਾਂਦੀ ਹੈ ਬਲਕਿ ਦੁਨੀਆ ਵਿਚ ਜਿਥੇ ਵੀ ਭਾਰਤੀ ਰਹਿੰਦੇ ਹਨ, ਦੀਵਾਲੀ ਦਾ ਤਿਓਹਾਰ ਬੜੇ ਉਤਸ਼ਾਹ ਤੇ ਚਾਅ ਨਾਲ ਮਨਾਉਂਦੇ ਹਨ। ਦੀਵਾਲੀ ਰੋਸ਼ਨੀਆਂ ਦਾ ਤਿਓਹਾਰ ਹੈ। ਦੀਵੇ, ਮੋਮਬੱਤੀਆਂ ਬਾਲ ਕੇ ਘਰਾਂ, ਦਫਤਰਾਂ ਅਤੇ ਬਹੁਤ ਸਾਰੀਆਂ ਸਾਂਝੀਆਂ ਥਾਵਾਂ 'ਤੇ ਰੋਸ਼ਨੀ ਕੀਤੀ ਜਾਂਦੀ ਹੈ। ਅੱਜ ਤਾਂ ਰੋਸ਼ਨੀ ਕਰਨ ਵਾਲੀਆਂ ਅਨੇਕਾਂ ਪ੍ਰਕਾਰ ਦੀਆਂ ਬਿਜਲਈ ਲੜੀਆਂ ਆਦਿ ਨਾਲ ਬਾਜ਼ਾਰ ਭਰੇ ਪਏ ਹਨ। ਦੀਵਾਲੀ ਵਾਲੇ ਦਿਨ ਦੀ ਉਡੀਕ ਹਰ ਬੱਚੇ, ਜਵਾਨ ਅਤੇ ਬਜ਼ੁਰਗ ਨੂੰ ਵੀ ਹੁੰਦੀ ਹੈ।

ਦੀਵਾਲੀ ਦੇ ਸ਼ੁੱਭ ਤਿਓਹਾਰ 'ਤੇ ਵਧਾਈਆਂ ਦੇਣ ਦਾ ਸਿਲਸਿਲਾ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਹੈ। ਮਠਿਆਈਆਂ ਦੀਆਂ ਦੁਕਾਨਾਂ 'ਤੇ ਭੀੜ ਵਧਣੀ ਸ਼ੁਰੂ ਹੋ ਜਾਂਦੀ ਹੈ। ਤੋਹਫ਼ੇ ਅਤੇ ਮਠਿਆਈਆਂ ਦੇ ਡੱਬੇ ਵੰਡਣ ਦਾ ਰੁਝਾਨ ਵਧਦਾ ਜਾ ਰਿਹਾ ਹੈ।

14 ਸਾਲ ਬਨਵਾਸ ਕੱਟ ਕੇ ਵਾਪਸ ਆ ਕੇ ਰਾਮ ਚੰਦਰ ਜੀ ਨੇ ਅਯੁੱਧਿਆ ਦਾ ਰਾਜ ਭਾਗ ਸੰਭਾਲ ਕੇ ਜੋ ਰਾਜ ਸਥਾਪਤ ਕੀਤਾ, ਉਨ੍ਹਾਂ ਨੂੰ ਸੁਨਹਿਰੀ ਅੱਖਰਾਂ ਵਿਚ ਲਿਖਦੇ ਹੋਏ ਭਾਰਤਵਾਸੀ ਅਸੀਂ ਰਾਮ ਰਾਜ ਅਰਥਾਤ ਉੱਤਮ ਰਾਜ ਨਾਲ ਯਾਦ ਕਰਦੇ ਹਨ। ਚੰਗਿਆਈਆਂ ਭਰੇ ਰਾਜ ਵਿਚ ਰਾਜਾ ਕੇਵਲ ਪਰਜਾ ਦੇ ਸੁੱਖ ਆਰਾਮ ਬਾਰੇ ਸੋਚਦਾ ਹੈ, ਹਰ ਤਰ੍ਹਾਂ ਦੀ ਭਲਾਈ ਦੇ ਕੰਮਾਂ ਦੁਆਰਾ ਪਰਜਾ ਨੂੰ ਰਾਜ ਸੁਖ ਪ੍ਰਦਾਨ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਲੁੱਟ ਖਸੁੱਟ ਜਾਂ ਜ਼ੋਰ ਜ਼ਬਰਦਸਤੀ ਨਹੀਂ ਕੀਤੀ ਜਾਂਦੀ ਆਦਿ। ਰਾਮ ਰਾਜ ਦੀਆਂ ਇਨ੍ਹਾਂ ਲੀਹਾਂ 'ਤੇ ਚਲਦੇ ਹੋਏ ਅਨੇਕਾਂ ਰਾਜਿਆਂ ਨੇ ਰਾਜ ਕੀਤਾ। ਆਪਣੇ ਨਿੱਜੀ ਹਿੱਤਾਂ ਤੋਂ ਵੱਧ ਤਰਜ਼ੀਹ ਲੋਕ ਹਿੱਤਾਂ ਨੂੰ ਦਿੱਤੀ।

ਇਸ ਦੇਸ਼ ਵਿਚ ਅਨੇਕਾਂ ਰਿਸ਼ੀਆਂ ਮੁਨੀਆਂ, ਸੰਤਾਂ ਅਤੇ ਮਹਾਂਪੁਰਖਾਂ ਨੇ ਅਵਤਾਰ ਧਾਰਿਆ ਅਤੇ ਲੋਕ ਮਨਾਂ ਨੂੰ ਤ੍ਰਿਪਤ ਕਰਨ ਦੀ ਕੋਸ਼ਿਸ਼ ਕਰਦਿਆਂ ਅਨੇਕਾਂ ਪਰਹਿਤ ਦੇ ਉਪਦੇਸ਼ ਦਿੱਤੇ ਪਰ ਮਰਜ਼ ਬੜ੍ਹਤਾ ਗਯਾ ਜਿਉਂ ਜਿਉਂ ਦਵਾ ਕੀ' ਦੀ ਕਹਾਵਤ ਅਨੁਸਾਰ ਸਮਾਜ ਬੁਰਾਈਆਂ ਨਾਲ ਭਰਪੂਰ ਹੁੰਦਾ ਜਾ ਰਿਹਾ ਹੈ। ਸਰਕਾਰ ਨੇ ਤਾਂ ਬਹੁਤੇ ਲੋਕਾਂ ਨੂੰ ਨਿਰਾਸ਼ ਹੀ ਕੀਤਾ ਹੈ, ਕਿਉਂਕਿ ਖਰਚੀਲੀ ਚੋਣ ਪ੍ਰਕਿਰਿਆ ਅਤੇ ਬਹੁਤੇ ਰਾਜਨੀਤੀਵਾਨਾਂ ਦੇ ਵਿਚਾਰਹੀਣ ਹੋਣ ਕਾਰਨ ਉਨ੍ਹਾਂ ਨੂੰ ਕੇਵਲ ਕੁਰਸੀ ਸੁੱਖ ਭੋਗਣ ਦੀ ਹੀ ਭੁੱਖ ਹੁੰਦੀ ਹੈ। ਇਸੇ ਕਾਰਨ ਜਦੋਂ ਉਨ੍ਹਾਂ ਨੂੰ ਕੁਰਸੀ ਪ੍ਰਾਪਤ ਹੋ ਜਾਂਦੀ ਹੈ ਤਾਂ ਉਨ੍ਹਾਂ ਦੀਆਂ ਅੱਖਾਂ ਲੋਕਾਂ ਲਈ ਬੰਦ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ ਅਤੇ ਸਵਾਰਥ ਦੀ ਅੱਖ ਪੂਰੀ ਖੁੱਲ੍ਹ ਜਾਂਦੀ ਹੈ। ਰਾਜਨੀਤੀ ਗੰਧਲੀ ਹੁੰਦੀ ਜਾ ਰਹੀ ਹੈ।

ਪਰ ਸਭ ਤੋਂ ਵੱਧ ਤਕਲੀਫ਼ ਹੁੰਦੀ ਹੈ, ਧਾਰਮਿਕ ਤੇ ਸਮਾਜ ਸੇਵਾ ਵਿਚ ਲੱਗੇ ਹੋਏ ਆਗੂਆਂ ਦੇ ਕਿਰਦਾਰ ਤੋਂ। ਅਜਿਹੇ ਆਗੂਆਂ ਅਤੇ ਕਾਰਜਕਰਤਾਵਾਂ ਤੋਂ ਹੀ ਤਾਂ ਸਮਾਜ ਨੂੰ ਕੁਝ ਉਮੀਦ ਹੈ। ਅਜਿਹੇ ਆਗੂਆਂ ਦੇ ਜੀਵਨ ਅਤੇ ਕੰਮਾਂ ਤੋਂ ਆਮ ਸਮਾਜ ਪ੍ਰੇਰਨਾ ਤੇ ਸੇਧ ਪ੍ਰਾਪਤ ਕਰਦਾ ਹੈ, ਪਰ ਅਫ਼ਸੋਸ, ਜੋ ਆਗੂ ਪ੍ਰੇਮ ਪਿਆਰ, ਏਕਤਾ ਦਾ ਸੰਦੇਸ਼ ਵੰਡਣ ਵਾਲੇ ਹੋਣੇ ਚਾਹੀਦੇ ਹਨ, ਉਹ ਖੁਦ ਭ੍ਰਿਸ਼ਟ ਹੁੰਦੇ ਜਾ ਰਹੇ ਹਨ। ਉਹ ਵੀ ਚਾਪਲੂਸ ਅਤੇ ਸਵਾਰਥੀ ਲੋਕਾਂ ਦੇ ਘੇਰੇ ਵਿਚ ਆ ਕੇ ਆਦਰਸ਼ ਜੀਵਨ ਜਾਚ ਭੁੱਲਦੇ ਜਾ ਰਹੇ ਹਨ।

ਫਿਰ ਕਿਸ ਤੋਂ ਉਮੀਦ ਕਰੀਏ ਇਸ ਸਮਾਜ ਨੂੰ ਸੇਧ ਦੇਣ ਦੀ ? ਜਿਸ ਵਿਚ ਭ੍ਰਿਸ਼ਟਾਚਾਰ, ਚੋਰ ਬਾਜ਼ਾਰੀ, ਲੁੱਟ ਖਸੁੱਟ, ਗੁੰਡਾਗਰਦੀ ਦੀ ਅਤਿ ਹੁੰਦੀ ਜਾ ਰਹੀ ਹੈ। ਲੋਕਾਂ ਦੀ ਕਥਨੀ ਤੇ ਕਰਨੀ ਦਾ ਅੰਤਰ ਚੁਗਲੀ, ਨਿੰਦਿਆ, ਪਰਸਪਰ ਵੈਰ ਵਿਰੋਧ ਤੇ ਈਰਖਾ ਸਮਾਜ ਨੂੰ ਘੁਣ ਵਾਂਗ ਖਾ ਰਹੇ ਹਨ। ਇਕ ਸੀਤਾ ਦੀ ਅਸਮਤ ਨੂੰ ਬਚਾਉਣ ਵਾਸਤੇ ਜਿਥੇ ਰਾਮ ਚੰਦਰ ਨੇ ਆਪਣੀ ਸਾਰੀ ਤਾਕਤ ਲਗਾ ਦਿੱਤੀ, ਉਥੇ ਅੱਜ ਇਸਤਰੀ ਨਾਲ ਹੁੰਦੀ ਬਦਤਮੀਜ਼ੀ, ਭਰੂਣ ਹੱਤਿਆ ਅਤੇ ਹੋਰ ਵਹਿਸ਼ੀਪਣ, ਜਿਸ ਨੂੰ ਦੇਖ ਸੁਣ ਕੇ ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ, ਕਦੋਂ ਕਾਬੂ ਵਿਚ ਆਵੇਗਾ।

ਨਿਸਚਿਤ ਹੀ ਲੋੜ ਹੈ ਸੋਚਣ ਦੀ ਰਾਜਨੀਤੀਵਾਨਾਂ, ਧਾਰਮਿਕ ਆਗੂਆਂ ਅਤੇ ਸਮਾਜ ਸੇਵਾ ਵਿਚ ਲੱਗੀਆਂ ਹੋਈਆਂ ਸੰਸਥਾਵਾਂ ਨੂੰ, ਜੋ ਪ੍ਰਚਾਰ ਤਾਂ ਕਰਦੇ ਹਨ ਕਿ ਨਿੱਜ ਸਵਾਰਥ ਨੂੰ ਤਿਆਗ ਕੇ ਲੋਕਾਂ ਵਿਚ ਪ੍ਰੇਮ ਪਿਆਰ, ਏਕਤਾ ਦੇ ਸੰਸਕਾਰ ਦੇਣ ਦਾ ਪਰ ਹੱਥਾਂ ਵਿਚ ਕੈਂਚੀਆਂ ਤੇ ਜੇਬਾਂ ਵਿਚ ਮਾਚਿਸਾਂ ਦੀਆਂ ਤੀਲ੍ਹੀਆਂ ਲਈ ਫਿਰਦੇ ਹਨ। ਲੋੜ ਹੈ ਉਨ੍ਹਾਂ ਨੂੰ ਇਹ ਕਹਿਣ ਦੀ ਕਿ ਸਾਡੇ 'ਤੇ ਰਹਿਮ ਕਰੋ, ਸਮਾਜ ਵਿਚ ਏਕਤਾ ਤੇ ਭਾਈਚਾਰਾ ਕਾਇਮ ਕਰਨ ਲਈ ਲੋਕਾਂ ਦਾ ਸੰਦੇਸ਼ ਦਿਓ।

ਦੀਵਾਲੀ ਦੀ ਰੋਸ਼ਨੀ ਵਿਚ ਆਓ, ਮਨਾਂ ਦੇ ਦੀਪਕ ਬਾਲੀਏ ਤੇ ਉਨ੍ਹਾਂ ਦੀ ਰੋਸ਼ਨੀ ਵਿਚ ਉਚ ਆਦਰਸ਼ਾਂ ਵਾਲੇ ਰਾਹਾਂ 'ਤੇ ਚੱਲਣ ਦਾ ਅਹਿਦ ਕਰੀਏ।

# ਖਾਲਸਾ ਪੰਥ ਦਾ ਬੰਦੀਛੋੜ ਦਿਵਸ



**ਭਾਈ ਗੁਰਵਿੰਦਰਪਾਲ ਸਿੰਘ**

ਭਾਰਤ ਤੋਂ ਇਲਾਵਾ ਹੋਰ ਵੀ ਕਈ ਦੇਸ਼ਾਂ ਵਿਚ ਦੀਵਾਲੀ ਵੱਖ-ਵੱਖ ਨਾਂਵਾਂ ਨਾਲ ਮਨਾਈ ਜਾਂਦੀ ਹੈ। ਸਿੱਖ ਜਗਤ ਦਾ ਦੀਵਾਲੀ ਸਮੇਂ ਲੱਛਮੀ ਪੂਜਾ ਜਾਂ ਕਿਸੇ ਹੋਰ ਪੂਜਾ ਵਾਲੇ ਪ੍ਰਸੰਗ ਨਾਲ ਦੂਰ ਤਕ ਦਾ ਵੀ ਵਾਸਤਾ ਨਹੀਂ। ਸਿੱਖਾਂ ਵਿਚ ਦੀਵਾਲੀ ਦਾ ਤਿਓਹਾਰ 'ਬੰਦੀਛੋੜ ਦਿਵਸ' ਦੇ ਨਾਂ ਨਾਲ ਮਸ਼ਹੂਰ ਹੈ ਅਤੇ ਇਸ ਦਿਨ ਸਿੱਖ ਜਗਤ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰਦਿਆਂ ਮਾਣ ਮਹਿਸੂਸ ਕਰਦਾ ਹੈ। ਉਹ ਇਸ ਦਿਨ ਨੂੰ ਖੂਬ ਚਾਵਾਂ ਤੇ ਖੇੜਿਆਂ ਨਾਲ ਮਨਾਉਂਦਾ ਹੈ। ਇਸ ਦਿਨ ਸੂਰਬੀਰ ਸਿੰਘਾਂ ਅਤੇ ਸ਼ਹੀਦਾਂ ਨੂੰ ਵੀ ਯਾਦ ਕਰਦਾ ਹੈ। ਅੰਮ੍ਰਿਤਸਰ ਦੀ ਦੀਵਾਲੀ ਪੂਰੇ ਸਿੱਖ-ਜਗਤ ਵਿਚ ਵਿਸ਼ੇਸ਼ ਸਥਾਨ ਰੱਖਦੀ ਹੈ। ਆਖਰ ਕੀ ਹਨ ਉਹ ਕਾਰਨ ਜਿਸ ਨਾਲ ਦੀਵਾਲੀ ਦਾ ਅੰਮ੍ਰਿਤਸਰ ਨਾਲ ਇੰਨਾ ਗੂੜ੍ਹਾ ਸੰਬੰਧ ਜੁੜ ਗਿਆ ਹੈ ? ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਉਪਰੰਤ ਵੀ ਮੁਗ਼ਲ ਸਰਕਾਰ ਦੇ ਜ਼ੁਲਮ ਬਰਕਰਾਰ ਸਨ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਸਮੂਹ ਸਿੱਖਾਂ ਨੂੰ ਹੁਕਮ ਜਾਰੀ ਕੀਤੇ ਕਿ ਸੰਗਤਾਂ ਗੁਰੂ-ਘਰ ਦੇ ਦਰਸ਼ਨਾਂ ਲਈ ਆਉਣ ਸਮੇਂ ਘੋੜੇ, ਸ਼ਸਤਰ, ਆਦਿ ਭੇਟਾ ਕਰਨ ਅਤੇ ਖੁਦ ਵੀ ਜ਼ਾਲਮ ਹਕੂਮਤ ਨਾਲ ਲੋਹਾ ਲੈਣ ਲਈ ਤਿਆਰ-ਬਰ-ਤਿਆਰ ਰਹਿਣ। ਗੁਰੂ ਸਾਹਿਬ ਨੇ ਦੋ ਤਲਵਾਰਾਂ ਮੀਰੀ-ਪੀਰੀ ਦੀਆਂ ਧਾਰਨ ਕੀਤੀਆਂ, ਜਿਸ ਨਾਲ ਸੰਗਤਾਂ ਵਿਚ ਜ਼ੁਲਮ ਵਿਰੁੱਧ ਡਟਣ ਲਈ ਜੋਸ਼ ਠਾਠਾਂ ਮਾਰਨ ਲੱਗ ਪਿਆ। ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਦੀ ਵਧਦੀ ਪ੍ਰਤਿਸ਼ਠਾ ਅਤੇ ਸੈਨਿਕ ਸ਼ਕਤੀ ਤੋਂ ਘਬਰਾ ਗਿਆ। ਉਸ ਨੇ ਗੁਰੂ ਸਾਹਿਬ ਨੂੰ ਬੁਲਾਵਾ ਭੇਜ ਕੇ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ, ਜਿੱਥੇ ਪਹਿਲਾਂ ਹੀ ਬਾਦਸ਼ਾਹ ਦੀਆਂ ਨੀਤੀਆਂ ਦਾ ਵਿਰੋਧ ਕਰ ਚੁੱਕੇ ਹਿੰਦੂ ਰਾਜਪੂਤ ਪਹਾੜੀ ਰਾਜੇ ਕੈਦ ਸਨ। ਸੰਗਤਾਂ ਨੇ ਭਾਰੀ ਜਥੇ ਲੈ ਕੇ ਗਵਾਲੀਅਰ ਦੇ ਕਿਲ੍ਹੇ ਵੱਲ ਵਹੀਰਾਂ ਘੱਤ ਦਿੱਤੀਆਂ ਤੇ ਹਰ ਸਿੱਖ ਗੁਰੂ ਸਾਹਿਬ ਦੇ ਦਰਸ਼ਨਾਂ ਦੀ ਤਾਂਘ ਕਰਨ ਲੱਗ ਪਿਆ। ਸਿੱਖਾਂ ਦੇ ਇਕੱਠ ਤੋਂ ਘਬਰਾ ਕੇ ਤੇ ਸਾਈਂ ਮੀਆਂ ਮੀਰ ਦੀਆਂ ਨਸੀਹਤਾਂ ਨੂੰ ਮੰਨ ਕੇ ਬਾਦਸ਼ਾਹ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਰਿਹਾਅ ਕਰ ਦੇਣ ਦਾ ਮਨ ਬਣਾਇਆ। ਗੁਰੂ ਜੀ ਨੇ ਤਦ ਤਕ ਰਿਹਾਅ ਹੋਣ ਤੋਂ ਨਾਂਹ ਕਰ ਦਿੱਤੀ ਜਦ ਤਕ ਉਨ੍ਹਾਂ ਦੇ ਨਾਲ ਕੈਦੀ 52 ਰਾਜੇ ਵੀ ਛੱਡ ਨਹੀਂ ਦਿੱਤੇ ਜਾਂਦੇ। ਜਹਾਂਗੀਰ ਨੇ ਕਾਫੀ ਨਾਂਹ-ਨੁੱਕਰ ਕਰਨ ਤੋਂ ਬਾਅਦ ਮੰਨ ਲਿਆ ਕਿ ਜਿਹੜਾ ਗੁਰੂ ਜੀ ਦਾ ਪੱਲਾ ਫੜ ਕੇ ਬਾਹਰ ਨਿਕਲੇਗਾ ਉਹ ਰਿਹਾਅ ਕਰ ਦਿੱਤਾ ਜਾਵੇਗਾ। ਗੁਰੂ ਸਾਹਿਬ ਨੇ 52 ਕਲੀਆਂ ਵਾਲਾ ਚੋਲਾ ਸਿਲਵਾਇਆ ਜਿਸ ਨੂੰ ਫੜ ਕੇ ਸਾਰੇ ਰਾਜੇ ਵੀ ਬਾਹਰ ਨਿਕਲ ਆਏ। ਜਦ ਗੁਰੂ ਸਾਹਿਬ ਅੰਮ੍ਰਿਤਸਰ ਪਹੁੰਚੇ ਤਾਂ ਉਸ ਦਿਨ ਕੁਦਰਤੀਂ ਦੀਵਾਲੀ ਦਾ ਹੀ ਦਿਨ ਸੀ ਤਾਂ ਸੰਗਤਾਂ ਨੇ ਦੀਪਮਾਲਾ ਕੀਤੀ, ਆਤਿਸ਼ਬਾਜ਼ੀ ਚਲਾਈ ਅਤੇ ਮਿਠਾਈਆਂ ਵੰਡ ਕੇ ਰੱਜ ਕੇ ਖੁਸ਼ੀਆਂ ਮਨਾਈਆਂ। ਇਸ ਤਰ੍ਹਾਂ ਇਸ ਦਿਹਾੜੇ ਨੂੰ 'ਬੰਦੀਛੋੜ ਦਿਵਸ' ਵਜੋਂ ਮਨਾਇਆ ਜਾਣ ਲੱਗ ਪਿਆ। ਬਾਅਦ ਵਿਚ ਸਮੇਂ ਦੀ ਮੁਗ਼ਲ ਸਰਕਾਰ ਨੇ 'ਬੰਦੀਛੋੜ ਦਿਵਸ' ਮਨਾਉਣ 'ਤੇ ਪਾਬੰਦੀ ਲਾ ਦਿੱਤੀ ਅਤੇ ਸਿੱਖਾਂ ਦੇ ਇਕੱਠੇ ਹੋਣ 'ਤੇ ਨਜ਼ਰ ਰੱਖੀ ਜਾਣ ਲੱਗ ਪਈ। ਅਠਾਰ੍ਹਵੀਂ ਸਦੀ ਵਿਚ 'ਗੁਰਮਤੇ' ਦੀ ਸੰਸਥਾ ਸਰਬੱਤ ਖਾਲਸੇ ਦੇ ਜੋੜ-ਮੇਲੇ, ਵੈਸਾਖੀ ਜਾਂ 'ਬੰਦੀਛੋੜ ਦਿਵਸ' 'ਤੇ ਹੀ ਬੁਲਾਉਂਦੀ ਸੀ। ਸੰਨ 1738 ਈ. ਵਿਚ ਭਾਈ ਮਨੀ ਸਿੰਘ ਜੀ ਨੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੂੰ ਟੈਕਸ ਵਜੋਂ ਪੰਜ ਹਜ਼ਾਰ ਰੁਪਏ ਦੇਣੇ ਮੰਨ ਕੇ ਅੰਮ੍ਰਿਤਸਰ ਵਿਚ 'ਬੰਦੀਛੋੜ ਦਿਵਸ' ਮਨਾਉਣਾ ਤੈਅ ਕਰ ਲਿਆ। ਸਿੱਖਾਂ ਦੇ ਮਨਾਂ ਵਿਚ ਇਸ ਦਿਨ ਨੂੰ ਲੈ ਕੇ ਭਾਰੀ ਖੁਸ਼ੀ ਦੀ ਲਹਿਰ ਸੀ। ਉਧਰ ਜ਼ਕਰੀਆ ਖਾਨ ਦੀ ਚਾਲ ਸੀ ਕਿ ਇਸ ਤਰ੍ਹਾਂ ਨਾਲ ਸਿੱਖਾਂ ਦਾ ਭਾਰੀ ਇਕੱਠ ਹੋ ਸਕੇਗਾ ਤੇ ਸਾਡੀਆਂ ਫ਼ੌਜਾਂ ਉਨ੍ਹਾਂ ਉੱਪਰ ਹਮਲਾ ਕਰ ਕੇ ਸਿੱਖਾਂ ਦਾ ਮਲੀਆਮੇਟ ਕਰਨ ਵਿਚ ਕਾਮਯਾਬ ਹੋ ਸਕਣਗੀਆਂ। ਪਰ ਸਿੱਖ ਸੰਗਤਾਂ ਨੂੰ ਸੂਬੇਦਾਰ ਦੀ ਚਾਲ ਦੀ ਖ਼ਬਰ ਲੱਗ ਚੁੱਕੀ ਸੀ ਜਿਸ ਕਰਕੇ ਅੰਮ੍ਰਿਤਸਰ ਵਿਚ ਇਸ ਦਿਹਾੜੇ 'ਤੇ ਬਹੁਤ ਘੱਟ ਹੀ ਸੰਗਤ-ਇਕੱਠੀ ਹੋ ਸਕੀ, ਜਿਸ ਦਾ ਨਤੀਜਾ ਇਹ ਹੋਇਆ ਕਿ ਘੱਟ ਸੰਗਤ ਦੇ ਕਾਰਨ ਗੁਰੂ ਦੇ ਖਜ਼ਾਨੇ ਵਿਚ ਮਾਇਆ ਵੀ ਘੱਟ ਹੀ ਜਮ੍ਹਾਂ ਹੋ ਸਕੀ। ਭਾਈ ਮਨੀ ਸਿੰਘ ਜੀ ਨੇ ਸੂਬੇਦਾਰ ਦੀ ਚਾਲ ਤੋਂ ਪ੍ਰਭਾਵਿਤ ਹੋਏ ਤੇ ਇਸ ਦਿਹਾੜੇ ਦੀ ਘੱਟ ਰੌਣਕ ਤੇ ਘੱਟ ਆਮਦਨ ਦੇ ਕਾਰਨ ਨੀਅਤ ਕੀਤੀ ਟੈਕਸ ਦੀ ਰਕਮ ਦੇਣ ਤੋਂ ਨਾਂਹ ਕਰ ਦਿੱਤੀ ਜਿਸ ਕਰਕੇ ਭਾਈ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰ ਕੇ ਇਸਲਾਮ ਮੱਤ ਨੂੰ ਕਬੂਲਣ ਲਈ ਕਿਹਾ ਗਿਆ ਪਰ ਭਾਈ ਸਾਹਿਬ ਜੀ ਨਿਰਭੈ ਹੋ ਕੇ ਵਿਚਰੇ। ਉਨ੍ਹਾਂ ਨੇ ਇਸਲਾਮ ਦੀ ਬਜਾਏ ਮੌਤ ਕਬੂਲਣ ਨੂੰ ਪਹਿਲ ਦਿੱਤੀ। ਭਾਈ ਸਾਹਿਬ ਜੀ ਨੂੰ ਬੰਦ-ਬੰਦ ਕੱਟ ਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਤਰ੍ਹਾਂ ਭਾਈ ਸਾਹਿਬ ਜੀ ਦੀ ਸ਼ਹੀਦੀ ਨੇ 'ਬੰਦੀਛੋੜ ਦਿਵਸ' ਦੇ ਇਤਿਹਾਸ ਵਿਚ ਸ਼ਹੀਦੀ ਰੰਗ ਭਰ ਕੇ ਇਸ ਦਿਹਾੜੇ ਨੂੰ ਜਜ਼ਬਾਤੀ ਅਤੇ ਖ਼ਾਲਸਈ ਰੰਗ ਦਿੱਤਾ। ਦੀਵਾਲੀ ਤੋਂ ਬਣੇ 'ਬੰਦੀਛੋੜ ਦਿਵਸ' ਦਾ ਮਤਲਬ ਹੈ ਕਿ ਹਰ ਤਰ੍ਹਾਂ ਦੀ ਗ਼ੁਲਾਮੀ ਦੇ ਬੰਧਨਾਂ ਤੋਂ ਮੁਕਤੀ ਤੇ ਅਗਿਆਨਤਾ ਦਾ ਹਨ੍ਹੇਰਾ ਦੂਰ ਕਰ ਕੇ ਗਿਆਨ ਪ੍ਰਕਾਸ਼ ਫੈਲਾਉਣਾ। ਅੰਮ੍ਰਿਤਸਰ ਦੀ ਦੀਵਾਲੀ 'ਬੰਦੀਛੋੜ ਦਿਵਸ' ਦੇ ਨਾਂ ਨਾਲ ਹੀ ਮਸ਼ਹੂਰ ਹੈ ਅਤੇ ਇਸ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਭਾਰੀ ਜੋੜ-ਮੇਲਾ ਲੱਗਦਾ ਹੈ। ਇਸ ਦਿਨ ਸਾਨੂੰ ਆਪਣੇ ਘਰਾਂ ਤੇ ਗੁਰੂ-ਘਰਾਂ ਵਿਚ ਦੀਪਮਾਲਾ ਕਰਨ ਦੇ ਨਾਲ-ਨਾਲ ਆਪਣੇ ਦਿਲਾਂ ਵਿਚ ਗਿਆਨ ਦੇ ਦੀਪਕ ਜਗਾਉਣ ਦੀ ਲੋੜ ਹੈ ਤਾਂ ਜੋ ਅਸੀਂ ਅੱਜ ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ, ਕਰਮਕਾਂਡਾਂ ਅਤੇ ਪਾਖੰਡਾਂ ਦੀ ਗ਼ੁਲਾਮੀ ਤੋਂ ਖ਼ਲਾਸੀ ਪਾਉਣ ਲਈ ਯਤਨਸ਼ੀਲ ਹੋ ਸਕੀਏ।




## On 27th October 2019
## At
## Sikh Gurdwara of Los Angeles
## 7640 Lankershim Blvd. North Hollywood

*Schedule of Katha Kirtan will be follow as*

| | |
|---|---|
| Rehras Sahib Ji | 6:30 pm- 7:00 pm |
| Bhai Surjit Singh Ji | 7:00 pm- 8:00 pm |
| Bhai Jatinder Singh Ji jot | 8:00 pm- 9:00 pm |

*Guru Ka Langar Seva By Nirmal Singh Panjela And Family*

*You are requested to join the congregation with your family and friends and recive the blessings of Guru Sahib ji*

### FOR MORE INFORMATION

- Mukhtiar S Kanboj 626-893-5959
- Kuldip S Brar 818-645-3098
- Harmander Grewal 818-606-7894
- Manjit S Pandher 818-398-9262
- Harjit S Saini 323-321-1679
- Gurudwara Sahib 818-765-9399
- Karamjit S Rathor 818-625-6370
- Ravi Grewal 818-748-1348


Happy Diwali
Valley Real Estate Center
ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।
ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।
Better Deal will be given from New Builders to Book New home in Mountain House, Tracy, Manteca and lathrop
For agriculture and almond Farm,office building,Farm House and for Truck Yard in Tracy, Manteca, Lathrop and Stockton
ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ
Ranjit S Mangat
Valley Real Estate Center (Office Lic.: 01392267)
68 E 11th Street Ste 109, Tracy, CA 95376
Office: 209-956-1000 Cell : 408-355-5700
gbsingh84@gmail.com
Ranjit S Mangat
(Lic: 01922089)

ਦੇਸ਼ਾਂ ਵਿਦੇਸ਼ਾਂ ਵਿਚ ਵਸਦੇ ਸਮੂਹ ਭਾਈਚਾਰਿਆਂ ਨੂੰ

# ਬੰਦੀ ਛੋੜ ਦਿਵਸ (ਦੀਵਾਲੀ)

ਦੀਆਂ

# ਲੱਖ ਲੱਖ ਵਧਾਈਆਂ

# Homeopathicvibes



**Now we have two locations :**

940, E. El Camino Real, Sunnyvale, CA 94087
Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538
www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

**Harminder Singh Gill** D.H.M.S;B.C.I.H
*(Ex Homeopathic Medical officer Punjab Govt.)*

ਦੇਸ਼ ਵਿਦੇਸ਼ ਵਿਚ ਵਸਦੇ ਸਮੂਹ ਭਾਈਚਾਰੇ ਨੂੰ

# ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਲੱਖ ਲੱਖ ਵਧਾਈਆਂ

# IMPERIAL

Truck & Trailer Repair and Tire Services

**ONE STOP CENTER FOR TRUCKERS**

• ਟਰਾਂਸਮਿਸ਼ਨ • ਰੀਅਰ ਐਂਡ • ਕਲੱਚ • ਬਰੇਕਸ ਤੇ ਸਸਪੈਂਸ਼ਨ
• ਆਇਲ ਚੇਂਜ • ਆਲਟਰਨੇਟਰ ਤੇ ਸਟਾਟਰ

We Guarantee the lowest, prices and the highest quality on the market



ਸਾਬਾ ਕਾਹਲੋਂ 510.938.7479
ਦਵਿੰਦਰ ਗਿੱਲ 510.825.7820

24/7 365

# IMPERIAL

**TRUCK & TRAILER TOWING**

imperialtowings@gmail.com

GM : 510.825.7820

3138 Depot Road • Hayward, CA 94545, Ph.: 510.770.0515 • Fax: 510.781.0100

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥

*"With manifestation (birth) of True Guru Nanak, the mist of ignorance and falsehood disappeared and there was the light of righteousness"*

## HOLLYWOOD SIKH TEMPLE (GURDWARA SAHIB VERMONT)

along with

## The Sikh Institutions of Southern California

*Celebrate*

# The 550th Parkash Utsav

*of*

# Shri Guru Nanak Dev Ji

(Founder of Sikh Religion)

*Guru ka Langer will be served all day along with fresh Jalebi's and fresh fruits!*

ੴ

*Please come & join us with your family & friends and get the blessings of Wahe Guru Sahib Ji*

## 24th November 2019, Sunday • 7am to 5pm

## Venue: Friendship Auditorium

3201 Riverside Dr. Los Angeles, CA 90027 (1/2 Mile from Gurdwara Sahib Vermont)

Guest of honor: **Dr Amarjit Singh Marwah** and other dignitaries, city officials.



Bhai Harjinder Singh ji (Srinagar wale)



Bhai Ajit Singh Ji (Hazoori Ragi)

### KIRTAN DARBAR BY FAMOUS RAGI JATHAS:

- Bhai Harjinder Singh Ji (Srinagar wale)
- Hazoori Ragi Bhai Ajit singh Ji
- Bhai Ravinder Singh Ji Rasia
- IISG Ragi Jatha
- Children Ragi Jathas

and all Ragi Jathas from Local Gurdwaras

### RAGI JATHA PLEASE CONTACT:

- Amrik Singh Rasia (Gen-Secretary) Tel: (818) 331-1459
- Bhupinder Singh Dhillon (President) Tel: (323) 514-6347

### FOR LANGAR SEWA PLS CONTACT:

- Amarjit Singh:...........(310) 291-4835
- Breakfast will be served by Bhai Kanhiaya Sewa Dal

### MANAGEMENT SEWA COMMITTEE

- Bhupinder Singh Dhillon
- Amrik Singh Rasia
- Gulbagh Singh
- Ronak Singh
- Baldev Singh Johal
- Amarjit Singh
- Kulwinder Singh Multani
- Surjit Singh Dhillon
- Nirmal Singh Sehmbey
- Gurdev Singh Multani
- Sant Singh

### FOR BAZAAR TABLES, CONTACT:

- Gurdev Singh.................323-304-4871

### PARTICIPATING GURDWARAS:

- A.V. Sikh Center Lancaster
- Gurdwara Valley Sikh Temple
- Alhambra Gurdwara Sahib
- Khalsa Care Foundation
- Gurdwara Walnut
- Gurdwara Buena Park
- Gurdwara Riverside
- Sikh Center of Riverside
- Guru Ram Dass Ashram
- Gurdwara Lankershim
- Gurdwara Nanak Sadan

*and all other local Gurdwaras*

### DONATION SEWA COMMITTEE

- Harjinder Singh Malhi
- Iqbal Singh Dhilon
- Iqbal Singh Samra
- Surinder Singh Gill
- Jawaharlal Saini
- Avtar Singh
- Surjit Singh Bawa
- Harbhajan Singh
- Darshan Singh
- Manjit Singh Papi
- Gurcharan Singh Bali
- Jaswant Singh Dhillon
- Baljinder Multani
- Gurdas Singh Kehl
- Gurdev Singh Nauli
- Harbhajan Singh Samra
- Manjit Singh Samra
- Ravinder Singh Rasia
- Satpal Singh Ghotra
- Gurmit Singh Multani
- Manjit Singh Khalil
- Joginder Singh
- Gurbachan Singh
- Avtar Singh Bhogal
- Waraich Brothers
- Jaswinder Singh
- Paramjit Singh
- Ram Singh

**FREE VALET PARKING AND SHUTTLE FROM GURDWARA SAHIB**

Visit our website: www.hollywoodsikhtemple.org
E-mail: info@hollywoodsikhtemple.org

**Call 323-665-7707**

**ALL ARE WELCOME!**

47833

ਪੂਜਾ ਅਕਾਲ ਕੀ ਪਰਚਾ ਸ਼ਬਦ ਕਾ ਦੀਦਾਰ ਖਾਲਸੇ ਕਾ




## ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ

# ਯੂਬਾ ਸਿਟੀ ਦਾ 40ਵਾਂ ਮਹਾਨ ਨਗਰ ਕੀਰਤਨ ਅਤੇ ਗੁਰਮਤਿ ਸਮਾਗਮ

## 03 ਨਵੰਬਰ 2019 ਦਿਨ ਐਤਵਾਰ ਨੂੰ ਬਹੁਤ ਸ਼ਰਧਾ ਅਤੇ ਉਤਸ਼ਾਹ ਨਾਲ ਸੰਗਤਾਂ ਦੇ ਸਹਿਯੋਗ ਨਾਲ ਹੋਣ ਜਾ ਰਿਹਾ ਹੈ

**ਸਮੂਹ ਨਾਨਕ ਨਾਮ ਲੇਵਾ ਸੰਗਤਾਂ ਸਮੁੱਚੇ ਗੁਰਮਤਿ ਸਮਾਗਮਾਂ ਅਤੇ ਮਹਾਨ ਨਗਰ ਕੀਰਤਨ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂਘਰ ਦੀਆਂ ਰੌਣਕਾਂ ਵਧਾਉ ਅਤੇ ਗੁਰੂ ਸਾਹਿਬ ਦੀਆਂ ਅਸੀਸਾਂ ਪ੍ਰਾਪਤ ਕਰੋ ਜੀ**

## ਪ੍ਰੋਗਰਾਮ ਦਾ ਵੇਰਵਾ

### ਅਖੰਡ ਪਾਠ ਸਾਹਿਬ ਦੀ ਲੜੀ

ਅਖੰਡ ਪਾਠ ਸਾਹਿਬ ਦੀ ਲੜੀ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰਤਾਗੱਦੀ ਨੂੰ ਸਮਰਪਿਤ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਲੜੀ 12 ਸਤੰਬਰ ਤੋਂ ਸ਼ੁਰੂ ਹੈ ਜਿਸਦੇ ਅਖੀਰਲੇ ਸ੍ਰੀ ਅਖੰਡ ਪਾਠ ਸਾਹਿਬ ਸਮੂਹ ਸਾਧ ਸੰਗਤ ਵੱਲੋਂ 01 ਨਵੰਬਰ ਦਿਨ ਸ਼ੁੱਕਰਵਾਰ ਤੋਂ ਆਰੰਭ ਹੋ ਕੇ 03 ਨਵੰਬਰ ਦਿਨ ਐਤਵਾਰ ਨੂੰ ਸਵੇਰੇ 7:30 ਵਜੇ ਭੋਗ ਪੈਣਗੇ।

### ਵਿਸ਼ੇਸ਼ ਢਾਡੀ ਦਰਬਾਰ

12 ਅਕਤੂਬਰ ਦਿਨ ਸ਼ਨਿੱਚਰਵਾਰ
ਸ਼ਾਮ 6:00 ਵਜੇ ਤੋਂ 10:00 ਵਜੇ ਤੱਕ

### ਬੱਚਿਆਂ ਦਾ ਵਿਸ਼ੇਸ਼ ਕੀਰਤਨ ਦਰਬਾਰ

13 ਅਕਤੂਬਰ ਦਿਨ ਐਤਵਾਰ,
ਸ਼ਾਮ 6:30 ਵਜੇ ਤੋਂ ਰਾਤ 10 ਵਜੇ ਤੱਕ

### ਵਿਸ਼ੇਸ਼ ਕਵੀ ਦਰਬਾਰ

19 ਅਕਤੂਬਰ ਦਿਨ ਸ਼ਨੀਵਾਰ ਸ਼ਾਮ 6:00 ਵਜੇ ਤੋਂ 10 ਵਜੇ ਤੱਕ

### ਸਥਾਪਨਾ ਦਿਵਸ

ਸਾਧ ਸੰਗਤ ਜੀ ਨਿਮਰਤਾ ਸਹਿਤ ਬੇਨਤੀ ਹੈ ਕਿ ਗੁਰਦਵਾਰਾ ਸਾਹਿਬ ਦੇ 50ਵੇਂ ਸਥਾਪਨਾ ਦਿਵਸ ਦੀ ਖੁਸ਼ੀ ਵਿੱਚ 26 ਅਕਤੂਬਰ ਸ਼ਨੀਵਾਰ ਤੋਂ 28 ਅਕਤੂਬਰ ਸੋਮਵਾਰ ਤੱਕ 1 ਅਖੰਡ ਪਾਠ ਸਾਹਿਬ ਦੀ ਸੇਵਾ ਆਪ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਮੂਹ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੇਵਾਦਰਾਂ ਵੱਲੋਂ ਹੋਵੇਗੀ। ਭੋਗ ਉਪਰੰਤ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ।

### ਬੰਦੀ ਛੋੜ ਦਿਵਸ (ਦੀਵਾਲੀ)

ਅਕਤੂਬਰ 27 ਦਿਨ ਐਤਵਾਰ ਨੂੰ ਸ਼ਾਮ 6:00 ਵਜੇ ਤੋਂ ਰਾਤ 10:30 ਵਜੇ ਤੱਕ ਵਿਸ਼ੇਸ਼ ਕੀਰਤਨ ਦੀਵਾਨ ਸਜਣਗੇ ਅਤੇ ਦੀਪਮਾਲਾ ਹੋਵੇਗੀ।

### ਆਤਿਸ਼ਬਾਜ਼ੀ

ਨਗਰ ਕੀਰਤਨ ਦੀ ਖੁਸ਼ੀ ਵਿੱਚ 01 ਨਵੰਬਰ, ਦਿਨ ਸ਼ੁਕਰਵਾਰ ਨੂੰ ਰਾਤ 8:00 ਵਜੇ ਆਤਿਸ਼ਬਾਜੀ ਕੀਤੀ ਜਾਵੇਗੀ।

### ਅੰਮ੍ਰਿਤ ਸੰਚਾਰ

2 ਨਵੰਬਰ 2019 ਦਿਨ ਸ਼ਨਿੱਚਰਵਾਰ ਸਵੇਰੇ 05:00 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ। ਅੰਮ੍ਰਿਤ ਅਭਿਲਾਖੀ ਸੰਗਤਾਂ ਆਪਣੇ ਨਾਮ ਭਾਈ ਬਲਜੀਤ ਸਿੰਘ ਜੀ ਹੈੱਡ ਗ੍ਰੰਥੀ ਕੋਲ ਲਿਖਵਾ ਕੇ ਕਕਾਰ ਪ੍ਰਾਪਤ ਸਕਦੀਆ ਹਨ।

### ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ

ਚੋਲੇ ਦੀ ਸੇਵਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ ਸਵੇਰੇ 9:00 ਵਜੇ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ।

### ਲੈਕਚਰ ਸ਼ੈਸ਼ਨ ਸੈਮੀਨਾਰ

ਨਵੰਬਰ 02 ਦਿਨ ਸ਼ਨਿੱਚਰਵਾਰ ਨੂੰ ਦਸ਼ਮੇਸ਼ ਹਾਲ ਵਿੱਚ ਬਾਅਦ ਦੁਪਿਹਰ 1:00 ਵਜੇ ਤੋਂ 4:00 ਵਜੇ ਤੱਕ

### ਸੁੰਦਰ ਦਸਤਾਰ ਮੁਕਾਬਲਾ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯੂਬਾ ਸਿਟੀ ਦੇ ਨਗਰ ਕੀਰਤਨ ਦੀ ਖੁਸ਼ੀ ਵਿੱਚ ਸਾਹਿਬਜਾਦਾ ਅਜੀਤ ਸਿੰਘ ਕੱਲਬ ਵੱਲੋਂ ਸੁੰਦਰ ਦਸਤਾਰ ਮੁਕਾਬਲਾ 02 ਨਵੰਬਰ, ਦਿਨ ਸ਼ਨਿੱਚਰਵਾਰ ਨੂੰ 11:00 ਵਜੇ ਕਰਵਾਇਆ ਜਾ ਰਿਹਾ ਹੈ। ਜੇਤੂਆਂ ਨੂੰ ਸ਼ੀਲਡਾਂ ਅਤੇ ਨਗਦ ਇਨਾਮ ਦਿੱਤਾ ਜਾਵੇਗਾ।

### ਰੈਣ ਸਬਾਈ ਕੀਰਤਨ

02 ਨਵੰਬਰ ਸ਼ਨੀਵਾਰ ਸ਼ਾਮ 6.00 ਵਜੇ ਤੋਂ ਰਾਤ 01.00 ਵਜੇ ਤੱਕ ਹੋਵੇਗਾ, ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

**ਪਹੁੰਚ ਰਹੇ ਰਾਗੀ ਜੱਥੇ ਅਤੇ ਪ੍ਰਚਾਰਕ:-** ਭਾਈ ਜੁਝਾਰ ਸਿੰਘ ਜੀ (ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ), ਭਾਈ ਕੁਲਦੀਪ ਸਿੰਘ ਟੋਹਾਣੇ ਵਾਲੇ, ਭਾਈ ਜਸਵੰਤ ਸਿੰਘ ਜੀ ਜੀਰਾ, ਭਾਈ ਮਲਕੀਤ ਸਿੰਘ ਜੀ ਲੁਧਿਆਣੇ ਵਾਲੇ, ਭਾਈ ਮਨੋਹਰ ਸਿੰਘ ਜੀ ਦਿੱਲੀ ਵਾਲੇ (ਹਜੂਰੀ ਰਾਗੀ ਗੁਰਦਵਾਰਾ ਸਾਹਿਬ ਯੂਬਾ ਸਿਟੀ), ਗਿਆਨੀ ਲਖਵਿੰਦਰ ਸਿੰਘ ਜੀ ਸੋਹਲ ਦਾ ਢਾਢੀ ਜਥਾ, ਕਥਾਵਾਚਕ ਭਾਈ ਹਰਜਿੰਦਰ ਸਿੰਘ ਸਭਰਾ ਜੀ ਆਪ ਸਮੂਹ ਸਾਧ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕਰਨਗੇ।

*ਨੋਟ:-ਨਗਰ ਕੀਰਤਨ ਦਾ ਰੂਟ ਪਿਛਲੇ ਸਾਲ ਵਾਲਾ ਹੀ ਹੋਵੇਗਾ, ਗੱਡੀਆਂ ਦੀ ਪਾਰਕਿੰਗ ਸਿਰਫ਼ ਨਿਯਤ ਜਗ੍ਹਾ 'ਤੇ ਹੀ ਕੀਤੀ ਜਾਵੇ ਜੀ।*
*ਰਿਵਰ ਵੈਲੀ ਹਾਈ ਸਕੂਲ 801 El Margarita Rd, Yuba City, CA 95993 ਤੋਂ ਗੁਰੂ ਘਰ ਲਈ ਸਵੇਰੇ 8 ਵਜੇ ਤੋਂ ਸ਼ਾਮ 6.30 ਵਜੇ ਤੱਕ ਫਰੀ ਬੱਸਾਂ ਦਾ ਪ੍ਰਬੰਧ ਹੋਵੇਗਾ*

## ਨਗਰ ਕੀਰਤਨ 'ਚ ਫਲੋਟ ਸ਼ਾਮਲ ਕਰਨ ਅਤੇ ਹੋਰ ਜਾਣਕਾਰੀ ਲੈਣ ਲਈ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹੋ

- ਹੈਡ ਗ੍ਰੰਥੀ ਭਾਈ ਬਲਜੀਤ ਸਿੰਘ ਜੀ:- 530-673-9918
- ਪ੍ਰਧਾਨ ਸ. ਜਸਵੰਤ ਸਿੰਘ ਬੈਂਸ 530-701-3971
- ਸੈਕਟਰੀ ਸ. ਸਰਬਜੀਤ ਸਿੰਘ ਥਿਆੜਾ 530-682-5861
- ਖਜਾਨਚੀ ਸ. ਹਰਮਿੰਦਰ ਸਿੰਘ 530-682-2484

ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ

# ਪੰਜਾਬੀ ਢਾਬਾ

## Now Open

Indiana

1480 N State Road 1, Cambridge City, IN 47327. 70

Diesel/Gas

Exit 137

ਟਰੱਕਾਂ ਵਾਲੇ ਭਰਾਵਾਂ ਲਈ

ਖੁੱਲ੍ਹ ਗਿਆ



ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...

ਕੀਮਤਾਂ ਬਹੁਤ ਹੀ ਵਾਜਬ !



ਸਹੂਲਤਾਂ

- ਪੰਜਾਬੀ ਢਾਬਾ
- ਸਸਤਾ ਡੀਜ਼ਲ
- Liquor, Beer & Wine
- truck repair, new showers, scale.

**Free Buffet**
over 100 gallons

open 6am to midnight

**Phone: 765-478-6300**

# SINGH TRANSPORT INC



ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।

ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ

- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਟਰੱਕ ਰਿਪੇਅਰ ਮਕੈਨਿਕ ਦੀ ਲੋੜ

ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

# Travel for Less Inc.



SPECIALIZED IN DISCOUNT FARES WORLDWIDE

**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award



CALL US TO GET BEST RATES FOR YOUR AIR TICKETS TO INDIA AND WORLDWIDE.

CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# TOTAL TRANSPORTATION SOLUTIONS

DMV Services / IFTA / IRP / Permits / DOT / Compliance

STILL WAITING IN LINE AT THE DMV ??

Now you need not wait in a queue for DMV services for all your vehicles!

- New Trucking Company Setup
- Corporation, LLC & DBA Filling
- IRP License Plates
- MC (ICC) Authority
- US DOT Number
- All Truck Permits
- IFTA Fuel Tax Returns
- UCR Permits, BOC-3 Filling
- CA#, MCP, EPN Enrollment

Special Discount for Corporation Filing

DMV Services in Bay Area

- Registration Renewal
- Replacement Sticker
- Title Transfer
- Duplicate Title
- VIN Verification
- VIN Inquiry
- Out of State Transfer
- Highway Use Tax (2290)
- ARB Registration



DMV Lic # 97533

Ph. 510 400 7300 Fax 510 601 6200

Email : TMSinc123@gmail.com

24010 Watkins St. Hayward CA 94544



Raja Sweets & Catering
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.


Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345


AJ GRAPHIC
GRAPHIC DESIGN SERVICES
Logo Design
Brochure Design
Flyer design
Press Advt
Stationary Design
Marketing Material
Business Card Design
Poster
ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ
Amarjeet Lamber
Please Contoct Whatapp Number
94653-45635


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਕੈਪਟਨ ਸਰਕਾਰ ਦੇ ਵਾਇਦੇ-ਜੋ ਵ.ਫ਼ਾ ਨਾ ਹੋਏ

**ਗੁਰਮੀਤ ਸਿੰਘ ਪਲਾਹੀ**

ਪੰਜਾਬ ਦਾ ਕਿਸਾਨ ਖੇਤੀ-ਸੰਕਟ ਕਾਰਨ ਖ਼ੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ। ਕਰਜ਼ੇ ਦੇ ਭਾਰ ਨੇ ਛੋਟੇ ਕਿਸਾਨਾਂ ਨੂੰ ਆਪਣੀ ਥੋੜ੍ਹੀ ਬਹੁਤੀ ਜ਼ਮੀਨ ਦੇ ਟੋਟੇ ਵੇਚਕੇ ਸ਼ਹਿਰਾਂ ਵਿੱਚ ਮਜ਼ਦੂਰੀ ਕਰਨ ਨੂੰ ਮਜਬੂਰ ਕਰ ਦਿੱਤਾ ਤਾਂ ਕਿ ਉਹ ਆਪਣਾ ਅਤੇ ਆਪਣੇ ਪਰਿਵਾਰ ਦਾ ਨਿਰਵਾਹ ਕਰ ਸਕਣ। ਕਿਉਂ ਹੋਈ ਕਿਸਾਨ ਦੀ ਇਹ ਹਾਲਤ ?

ਪੰਜਾਬ ਦਾ ਨੌਜਵਾਨ, ਬੇਰੁਜ਼ਗਾਰੀ ਨੇ ਇਸ ਕਦਰ ਪਿੰਜ ਦਿੱਤਾ ਹੈ ਕਿ ਉਹ ਨਸ਼ਿਆਂ ਦੀ ਦਲਦਲ ਵਿੱਚ ਜਾ ਧਸਿਆ ਹੈ ਅਤੇ ਆਪਣੀ ਜ਼ਿੰਦਗੀ ਨਸ਼ਿਆਂ ਦੀ ਸਵਰਗੀ ਦੁਨੀਆਂ ਦੇ ਲੇਖੇ ਲਾਉਣ ਲੱਗ ਪਿਆ। ਉਹ ਘਰ-ਪਰਿਵਾਰ, ਦੋਸਤਾਂ, ਭਾਈਚਾਰੇ ਤੋਂ ਇਸ ਕਦਰ ਦੂਰ ਹੋ ਗਿਆ ਕਿ ਉਸ ਨੂੰ ਨਸ਼ੇ ਹੀ ਸੱਭੋ ਕੁਝ ਜਾਪਣ ਲੱਗੇ ਹਨ ਤੇ ਸਿੱਟੇ ਵਜੋਂ ਥੋੜ੍ਹ-ਚਿਰੀ ਸਵਰਗੀ-ਨਰਕੀ ਜ਼ਿੰਦਗੀ ਬਸਰ ਕਰਕੇ ਉਹ ਮੌਤ ਨੂੰ ਗਲਵਕੜੀ ਪਾਉਣ ਦੇ ਰਾਹ ਤੁਰ ਪਿਆ ਹੈ। ਪੰਜਾਬ ਦਾ ਕਿਹੜਾ ਪਿੰਡ, ਸ਼ਹਿਰ ਦਾ ਕਿਹੜਾ ਕੋਨਾ ਨੌਜਵਾਨਾਂ ਦੀਆਂ ਅਰਥੀਆਂ ਦਾ ਗਵਾਹ ਨਹੀਂ ? ਨਿੱਤ ਦਿਹਾੜੇ ਨਸ਼ੇ ਦੀ ਤੋਟ ਜਾਂ ਨਸ਼ੇ ਦੀ ਵੱਧ ਵਰਤੋਂ ਨਾਲ ਨੌਜਵਾਨ ਮੌਤ ਦੇ ਮੂੰਹ ਜਾ ਪੈਂਦੇ ਹਨ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਨੌਜਵਾਨ ਗੱਭਰੂ ਹੀ ਨਹੀਂ, ਔਰਤਾਂ ਅਤੇ ਮੁਟਿਆਰਾਂ ਵੀ ਨਸ਼ੇ ਦੀਆਂ ਸ਼ਿਕਾਰ ਹੋ ਰਹੀਆਂ ਹਨ। ਪੀ.ਜੀ.ਆਈ. ਚੰਡੀਗੜ੍ਹ ਵਲੋਂ ਕੀਤੇ ਇੱਕ ਸਰਵੇ ਅਨੁਸਾਰ ਪੰਜਾਬ ਵਿੱਚ ਲਗਭਗ ਇੱਕ ਲੱਖ ਔਰਤਾਂ ਅਤੇ ਮੁਟਿਆਰਾਂ ਨਸ਼ੇ ਦੀ ਮਾਰ ਹੇਠ ਆ ਚੁੱਕੀਆਂ ਹਨ। ਪੰਜਾਬ ਲਈ ਇਸ ਤੋਂ ਵੱਡੀ ਹੋਰ ਕੀ ਤ੍ਰਾਸਦੀ ਹੋ ਸਕਦੀ ਹੈ ? ਸਰਕਾਰਾਂ ਇਹ ਸਭ ਕੁਝ ਵੇਖ-ਜਾਣ ਕੇ ਚੁੱਪੀ ਧਾਰੀ ਕਿਉਂ ਬੈਠੀਆਂ ਹਨ ?

ਅਕਾਲੀ-ਭਾਜਪਾ ਦੇ ਦਸ ਸਾਲਾਂ ਦੀ ਹਕੂਮਤ ਵੇਲੇ ਨਸ਼ਿਆਂ ਨੇ ਪੰਜਾਬ ਵਿੱਚ ਇਸ ਕਦਰ ਪੈਰ ਪਸਾਰੇ ਕਿ ਪੰਜਾਬ ਦੇ ਮਾਪੇ, ਆਪਣੇ ਨੌਜਵਾਨ ਬੱਚਿਆਂ ਨੂੰ ਬੇਰੁਜ਼ਗਾਰੀ ਅਤੇ ਨਸ਼ਿਆਂ ਤੋਂ ਬਚਾਉਣ ਖ਼ਾਤਰ ਵਿਦੇਸ਼ ਭੇਜਣ ਲਈ ਮਜਬੂਰ ਹੋ ਗਏ। ਆਪਣੀ ਉਮਰ ਦੀ ਕਮਾਈ ਜਾਂ ਫਿਰ ਕਰਜ਼ਾ ਚੁੱਕ ਕੇ ਨੌਜਵਾਨਾਂ ਨੂੰ ਪੰਜਾਬੋਂ ਬਾਹਰ ਵਿਦੇਸ਼ ਭੇਜਣ ਲਈ ਉਨ੍ਹਾਂ ਨੇ ਕੱਚੀ-ਉਮਰੇ ਹੀ ਆਪਣੇ ਨੌਜਵਾਨ ਬੱਚਿਆਂ ਨੂੰ ਔਝੜੇ ਰਾਹਾਂ ਉੱਤੇ ਤੋਰ ਦਿੱਤਾ। ਆਖ਼ਰ ਆਪਣੀ ਧਰਤੀ ਆਪਣੇ ਨੌਜਵਾਨਾਂ ਨੂੰ ਆਪਣੀ ਹਿੱਕ ਵਿੱਚ ਜਗਾਹ ਦੇਣ ਤੋਂ ਆਤੁਰ ਕਿਉਂ ਹੋ ਗਈ ? ਕੌਣ ਹੈ ਇਸਦਾ ਜ਼ਿੰਮੇਵਾਰ ?

ਪੰਜਾਬ ਦੀ ਕੈਪਟਨ ਸਰਕਾਰ ਨੇ ਦੋ ਵਾਅਦੇ ਕੀਤੇ ਸਨ। ਪਹਿਲਾ ਇਹ ਕਿ ਕਿਸਾਨਾਂ ਦਾ ਕਰਜ਼ਾ




ਮੁਆਫ਼ ਹੋਏਗਾ, ਕਿਸਾਨਾਂ ਨੂੰ ਖ਼ੁਦਕੁਸ਼ੀ ਨਹੀਂ ਕਰਨੀ ਪਏਗੀ ਅਤੇ ਉਹ ਘਾਟੇ ਦੀ ਖੇਤੀ ਵਾਲੇ ਸੰਕਟ ਵਿੱਚੋਂ ਬਾਹਰ ਆਕੇ ਆਪਣੇ ਟੱਬਰ ਦਾ ਪਾਲਣ-ਪੋਸ਼ਣ ਅੱਛੇ ਢੰਗ ਨਾਲ ਕਰ ਸਕਣਗੇ। ਦੂਜਾ ਇਹ ਵਾਇਦਾ ਕਿ ਪੰਜਾਬ ਵਿੱਚੋਂ ਨਸ਼ੇ ਖ਼ਤਮ ਕਰ ਦਿੱਤੇ ਜਾਣਗੇ। ਪਰ ਢਾਈ ਸਾਲਾਂ ਦੇ ਰਾਜ-ਭਾਗ ਦੌਰਾਨ ਕੈਪਟਨ ਸਰਕਾਰ ਨੇ ਹੋਰ ਕੋਈ ਵੱਡੀਆਂ ਪ੍ਰਾਪਤੀਆਂ ਕੀਤੀਆਂ ਹੋਣਗੀਆਂ, ਜਿਨ੍ਹਾਂ ਦਾ ਲੇਖਾ-ਜੋਖਾ ਵੱਖਰੇ ਤੌਰ ਉੱਤੇ ਕੀਤਾ ਜਾ ਸਕਦਾ ਹੈ ਪਰ ਨਸ਼ਿਆਂ ਦੀ ਦਲਦਲ ਵਿੱਚ ਫਸੇ ਨੌਜਵਾਨ ਹੋਰ ਵੀ ਬੁਰੀ ਤਰ੍ਹਾਂ ਇਸਦਾ ਸ਼ਿਕਾਰ ਹੋ ਰਹੇ ਹਨ। ਕੀ ਸਰਕਾਰ ਇਸ ਸਚਾਈ ਤੋਂ ਮੁਨਕਰ ਹੋ ਸਕਦੀ ਹੈ ?

ਪੰਜਾਬ ਵਿੱਚ ਨਸ਼ੇ ਦੀ ਵਰਤੋਂ ਇਸ ਕਦਰ ਵਧ ਚੁੱਕੀ ਹੈ ਕਿ ਸਰਕਾਰੀ ਅੰਕੜਿਆਂ ਅਨੁਸਾਰ ਪੰਜਾਬ ਵਿੱਚ 35 ਸਰਕਾਰੀ ਨਸ਼ਾ ਮੁਕਤੀ ਕੇਂਦਰ ਹਨ ਅਤੇ 96 ਗੈਰ-ਸਰਕਾਰੀ ਨਸ਼ਾ ਮੁਕਤੀ ਕੇਂਦਰ ਕੰਮ ਕਰ ਰਹੇ ਹਨ। ਪਿਛਲੇ ਕੁਝ ਮਹੀਨਿਆਂ ਦੌਰਾਨ 1, 72, 530 ਲੋਕਾਂ ਨੇ ਇਲਾਜ ਲਈ ਇਨ੍ਹਾਂ ਕੇਂਦਰਾਂ ਵਿੱਚ ਰਜਿਸਟ੍ਰੇਸ਼ਨ ਕਰਵਾਈ ਹੈ। ਏਮਜ਼ ਅਨੁਸਾਰ ਸੂਬੇ ਵਿੱਚ 2 ਲੱਖ 75 ਹਜ਼ਾਰ 373 ਲੋਕ ਨਸ਼ੇ ਦੇ ਆਦੀ ਹਨ। ਭਾਵੇਂ ਲੋਕ ਨਸ਼ਾ ਛੱਡਣ ਲਈ ਤਤਪਰ ਹਨ, ਪਰ ਲੋਕ ਲਾਜ ਅਤੇ ਡਰ ਕਾਰਨ ਬਹੁਤੇ ਲੋਕ ਨਸ਼ਾ ਛੁਡਾਊ ਕੇਂਦਰਾਂ ਵਿੱਚ ਨਹੀਂ ਜਾ ਰਹੇ। ਹੈਰਾਨੀ ਵਾਲੀ ਗੱਲ ਇਹ ਵੀ ਹੈ ਕਿ ਜਿਹੜੇ ਲੋਕ ਨਸ਼ਾ ਛੁਡਾਊ ਕੇਂਦਰਾਂ ਵਿੱਚ ਜਾ ਕੇ ਨਸ਼ਾ ਛੱਡ ਚੁੱਕੇ ਸਨ, ਉਹ ਫਿਰ ਨਸ਼ੇ ਦਾ ਸ਼ਿਕਾਰ ਹੋ ਕੇ ਦੁਬਾਰਾ ਨਸ਼ਾ ਛੁਡਾਊ ਕੇਂਦਰ ਵਿੱਚ ਜਾ ਪਹੁੰਚੇ ਹਨ। ਇਨ੍ਹਾਂ ਦੀ ਗਿਣਤੀ ਸਰਕਾਰੀ ਅੰਕੜਿਆਂ ਅਨੁਸਾਰ ਇੱਕ ਲੱਖ ਬਾਹਟ ਹਜ਼ਾਰ ਹੈ। ਕੀ ਇਹ ਸਰਕਾਰੀ ਅਧਿਕਾਰੀਆਂ ਦੀ ਲਾਪਰਵਾਹੀ ਨਹੀਂ ?

ਪੰਜਾਬ ਵਿੱਚ ਸੂਬਾ ਸਰਕਾਰ ਨੇ ਐੱਸ.ਆਈ. ਟੀ. ਦਾ ਗਠਨ ਕੀਤਾ ਹੈ। ਨਸ਼ਾ ਛੁਡਾਊ ਕੇਂਦਰਾਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਵੀ ਇਸ ਨੂੰ ਸੌਂਪੀ ਗਈ ਹੈ। ਸਰਕਾਰ ਦਾ ਲਗਾਤਾਰ ਦਾਅਵਾ ਹੈ ਕਿ ਨਸ਼ਾ ਰੋਕਣ ਲਈ ਕੀਤੀ ਸਖ਼ਤੀ ਕਾਰਨ ਨਸ਼ਾ-ਤਸਕਰ ਪੰਜਾਬ ਛੱਡ ਕੇ ਬਾਹਰ ਜਾ ਚੁੱਕੇ ਹਨ ਪਰ ਅਸਲ ਵਿੱਚ ਜੇਲ੍ਹਾਂ ਵਿੱਚੋਂ ਨਸ਼ਾ ਫੜਨ ਅਤੇ ਦਰਮਿਆਨੇ ਦਰਜੇ ਦੇ ਤਸਕਰਾਂ ਤੋਂ ਨਸ਼ਾ ਫੜਨ ਦੀਆਂ ਖ਼ਬਰਾਂ ਚਿੰਤਾ ਦਾ ਵਿਸ਼ਾ ਹਨ। ਸਰਕਾਰ ਆਖ਼ਰ ਨਸ਼ਿਆਂ ਨੂੰ ਰੋਕਣ ਸਬੰਧੀ ਉਦਾਸੀਨ ਕਿਉਂ ਹੋ ਚੁੱਕੀ ਹੈ ?

ਖੇਤੀ ਸੰਕਟ ਵਿੱਚੋਂ ਕਿਸਾਨਾਂ ਨੂੰ ਉਭਾਰਨ ਲਈ ਸਿਵਾਏ ਕੁਝ ਕੁ ਹਿੱਸਾ ਕਰਜ਼ਾ ਮੁਆਫ਼ ਕਰਨ ਦੇ ਕੈਪਟਨ ਸਰਕਾਰ ਨੇ ਕੁਝ ਨਹੀਂ ਕੀਤਾ। ਘਾਟੇ ਦੀ ਖੇਤੀ ਕਿਸਾਨਾਂ ਲਈ ਨਿੱਤ ਨਵੀਆਂ ਮੁਸੀਬਤਾਂ ਲੈ ਕੇ ਆ ਰਹੀ ਹੈ। ਕੀਟਨਾਸ਼ਕਾਂ, ਖਾਦਾਂ ਦੀ ਅੰਨ੍ਹੇਵਾਹ ਵਰਤੋਂ, ਝੋਨੇ ਦੀ ਫ਼ਸਲ ਉੱਤੇ ਕਿਸਾਨ ਦੀ ਨਿਰਭਰਤਾ ਪੰਜਾਬ ਦੇ ਧਰਤੀ ਹੇਠਲੇ ਪਾਣੀ ਲਈ ਇੱਕ ਖ਼ਤਰਨਾਕ ਸਥਿਤੀ ਪੈਦਾ ਕਰ ਰਹੀ ਹੈ। ਸੂਬੇ ਦੇ 80 ਫ਼ੀਸਦੀ ਤੋਂ ਵੱਧ ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਹੇਠਲੇ ਪੱਧਰ ਉੱਤੇ ਪੁੱਜ ਚੁੱਕਾ ਹੈ। ਬੇ-ਮੌਸਮੀ ਬਰਸਾਤ ਹੋਣਾ, ਫ਼ਸਲੀ ਬੀਮੇ ਦਾ ਕਿਸਾਨਾਂ ਵਲੋਂ ਲਾਹੇਬੰਦ ਨਾ ਹੋਣ ਕਾਰਨ ਨਾ ਅਪਣਾਉਣਾ ਅਤੇ ਹੜ੍ਹਾਂ ਦੀ ਮਾਰ ਕਿਸਾਨਾਂ ਲਈ ਆਫ਼ਤ ਬਣ ਕੇ ਆ ਰਹੀ ਹੈ। ਪੰਜਾਬ ਸਰਕਾਰ ਵਲੋਂ ਪਰਾਲੀ ਜਲਾਏ ਜਾਣ ਤੋਂ ਰੋਕਣ ਦਾ ਪ੍ਰਬੰਧਨ ਨਾ ਕਰਨਾ, ਸਰਕਾਰ ਦੀ ਨਾਕਾਮੀ ਦੀ ਵੱਡੀ ਉਦਾਹਰਨ ਹੈ।

ਪੰਜਾਬ ਦਾ ਖੇਤੀਬਾੜੀ ਵਿਭਾਗ ਅਤੇ ਖੇਤੀ ਯੂਨੀਵਰਸਿਟੀ ਕਿਸਾਨਾਂ ਨੂੰ ਬਦਲਵੀਂ ਫ਼ਸਲ, ਪੈਦਾਵਾਰ ਲਈ ਕੋਈ ਠੋਸ ਪ੍ਰਾਜੈਕਟ ਨਹੀਂ ਦੇ ਸਕੀ। ਸਿੱਟਾ, ਕਿਸਾਨ ਰਿਵਾਇਤੀ ਫ਼ਸਲਾਂ ਉੱਤੇ ਨਿਰਭਰ ਹਨ ਅਤੇ ਆੜ੍ਹਤੀਆਂ ਦੇ ਚੁੰਗਲ ਵਿੱਚ ਫਸੇ ਕਰਜ਼ੇ ਲੈ ਕੇ ਮਸਾਂ ਗੁਜ਼ਾਰਾ ਕਰ ਰਹੇ ਹਨ। ਕਿਉਂਕਿ ਪੰਜਾਬ ਖੇਤੀ ਉੱਤੇ ਨਿਰਭਰ ਸੂਬਾ ਹੈ, ਪੰਜਾਬ ਦੀ ਕਿਸਾਨੀ ਖ਼ੁਸ਼ਹਾਲ ਨਹੀਂ, ਇਸ ਕਰਕੇ ਖੇਤੀ ਸਬੰਧਤ ਕਾਰੋਬਾਰ ਨਿਵਾਣਾਂ ਵੱਲ ਜਾ ਰਹੇ ਹਨ ਅਤੇ ਪੰਜਾਬ ਦੀ ਆਰਥਿਕਤਾ ਡਾਵਾਂਡੋਲ ਹੋ ਰਹੀ ਹੈ। ਖੇਤੀ ਆਮਦਨੀ ਵਿੱਚ ਘਾਟੇ ਦਾ ਮੁੱਖ ਕਾਰਨ ਕਿਸਾਨਾਂ ਨੂੰ ਆਧੁਨਿਕ ਖੇਤੀ ਨਾਲ ਸਬੰਧਤ ਗਿਆਨ ਦੀ ਕਮੀ ਹੈ। ਗਲੋਬਲ ਵਾਰਮਿੰਗ ਦਾ ਅਸਰ ਹੋਵੇ ਜਾਂ ਨਿੱਤ ਬਦਲਦੇ ਮੌਸਮ ਦੀ ਮਾਰ, ਇਸ ਨਾਲ ਖੇਤੀ ਪੈਦਾਵਾਰ ਸੰਕਟ ਵਿੱਚ ਪੈ ਗਈ ਹੈ। ਕਿਸਾਨ ਹਾਲੇ ਇੱਥੋਂ ਤੱਕ ਵੀ ਵਾਕਫ਼ ਨਹੀਂ ਹੋ ਰਹੇ ਕਿ ਕਿਹੜੇ ਮੌਸਮ ਵਿੱਚ ਕਿਹੜੀ ਫ਼ਸਲ ਕਿਸ ਮਿੱਟੀ ਵਿੱਚ ਬੀਜਣੀ ਹੈ। ਮਿੱਟੀ ਨੂੰ ਉਪਜਾਊ ਬਣਾਉਣ ਦੀ ਥਾਂ ਕਿਸਾਨ ਖਾਦਾਂ ਦੀ ਵਰਤੋਂ ਨਾਲ ਫ਼ਸਲ ਲੈ ਰਹੇ ਹਨ, ਜੋ ਉਸ ਨੂੰ ਅੰਤਾਂ ਦੀ ਮਹਿੰਗੀ ਪੈ ਰਹੀ ਹੈ। ਦਰਅਸਲ ਜਦੋਂ ਫ਼ਸਲ ਪੱਕ ਜਾਂਦੀ ਹੈ ਤਾਂ ਉਸ ਨੂੰ ਕੀੜਿਆਂ ਦੀ ਮਾਰ ਪੈ ਜਾਂਦੀ ਹੈ, ਜਿਸ ਨਾਲ ਫ਼ਸਲ ਦਾ ਨੁਕਸਾਨ ਹੁੰਦਾ ਹੈ। ਚੰਗਾ ਹੋਵੇ ਕਿਸਾਨਾਂ ਨੂੰ ਇਸ ਗੱਲ ਦੀ ਸਹੂਲਤ ਜਾਂ ਜਾਣਕਾਰੀ ਮਿਲੇ ਕਿ ਧਰਤੀ ਨੂੰ ਉਪਜਾਊ ਬਣਾਉਣ ਲਈ 'ਹਰੀ ਖਾਦ' ਦੀ ਵਰਤੋਂ ਕਿਵੇਂ ਕਰਨੀ ਹੈ ਅਤੇ ਕਿਹੜੀ ਫ਼ਸਲ ਕਿਸ ਵੇਲੇ ਬੀਜਣੀ ਹੈ। ਮਿੱਟੀ ਦੀ ਜਾਂਚ ਦਾ ਪ੍ਰਬੰਧ ਜੇਕਰ ਸਰਕਾਰ ਹਰ ਤੀਜੇ ਵਰ੍ਹੇ ਕਰੇ ਤਾਂ ਫ਼ਸਲੀ ਚੱਕਰ ਬਦਲਣ ਤੇ ਕਿਸਾਨੀ ਆਮਦਨ ਵਿੱਚ ਵਾਧਾ ਆਸਾਨ ਹੋ ਸਕਦਾ ਹੈ। ਐਡਾ ਸੌਖਾ ਕੰਮ ਵੀ ਕਿਸਾਨ ਹਿਤੂ ਕੈਪਟਨ ਸਰਕਾਰ ਆਖ਼ਰ ਕਿਉਂ ਨਹੀਂ ਕਰ ਸਕੀ ?

ਕਿਸਾਨਾਂ ਵੱਲ ਨਾ ਕੇਂਦਰ ਸਰਕਾਰ ਦਾ ਧਿਆਨ ਹੈ, ਜਿਸ ਤੋਂ ਕਿਸਾਨ ਸਵਾਮੀਨਾਥਨ ਰਿਪੋਰਟ ਲਾਗੂ ਕਰਨ ਦੀ ਮੰਗ ਕਰਦੇ ਹਨ ਅਤੇ ਨਾ ਹੀ ਸੂਬਾ ਸਰਕਾਰਾਂ ਦਾ ਧਿਆਨ ਹੈ, ਜਿਸ ਤੋਂ ਤਵੱਕੋ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ, ਮੰਡੀਕਰਨ, ਫ਼ਸਲਾਂ ਦੀ ਸਟੋਰੇਜ ਅਤੇ ਚੰਗੇ ਆਵਾਜਾਈ ਸਾਧਨ ਮੁਹੱਈਆ ਕਰਨ ਦੀ ਹੈ।

ਪੰਜਾਬ ਦੀ ਕੈਪਟਨ ਸਰਕਾਰ ਕਿਸਾਨਾਂ ਨੂੰ ਉਹ ਸਾਰੀਆਂ ਸਹੂਲਤਾਂ ਦੇਣ ਵਿੱਚ ਕਾਮਯਾਬ ਨਹੀਂ ਹੋ ਰਹੀ, ਸਿਰਫ਼ ਕੁਝ ਕੁ ਹਿੱਸਾ ਕਰਜ਼ੇ ਮੁਆਫ਼ ਕਰਕੇ ਕਿਸਾਨਾਂ ਨੂੰ ਖੇਤੀ ਸੰਕਟ ਵਿੱਚੋਂ ਨਹੀਂ ਕੱਢਿਆ ਜਾ ਸਕਦਾ। ਨਸ਼ਿਆਂ ਦੇ ਫਰੰਟ ਉੱਤੇ ਕੈਪਟਨ ਅਮਰਿੰਦਰ ਸਿੰਘ ਦੀ ਸਫ਼ਲਤਾ ਉੱਤੇ ਤਾਂ ਪ੍ਰਸ਼ਨ ਚਿੰਨ੍ਹ ਲੱਗ ਚੁੱਕੇ ਹਨ। ਨਹੀਂ ਤਾਂ ਨਸ਼ਿਆਂ ਨਾਲ ਨੌਜਵਾਨ ਦੇ ਗ੍ਰਸੇ ਜਾਣ ਦੇ ਅੰਕੜਿਆਂ ਵਿੱਚ ਇੰਨਾ ਵਾਧਾ ਦਿਖਾਈ ਨਾ ਦਿੰਦਾ। ਬਿਨਾਂ ਸ਼ੱਕ ਸਰਕਾਰ ਵਲੋਂ ਨਸ਼ਿਆਂ ਦੇ ਇਲਾਜ ਲਈ ਭਰਪੂਰ ਯਤਨ ਹੋ ਰਹੇ ਹਨ, ਨਸ਼ਾ ਛੁਡਾਊ ਮੁਹਿੰਮ ਵੀ ਲਗਾਤਾਰ ਜਾਰੀ ਹੈ, ਮੁਹਿੰਮ ਦੇ ਤਹਿਤ ਟੇਕ ਹੋਮ ਡੋਜ਼ ਸਰਵਿਸ ਵੀ ਨਸ਼ਿਆਂ ਨਾਲ ਗ੍ਰਸਤ ਨੌਜਵਾਨਾਂ ਨੂੰ ਘਰੋ-ਘਰੀ ਦਿੱਤੀ ਜਾ ਰਹੀ ਹੈ। ਪਰ ਨਸ਼ਿਆਂ ਦੀ ਸਪਲਾਈ ਦਾ ਨਾ ਟੁੱਟਣਾ ਅਤੇ ਨਸ਼ਿਆਂ ਦਾ ਸ਼ਰੇਆਮ ਮਿਲਣਾ ਕੀ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਦੀ ਨਾ ਕਾਮਯਾਬੀ ਨਹੀਂ ?

# ਭਾਰਤੀ ਰਾਜਤੰਤਰ ਲਈ ਖਤਰਾ ਹਿੰਦੂਤਵ

**ਅਮਨਦੀਪ ਸਿੰਘ**

ਭਾਰਤ ਦੀ ਮੌਜੂਦਾ ਸਰਕਾਰ ਨੇ ਰਾਜ ਕਰਨ ਦੇ ਦੋ ਮੰਤਰ ਸਾਧ ਲਏ ਜਾਪਦੇ ਹਨ। 'ਫੁੱਟ ਪਾਓ' ਅਤੇ 'ਧਿਆਨ ਭਟਕਾਓ'। ਸੰਸਦ ਦੇ ਪਹਿਲੇ ਹੀ ਇਜਲਾਸ ਵਿਚ ਸਰਕਾਰ ਨੇ ਆਪਣੇ ਕਈ ਇਕ ਪਾਸੜ ਫੈਸਲੇ, ਬਿਨਾਂ ਵਿਰੋਧੀ ਧਿਰ ਨੂੰ ਵਾਦ-ਵਿਵਾਦ ਦਾ ਮੌਕਾ ਦਿੱਤੇ ਲੋਕਾਂ ਉੱਤੇ ਥੋਪੇ ਹਨ। ਯੂ.ਏ.ਪੀ.ਏ. ਅਤੇ ਸੂਚਨਾ ਦੇ ਅਧਿਕਾਰ ਵਿਚ ਸੋਧ ਹੋਵੇ ਜਾਂ ਤਿੰਨ ਤਲਾਕ ਜਾਂ ਕਸ਼ਮੀਰ ਵਿਚੋਂ ਧਾਰਾ 370 ਖ਼ਤਮ ਕਰਨਾ, ਹਰ ਫੈਸਲਾ ਵਿਰੋਧੀ ਸੁਰਾਂ ਨੂੰ ਹਿਕਾਰਤ ਨਾਲ ਪਰ੍ਹਾਂ ਹੂੰਝ ਕੇ ਲਿਆ ਗਿਆ ਹੈ। ਜਦੋਂ ਤੁਹਾਡੇ ਕੋਲ ਠੋਸ ਬਹੁਮਤ ਹੋਵੇ ਅਤੇ ਤੁਸੀਂ ਵਿਰੋਧੀ ਧਿਰ ਦੀਆਂ ਦਲੀਲਾਂ ਦੇ ਜਵਾਬ ਦੇਣਾ ਆਪਣੀ ਹੈਸੀਅਤ ਮੁਤਾਬਕ ਛੋਟੀ ਗੱਲ ਸਮਝਦਿਆਂ ਇਕ-ਇਕ ਜਾਂ ਦੋ-ਦੋ ਦਿਨਾਂ ਵਿਚ ਵੱਡੇ-ਵੱਡੇ ਫੈਸਲੇ ਲੈ ਮਾਰੋ ਤਾਂ ਇਹ ਪ੍ਰਕਿਰਿਆ ਭਾਵੇਂ ਲੋਕਤੰਤਰੀ ਹੋਵੇ ਪਰ ਆਪਣੇ ਸੁਭਾਅ ਪੱਖੋਂ ਇਹ ਬਹੁਮਤ ਦੀ ਤਾਨਾਸ਼ਾਹੀ ਹੀ ਆਖੀ ਜਾਵੇਗੀ। ਲੋਕਤੰਤਰ ਦਾ ਅਸਲ ਮਤਲਬ ਹੈ ਲੋਕਾਂ ਦੀ ਰਾਏ ਨਾਲ ਸਰਕਾਰ ਚਲਾਉਣਾ। ਪਰ ਜੇ ਧਰਮ, ਜਾਤ ਜਾਂ ਭਾਸ਼ਾ ਦੇ ਆਧਾਰ ਉੱਤੇ ਸਰਕਾਰ ਦੇ ਪੱਖ ਵਿਚ ਪੱਕੀ ਲੋਕ-ਰਾਇ ਕਾਇਮ ਹੋ ਜਾਵੇ ਤਾਂ ਉਹ ਲੋਕਤੰਤਰ ਨਹੀਂ ਰਹਿੰਦਾ। ਸਰਕਾਰ 'ਸਾਡੇ ਧਰਮ' ਵਾਲਿਆਂ ਦੀ ਹੈ ਤਾਂ ਉਸ ਦਾ ਹਰ ਕੰਮ ਠੀਕ ਹੈ। ਇਹ ਸੋਚ ਲੋਕਤੰਤਰ ਲਈ ਵੱਡਾ ਖ਼ਤਰਾ ਹੈ।

ਜਾਪਦਾ ਹੈ ਕਿ ਇਹ ਸਰਕਾਰ ਦੇਸ਼ ਦੀ ਬਹੁਗਿਣਤੀ ਨੂੰ ਕੀਲ ਕੇ ਆਪਣੀ ਕਾਰਗੁਜ਼ਾਰੀ ਦੀ ਕਿਸੇ ਵੀ ਜਵਾਬਦੇਹੀ ਤੋਂ ਉੱਪਰ ਉੱਠ ਚੁੱਕੀ ਹੈ। 2014 ਦੀਆਂ ਚੋਣਾਂ ਵੇਲੇ ਕੀਤੇ ਵਾਅਦੇ ਹੁਣ ਕੋਈ ਯਾਦ ਕਰਨਾ ਜਾਂ ਕਰਵਾਉਣਾ ਨਹੀਂ ਚਾਹੁੰਦਾ ਕਿਉਂਕਿ ਇਨ੍ਹਾਂ ਵਾਅਦਾ ਖ਼ਿਲਾਫ਼ੀਆਂ ਦੇ ਬਾਵਜੂਦ ਉਹ ਚੋਣਾਂ ਜਿੱਤ ਗਏ ਹਨ ਅਤੇ ਲੋਕਾਂ ਨੇ ਵਿਰੋਧੀ ਧਿਰ ਨੂੰ ਦੱਸ ਦਿੱਤਾ ਹੈ ਕਿ ਸਾਨੂੰ ਇਨ੍ਹਾਂ ਮੁੱਦਿਆਂ ਦੀ ਕੋਈ ਪਰਵਾਹ ਨਹੀਂ। ਅੱਜ ਦੇਸ਼ ਚਾਹੇ ਕਿੰਨੇ ਹੀ ਵੱਡੇ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ ਪਰ ਲੋਕਾਂ ਨੇ ਨੋਟਬੰਦੀ ਅਤੇ ਜੀ.ਐੱਸ.ਟੀ. ਲਈ ਮੋਦੀ ਸਰਕਾਰ ਨੂੰ ਮੁਆਫ਼ ਕਰ ਦਿੱਤਾ ਹੈ ਇਸ ਲਈ ਇਨ੍ਹਾਂ ਦੀ ਗੱਲ ਕਰਨ ਦਾ ਵੀ ਕੋਈ ਮਤਲਬ ਨਹੀਂ ਬਣਦਾ। ਦੇਸ਼ ਅਸਲ ਵਿਚ ਠਹਿਰ ਕੇ ਸੋਚਣ ਦੀ ਸਥਿਤੀ ਵਿਚ ਹੈ ਹੀ ਨਹੀਂ। ਅਸੀਂ ਤਾਂ ਜਿਵੇਂ ਕਿਸੇ 'ਰੋਲਰ ਕੋਸਟਰ' ਉੱਤੇ ਸਵਾਰ ਹਾਂ। ਇਕ ਤੋਂ ਬਾਅਦ ਇਕ ਤੇਜ਼ ਮੋੜ ਅਤੇ ਝਟਕੇ ਸਾਨੂੰ ਕਿਸੇ ਗੱਲ ਬਾਰੇ ਠਰੰਮ੍ਹੇ ਨਾਲ ਸੋਚਣ ਦਾ ਮੌਕਾ ਹੀ ਨਹੀਂ ਦੇ ਰਹੇ।

ਪੰਜ ਕੁ ਸਾਲ ਪਹਿਲਾਂ ਇਕ ਕਿਤਾਬ ਬੜੀ ਚਰਚਿਤ ਹੋਈ ਸੀ। 'ਨਿਓਮੀ ਕਲਿਨ' ਦੀ 'ਸਦਮਾ ਸਿਧਾਂਤ'। ਇਸ ਕਿਤਾਬ ਵਿਚ ਲੇਖਿਕਾ ਨੇ ਦੱਸਿਆ ਹੈ ਕਿ ਕਿਵੇਂ ਆਧੁਨਿਕ ਸਰਕਾਰਾਂ ਨੇ ਕਿਸੇ ਵੀ ਹਾਦਸੇ ਨੂੰ ਆਪਣੇ ਹੱਕ ਵਿਚ ਵਰਤਣਾ ਸਿੱਖ ਲਿਆ ਹੈ। ਜੇ ਉਸ ਨੇ ਇਹ ਕਿਤਾਬ ਥੋੜ੍ਹਾ ਪਛੜ ਕੇ ਲਿਖੀ ਹੁੰਦੀ ਤਾਂ ਇਕ ਅਧਿਆਏ ਭਾਰਤ ਬਾਰੇ ਵੀ ਹੁੰਦਾ ਕਿ ਕਿਵੇਂ ਇਕ ਸਰਕਾਰ ਜਾਣਬੁਝ ਕੇ ਹਾਦਸਿਆਂ ਨੂੰ ਜਨਮ ਵੀ ਦੇ ਸਕਦੀ ਹੈ। ਜੇ ਕਿਸੇ ਨੇਤਾ ਦੀ ਨਜ਼ਰ ਅਗਲੀਆਂ ਨਸਲਾਂ ਉੱਤੇ ਨਾ ਹੋ ਕੇ ਅਗਲੀਆਂ ਚੋਣਾਂ ਉੱਤੇ ਹੋਵੇ ਅਤੇ ਨੀਤੀਆਂ ਦੀ ਥਾਂ ਰਾਜਨੀਤੀ ਭਾਰੂ ਹੋਵੇ ਤਾਂ ਹਰਜ਼ ਵੀ ਕੀ ਹੈ ? ਕੀ ਫ਼ਰਕ ਪੈਂਦਾ ਹੈ ਜੇ ਚੰਗੀ ਭਲੀ ਚਲਦੀ ਆਰਥਿਕਤਾ ਨੂੰ ਬਰੇਕਾਂ ਲਾ ਦਿੱਤੀਆਂ ਜਾਣ ਜਾਂ ਬੱਚਿਆਂ ਦੇ ਹੱਥਾਂ ਵਿਚ ਕਿਤਾਬਾਂ ਦੀ ਥਾ ਹਥਿਆਰ ਫੜਾ ਦਿੱਤੇ ਜਾਣ। ਸਵਾਲ ਤਾਂ ਸੱਤਾ ਅਤੇ ਹੋਰ ਸੱਤਾ ਹਾਸਲ ਕਰਨ ਦਾ ਹੈ। ਹਰ ਹਾਲ ਵਿਚ, ਹਰ ਕੀਮਤ ਉੱਤੇ।

ਪਹਿਲੀ ਸੰਸਾਰ ਜੰਗ ਤੋਂ ਪਿੱਛੋਂ ਯੂਰਪ ਇਕ ਵੱਡੀ ਆਰਥਿਕ ਮੰਦੀ ਦਾ ਸ਼ਿਕਾਰ ਹੋਇਆ ਸੀ। ਹਰ ਪਾਸੇ ਬੇਰੁਜ਼ਗਾਰਾਂ ਦੀਆਂ ਭੀੜਾਂ ਅਤੇ ਹਰ ਪਾਸੇ ਨਾ-ਉਮੀਦੀ। ਅਜਿਹੇ ਸਮੇਂ ਵਿਚ ਜਰਮਨੀ ਵਿਚ ਹਿਟਲਰ ਅਤੇ ਇਟਲੀ ਵਿਚ ਮੁਸੋਲਿਨੀ ਵਰਗੇ ਮਜ਼ਬੂਤ ਲੀਡਰ ਉੱਠੇ। ਵੱਡੇ ਵਾਅਦਿਆਂ ਅਤੇ ਵਿਕਾਸ ਦੇ ਅਸੰਭਵ ਜਾਪਦੇ ਟੀਚਿਆਂ ਨਾਲ ਉਨ੍ਹਾਂ ਨੇ ਆਪਣੇ-ਆਪਣੇ ਦੇਸ਼ਾਂ ਦੇ ਵੋਟਰਾਂ ਨੂੰ ਭਰਮਾ ਲਿਆ। ਦੇਸ਼ ਦੀ ਭਾਸ਼ਾਈ ਅਤੇ ਨਸਲੀ ਬਹੁਗਿਣਤੀ ਨੂੰ ਆਪਣੇ ਨਾਲ ਲੈ ਕੇ ਅਤੇ ਆਪਣੇ ਆਲੋਚਕਾਂ, ਵਿਰੋਧੀਆਂ ਅਤੇ ਘੱਟ-ਗਿਣਤੀਆਂ ਨੂੰ ਡਰਾ ਕੇ ਇਨ੍ਹਾਂ ਲੀਡਰਾਂ ਨੇ ਜੋ ਵਿਵਸਥਾ ਲਾਗੂ ਕੀਤੀ, ਉਸ ਨੂੰ ਫਾਸ਼ੀਵਾਦ ਆਖਦੇ ਹਨ। ਫਾਸ਼ੀਵਾਦ ਨੂੰ ਇਕ ਪੰਕਤੀ ਵਿਚ ਬਿਆਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਇਹ ਇਕ ਰਾਸ਼ਟਰ, ਇਕ ਪਾਰਟੀ ਅਤੇ ਇਕ ਮਜ਼ਬੂਤ ਲੀਡਰ ਦੀ ਲੋਕਤੰਤਰ ਅਤੇ ਸਮਾਜਵਾਦ ਦੇ ਸਿਧਾਂਤਾਂ ਉੱਤੇ ਜਿੱਤ ਹੈ'।

ਸ਼ੁਰੂ ਵਿਚ ਬਹੁਗਿਣਤੀ ਲੋਕ ਦੇਸ਼ ਦੀ ਆਰਥਿਕ ਅਤੇ ਰਾਜਨੀਤਕ ਖੁਸ਼ਹਾਲੀ ਦੇ ਟੀਚਿਆਂ ਲਈ ਆਪਣੀ ਆਜ਼ਾਦੀ, ਬਰਾਬਰੀ ਅਤੇ ਮਨੁੱਖੀ ਅਧਿਕਾਰਾਂ ਨੂੰ ਆਪ ਹੀ ਛੱਡਣ ਲਈ ਤਿਆਰ ਹੋ ਜਾਂਦੇ ਹਨ। ਜਦੋਂ ਵਾਅਦਿਆਂ ਦਾ ਪਾਣੀ ਲੱਥਦਾ ਹੈ ਤਾਂ ਬਹੁਗਿਣਤੀ ਵੀ 'ਆਪਣੀ ਸਰਕਾਰ' ਦਾ ਵਿਰੋਧ ਕਰਨ ਦੀ ਤਾਕਤ ਗੁਆ ਚੁੱਕੀ ਹੁੰਦੀ ਹੈ। ਸੰਵਿਧਾਨਕ ਸੰਸਥਾਵਾਂ ਆਪਣੀ ਨਿਰਪੱਖਤਾ ਗੁਆ ਚੁੱਕੀਆਂ ਹੁੰਦੀਆਂ ਹਨ। ਚੀਨ ਵਿਚ ਕਹਾਵਤ ਹੈ ਕਿ ਬਾਂਦਰ ਨੂੰ ਡਰਾਉਣਾ ਹੋਵੇ ਤਾਂ ਉਸ ਦੇ ਸਾਹਮਣੇ ਮੁਰਗੇ ਨੂੰ ਮਾਰ ਦਿਓ। ਇਸੇ ਤਰ੍ਹਾਂ ਫਾਸ਼ੀਵਾਦ ਜਦੋਂ ਆਪਣੇ ਵਿਰੋਧੀਆਂ ਨੂੰ ਮਾਰ ਰਿਹਾ ਹੁੰਦਾ ਹੈ ਤਾਂ ਉਹ ਅਸਲ ਵਿਚ ਡਰਾ ਆਪਣੀ ਸਮਰਥਕ ਬਹੁਗਿਣਤੀ ਨੂੰ ਰਿਹਾ ਹੁੰਦਾ ਹੈ। ਡਰ ਦੀ ਇਸ ਖੇਡ ਵਿਚ ਬੇਰੁਜ਼ਗਾਰਾਂ ਦੀਆਂ ਭੀੜਾਂ ਨੇ ਫਾਸ਼ੀਵਾਦ ਦੇ ਸੈਨਿਕਾਂ ਵਜੋਂ ਕੰਮ ਕੀਤਾ ਸੀ। ਭਾਰਤ ਵਿਚ ਆਰਥਿਕ ਮੰਦੀ ਦੇ ਹਾਲਾਤ ਸਰਕਾਰ ਨੇ 'ਸਦਮਾ ਸਿਧਾਂਤ' ਦੇ ਫਲਸਫੇ ਉੱਤੇ ਚਲਦਿਆਂ ਜਾਣ-ਬੁੱਝ ਕੇ ਪੈਦਾ ਕੀਤੇ ਹਨ ਜਾਂ ਅਨਜਾਣੇ ਵਿਚ ਆਪਣੀਆਂ 'ਤੁਗ਼ਲਕੀ' ਨੀਤੀਆਂ ਕਰਕੇ, ਇਸ ਦਾ ਨਿਤਾਰਾ ਤਾਂ ਭਵਿੱਖ ਨੇ ਕਰਨਾ ਹੈ। ਪਰ ਏਨਾ ਤੈਅ ਹੈ ਕਿ ਇਹ ਮੰਦੀ ਬੇਰੁਜ਼ਗਾਰਾਂ ਦੀ ਅਜਿਹੀ ਫ਼ੌਜ ਜ਼ਰੂਰ ਪੈਦਾ ਕਰੇਗੀ ਜੋ ਇਸ ਸਰਕਾਰ ਲਈ ਸੈਨਾ ਦਾ ਕੰਮ ਕਰੇਗੀ। ਨਾਗਰਿਕ ਅਧਿਕਾਰਾਂ ਦੀ ਗੱਲ ਕਰਨ ਵਾਲਿਆਂ ਲਈ ਇਕ ਹੋਰ ਸਦਮਾ ਤਿਆਰ ਹੈ। ਆਸਾਮ ਤੋਂ ਪਿੱਛੋਂ ਹੁਣ ਸਾਰੇ ਦੇਸ਼ ਵਿਚ ਨਾਗਰਿਕਤਾ ਰਜਿਸਟਰ ਦੀ ਗੱਲ ਕੀਤੀ ਜਾ ਰਹੀ ਹੈ। ਤੁਸੀਂ ਨਾਗਰਿਕ ਹੋਣ ਦੇ ਨਾਤੇ ਅਧਿਕਾਰਾਂ ਦੀ ਗੱਲ ਕਰਦੇ ਹੋ ? ਲਓ ਪਹਿਲਾਂ ਜ਼ਰਾ ਆਪਣੀ ਨਾਗਰਿਕਤਾ ਸਾਬਿਤ ਤਾਂ ਕਰੋ। ਆਸਾਮ ਵਿਚ ਘੁਸਪੈਠੀਆਂ ਦੀ 'ਵਿਚ ਹੰਟਿੰਗ' ਨੇ ਗੁਆਂਢੀ ਨੂੰ ਗੁਆਂਢੀ ਵਿਰੁੱਧ ਸ਼ਿਕਾਇਤ-ਕਰਤਾ ਬਣਾ ਦਿੱਤਾ ਹੈ। ਇਹ ਤਾਂ ਇਕ ਲੰਬੇ ਸਿਲਸਿਲੇ ਦੀ ਸ਼ੁਰੂਆਤ ਹੈ ਬੱਸ। ਲੋਕਾਂ ਅੰਦਰ ਹਮੇਸ਼ਾ ਸ਼ੱਕ, ਅਸਥਿਰਤਾ ਅਤੇ ਵੈਰ-ਵਿਰੋਧ ਬਣਿਆ ਰਹੇ ਇਸ ਲਈ ਦੇਸ਼ ਦੇ ਅੰਦਰ ਅਤੇ ਬਾਹਰ ਨਵੇਂ-ਨਵੇਂ ਦੁਸ਼ਮਣ ਲੱਭੇ ਜਾਣਗੇ। ਤਾਂ ਕਿ ਲੋਕ ਆਪਸ ਵਿਚ ਲੜਦੇ ਰਹਿਣ ਤੇ ਸਰਕਾਰ ਦੀ ਅਤੇ ਉਸਦੇ ਪੂੰਜੀਪਤੀ ਦੋਸਤਾਂ ਦੀ ਲੁੱਟ 'ਤੇ ਸਵਾਲ ਨਾ ਕਰਨ। ਪਾਕਿਸਤਾਨ ਵਿਚ ਇਹ ਅਮਲ ਇਕ ਲੰਬੀ ਉਮਰ ਹੰਢਾ ਚੁੱਕਾ ਹੈ। ਜਦੋਂ ਪਾਕਿਸਤਾਨ ਬਣਿਆ ਤਾਂ ਗ਼ੈਰ-ਮੁਸਲਮਾਨ ਦੁਸ਼ਮਣ ਵਜੋਂ ਪੇਸ਼ ਕੀਤੇ ਗਏ। ਫੇਰ ਨੰਬਰ ਆਇਆ ਮੁਸਲਮਾਨਾਂ ਵਿਚੋਂ ਦੁਸ਼ਮਣ ਲੱਭਣ ਦਾ, ਸ਼ੀਆ, ਸੂਫੀ, ਕਾਦਿਆਇਨੀ, ਇਸਮਾਇਲੀ, ਮੁਹਾਜਿਰ, ਬੰਗਾਲੀ, ਸਿੰਧੀ, ਬਲੋਚੀ। ਇਕ ਲੰਬਾ ਸਿਲਸਿਲਾ ਹੈ ਜੋ ਖ਼ਤਮ ਹੀ ਨਹੀਂ ਹੁੰਦਾ।



ਸੰਸਾਰ ਭਰ ਵਿਚ ਤਾਨਾਸ਼ਾਹੀ ਰਵੱਈਏ ਵਾਲੇ, ਤੁਰੰਤ-ਫੁਰਤ ਫੈਸਲੇ ਲੈਣ ਵਾਲੇ ਅਤੇ ਡਰਾਮੇਬਾਜ਼ ਲੀਡਰਾਂ ਨੂੰ ਵੱਧ ਪਸੰਦ ਕੀਤਾ ਜਾ ਰਿਹਾ ਹੈ। ਇਸ ਦਾ ਕਾਰਨ ਸੋਸ਼ਲ ਮੀਡੀਆ ਹੈ, ਜਿਸ ਨੇ ਜਾਣਕਾਰੀ ਦੇ ਮਾਧਿਅਮ ਹਰ ਕਿਸੇ ਦੇ ਹੱਥ ਵਿਚ ਦੇ ਦਿੱਤੇ ਨੇ। ਇਤਿਹਾਸ, ਵਿਗਿਆਨ ਅਤੇ ਆਰਥਿਕਤਾ ਵਰਗੇ ਗੰਭੀਰ ਵਿਸ਼ਿਆਂ ਬਾਰੇ ਕੱਚ-ਘਰੜ ਜਾਣਕਾਰੀ ਸੋਸ਼ਲ ਮੀਡੀਆ ਤੋਂ ਲਗਾਤਾਰ ਨਸ਼ਰ ਹੁੰਦੀ ਰਹਿੰਦੀ ਹੈ। ਮਨੁੱਖੀ ਦਿਮਾਗ ਔਖੀ ਅਤੇ ਗੁੰਝਲਦਾਰ ਜਾਣਕਾਰੀ ਦੀ ਥਾਂ ਸੌਖੀ ਜਾਣਕਾਰੀ ਵੱਧ ਪਸੰਦ ਕਰਦਾ ਹੈ। ਸਮਝਦਾਰੀ ਅਤੇ ਠਰੰਮ੍ਹੇ ਵਾਲੀ ਗੱਲ ਪਿੱਛੋਂ ਅਤੇ ਉਕਸਾਊ ਗੱਲਾਂ ਨੂੰ ਪਹਿਲਾਂ ਸੁਣਦਾ ਹੈ। ਤੱਥਾਂ ਤੋਂ ਵੱਧ ਜੁਮਲੇ ਵਧ ਟਿਕਦੇ ਹਨ। ਸੋਸ਼ਲ ਮੀਡੀਆ ਅਤੇ ਮੀਡੀਆ ਦੋਵੇਂ ਪੈਸੇ ਦੀ ਖੇਡ ਹਨ। ਰਾਜਨੀਤੀ ਨੇ ਜਿਸ ਤਰ੍ਹਾਂ ਦੀਆਂ ਗ਼ਲਤ ਧਾਰਨਾਵਾਂ ਗਿਆਨ-ਵਿਗਿਆਨ ਦੇ ਖੇਤਰ ਵਿਚ ਪੈਦਾ ਕਰ ਦਿੱਤੀਆਂ ਹਨ ਅਤੇ ਜਿਸ ਦਾ ਤੱਥਾਂ ਤੋਂ ਰਹਿਤ ਇਤਿਹਾਸ ਪਰੋਸਿਆ ਜਾ ਰਿਹਾ ਹੈ, ਉਸ ਨਾਲ ਹਰ ਕਿਸਮ ਦੇ ਗਿਆਨ ਦੇ ਨਾਂਅ ਉੱਤੇ ਸਾਡੇ ਕੋਲ ਪ੍ਰਾਪੇਗੰਡਾ ਹੀ ਰਹਿ ਜਾਵੇਗਾ। ਜਦੋਂ ਅਸੀਂ ਆਈਨਸਟਾਈਨ ਨੂੰ ਰਾਮ ਸੇਤੂ ਬਣਾਉਣ ਵਾਲੇ ਨਲ ਦੀ ਕਤਾਰ ਵਿਚ ਖੜ੍ਹਾ ਕਰਾਂਗੇ ਅਤੇ ਵੀਰ ਸਾਵਰਕਰ ਨੂੰ ਭਗਤ ਸਿੰਘ ਅਤੇ ਸੁਭਾਸ਼ ਚੰਦਰ ਬੋਸ ਦੀ ਕਤਾਰ ਵਿਚ ਤਾਂ ਸਾਡਾ ਨਾ ਕੋਈ ਭਵਿੱਖ ਹੋਵੇਗਾ ਅਤੇ ਨਾ ਇਤਿਹਾਸ। ਅਸੀਂ ਬੱਸ ਨਵੇਂ ਜੁਮਲਿਆਂ ਨੂੰ ਫੜਨ ਅਤੇ ਪੁਰਾਣਿਆਂ ਨੂੰ ਭੁੱਲਣ ਜੋਗੀ ਸਿਆਣਪ ਦੇ ਹੀ ਧਾਰਨੀ ਰਹਿ ਜਾਵਾਂਗੇ।

ਅੱਛੇ ਦਿਨ ਜੋ ਪਹਿਲਾਂ 2019 ਤੱਕ ਆਉਣੇ ਸਨ ਕੁਝ ਕਾਰਨਾਂ ਕਰਕੇ 2022 ਤੱਕ ਲੇਟ ਹੋ ਗਏ ਪਰ ਹੁਣ ਲਗਦੈ ਕਿ 2024 ਵਿਚ ਪੰਜ ਖਰਬ ਦੀ ਆਰਥਿਕਤਾ ਦੇ ਨਾਲ ਹੀ ਆਉਣਗੇ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.

Khalsa Insurance Agency is among TOP 50 agencies of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
Your destination for affordable health care

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

# ਜਨਮ ਸਾਖੀ ਸਾਹਿਤ ਬਨਾਮ ਭਾਈ ਬਾਲਾ

**ਪ੍ਰੋ. ਬਲਵਿੰਦਰਪਾਲ ਸਿੰਘ**

ਜਨਮ ਸਾਖੀ ਦਾ ਬਹੁਤ ਸਾਰਾ ਸਾਹਿਤ ਗੁਰੂ ਨਾਨਕ ਸਾਹਿਬ ਬਾਰੇ ਹੀ ਮਿਲਦਾ ਹੈ। ਇਹ ਸਾਹਿਤ ਸਤਾਰਵੀਂ ਸਦੀ ਦੌਰਾਨ ਉਤਪੰਨ ਹੋਇਆ। ਸਿੱਖ ਸਾਹਿਤ ਵਿਚ ਪੁਰਾਤਨ ਜਨਮ ਸਾਖੀ, ਮਿਹਰਬਾਨ ਵਾਲੀ ਜਨਮ ਸਾਖੀ ਤੇ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਵੇਰਵਾ ਪ੍ਰਮੁਖ ਤੌਰ 'ਤੇ ਮਿਲਦਾ ਹੈ, ਕਿਉਂਕਿ ਇਹ ਸਾਖੀ ਸਾਹਿਤ ਜ਼ਿਆਦਾ ਪ੍ਰਸਿੱਧ ਹੈ। ਭਾਵੇਂ ਜਨਮ ਸਾਖੀ ਸਾਹਿਤ ਨੂੰ ਗੁਰੂ ਨਾਨਕ ਸਾਹਿਬ ਸੰਬੰਧੀ ਇਤਿਹਾਸਕ ਜਾਣਕਾਰੀ ਲਈ ਮੁਖ ਸਰੋਤ ਸਮਝਿਆ ਜਾਂਦਾ ਹੈ। ਪਰ ਜਿੰਨਾ ਚਿਰ ਤੱਕ ਅਸੀਂ ਗੁਰੂ ਸਾਹਿਬ ਦੇ ਬਚਨ ਅਰਥਾਤ ਗੁਰੂ ਗਰੰਥ ਸਾਹਿਬ ਦੇ ਸਿਧਾਂਤ ਨੂੰ ਪ੍ਰਮੁਖ ਰੱਖ ਕੇ ਤੇ ਇਤਿਹਾਸਕ ਖੋਜ ਕਰਕੇ ਆਪਣਾ ਆਧਾਰ ਨਹੀਂ ਬਣਾਵਾਂਗੇ ਤਾਂ ਅਸੀਂ ਇਸ ਵਿਚ ਰਲੀ ਖੋਟ ਤੇ ਮੂਲ ਲੇਖਕ ਦੇ ਸਿਧਾਂਤ ਤੇ ਮਨੋਰਥ ਬਾਰੇ ਨਹੀਂ ਜਾਣ ਸਕਾਂਗੇ ਕਿ ਉਹ ਗੁਰਮਤਿ ਪਖੀ ਹੈ ਜਾਂ ਸਨਾਤਨੀ ਤੇ ਗੁਰੂ ਘਰ ਵਿਰੋਧੀ ਸੋਚ ਦਾ ਧਾਰਨੀ ਹੈ।

ਪੁਰਾਤਨ ਜਨਮ ਸਾਖੀ ਦਾ ਰਚਨਾ ਕਾਲ 1634-35 ਈਸਵੀ ਦਾ ਮੰਨਿਆ ਗਿਆ ਹੈ। ਇਸ ਰਚਨਾ ਨੂੰ ਡਾਕਟਰ ਭਾਈ ਵੀਰ ਸਿੰਘ ਨੇ 1926 ਈਸਵੀ ਵਿਚ ਸੰਪਾਦਿਤ ਕਰਕੇ ਪ੍ਰਕਾਸ਼ਿਤ ਕੀਤਾ ਸੀ। ਇਸ ਰਚਨਾ ਦੇ ਵਿਦਵਾਨ ਸੰਪਾਦਕ ਭਾਈ ਵੀਰ ਸਿੰਘ ਜੀ ਨੇ ਦੋ ਪੋਥੀਆਂ ਨੂੰ ਆਧਾਰ ਬਣਾਇਆ। ਪਹਿਲੀ ਵਲਾਇਤ ਵਾਲੀ ਜਨਮ ਸਾਖੀ ਦੀ ਹੱਥ ਲਿਖਤ ਪੋਥੀ 1815-16 ਈਸਵੀ ਦੌਰਾਨ ਐਚ ਵੀ ਕੋਲਬਰੁਕ ਨਾਮ ਦੇ ਵਿਅਕਤੀ ਨੇ ਈਸਟ ਇੰਡੀਆ ਹਾਊਸ ਦੀ ਲਾਇਬਰੇਰੀ ਨੂੰ ਸੌਂਪੀ ਸੀ। ਇਹ ਪੋਥੀ ਡਾਕਟਰ ਟਰੰਪ ਨੇ ਖੋਜ ਕਰਦਿਆਂ ਇਸ ਲਾਇਬਰੇਰੀ ਤੋਂ ਪ੍ਰਾਪਤ ਕੀਤੀ।

ਡਾਕਟਰ ਟਰੰਪ ਨੇ ਵਲਾਇਤ ਵਾਲੀ ਜਨਮ ਸਾਖੀ ਦਾ ਅੰਗਰੇਜ਼ੀ ਅਨੁਵਾਦ ਗੁਰੂ ਗਰੰਥ ਸਾਹਿਬ ਦੇ ਅੰਗਰੇਜ਼ੀ ਵਿਚ ਕੀਤੇ ਟੀਕੇ 'The Adi Granth' ਦੀ ਭੂਮਿਕਾ ਵਜੋਂ ਛਾਪਿਆ। ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਚਾਰਲਸ ਏਚਿਸਨ ਦੀ ਸਹਾਇਤਾ ਨਾਲ ਇਹ ਪੋਥੀ ਮੰਗਵਾਈ ਗਈ ਤੇ ਇਸ ਦੇ ਜ਼ਿੰਕੋਗਰਾਫਿਕ ਉਤਾਰੇ ਸਿੱਖਾਂ ਵਿਚ ਵੰਡੇ ਗਏ। ਇਸ ਪੋਥੀ ਨੂੰ ਕੋਲਬਰੁਕ ਵਾਲੀ ਜਨਮ ਸਾਖੀ ਵੀ ਆਖਿਆ ਗਿਆ ਹੈ।

ਦੂਜੀ ਪੋਥੀ ਪ੍ਰੋ. ਗੁਰਮੁਖ ਸਿੰਘ ਮੁਖੀ ਸਿੰਘ ਸਭਾ ਲਹਿਰ ਨੂੰ ਹਾਫਿਜ਼ਾਬਾਦ (ਜ਼ਿਲ੍ਹਾ ਗੁਜਰਾਂਵਾਲਾ) ਤੋਂ ਪ੍ਰਾਪਤ ਹੋਈ। ਇਸ ਨੂੰ ਮੈਕਾਲਿਫ ਨੇ ਬਾਅਦ ਵਿਚ ਪਦ-ਛੇਦ ਕਰਕੇ ਛਾਪਿਆ। ਇਸ ਨੂੰ ਮੈਕਾਲਿਫ ਵਾਲੀ ਜਨਮ ਸਾਖੀ ਵੀ ਕਿਹਾ ਜਾਂਦਾ ਹੈ। ਇਸ ਪੋਥੀ ਦੇ ਅੰਤਿਮ ਕੁਝ ਪੰਨੇ ਪਾਠ ਕਰਮ ਦੀ ਦ੍ਰਿਸ਼ਟੀ ਤੋਂ ਕੋਲਬਰੁਕ ਵਾਲੀ ਜਨਮ ਸਾਖੀ ਨਾਲ ਮਿਲਦੇ ਹਨ। ਪਰ ਇਸ ਦੀ ਅਸਲ ਕਾਪੀ ਹੁਣ ਗਾਇਬ ਹੈ। ਇਸ ਪੁਰਾਤਨ ਜਨਮ ਸਾਖੀ ਵਿਚ ਨਾ ਲੇਖਕ ਦਾ ਨਾਮ ਦਿੱਤਾ ਗਿਆ ਹੈ ਅਤੇ ਨਾ ਹੀ ਇਹ ਪ੍ਰਕਾਸ਼ਿਤ ਕੀਤਾ ਗਿਆ ਹੈ ਕਿ ਇਹ ਕਦੋਂ ਛਪੀ ਹੈ।

Dr. Jagjit Singh, A critical and comparative study of Biographies of Guru Nanak up to the Middle of the 18th century (Typed thesis), Punjabi University, Chandigarh p. 413 ਵਿਚ ਜ਼ਿਕਰ ਕੀਤਾ ਕਿ ਇਸ ਦਾ ਰਚੇਤਾ ਤੁਲੰਬਾ ਨਿਵਾਸੀ, ਜਾਤ ਦਾ ਉਪਲ ਖੱਤਰੀ ਹੈ।

ਪਰ ਭਾਈ ਕਾਹਨ ਸਿੰਘ ਨਾਭਾ ਨੇ ਪੁਰਾਤਨ ਜਨਮ ਸਾਖੀ ਦਾ ਰਚੈਤਾ ਸੇਵਾ ਦਾਸ ਦੱਸਿਆ ਹੈ।

(ਕਾਹਨ ਸਿੰਘ ਭਾਈ, 'ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪਟਿਆਲਾ 1974, ਪੰਨਾ 172)

'ਮਿਹਰਬਾਨ ਜਨਮ ਸਾਖੀ' ਸਤਾਰਵੀ ਸਦੀ ਦਾ ਇਕ ਹੋਰ ਅਹਿਮ ਸਾਹਿਤ ਹੈ। ਇਹ ਸਾਖੀ ਦੋ ਭਾਗਾਂ ਵਿਚ 'ਜਨਮ ਸਾਖੀ' ਸ੍ਰੀ ਗੁਰੂ ਨਾਨਕ ਦੇਵ ਜੀ' ਦੇ ਨਾਮ ਅਧੀਨ ਖਾਲਸਾ ਕਾਲਜ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਸੀ। ਇਸ ਜਨਮ ਸਾਖੀ ਦਾ ਪਹਿਲਾ ਭਾਗ ਸੱਚਖੰਡ ਪੋਥੀ ਨੂੰ ਡਾਕਟਰ ਕ੍ਰਿਪਾਲ ਸਿੰਘ ਨੇ ਸਰਦਾਰ ਸ਼ਮਸ਼ੇਰ ਸਿੰਘ ਅਸ਼ੋਕ ਦੇ ਸਹਿਯੋਗ ਨਾਲ ਸੰਨ 1962 ਈਸਵੀ ਦੌਰਾਨ ਛਾਪਿਆ ਸੀ। ਇਸ ਰਚਨਾ ਦਾ ਦੂਜਾ ਭਾਗ (ਪੋਥੀ ਹਰਿ ਜੀ ਤੇ ਪੋਥੀ ਚਤੁਰਭੁਜ) 1969 ਈਸਵੀ ਦੌਰਾਨ ਛਾਪਿਆ ਸੀ। ਇਸ ਦਾ ਮੂਲ ਖਰੜਾ ਸਿੱਖ ਇਤਿਹਾਸ ਖੋਜ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਮੌਜੂਦ ਹੈ। ਇਸ ਪੋਥੀ ਦਾ ਉਤਾਰਾ 1828 ਈਸਵੀ ਦੌਰਾਨ ਕੀਤਾ ਗਿਆ ਸੀ।

(ਡਾ. ਰਤਨ ਸਿੰਘ ਜੱਗੀ, ਪੁਰਾਤਨ ਜਨਮ ਸਾਖੀ ਦਾ ਵਿਸ਼ਲੇਸ਼ਣਾਤਮਕ ਅਧਿਐਨ, ਪੈਪਸੂ ਬੁੱਕ ਡਿੱਪੂ, ਪਟਿਆਲਾ 1977, ਪੰਨਾ 21)

ਇਸ ਜਨਮ ਸਾਖੀ ਦਾ ਲੇਖਕ ਕੌਣ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ। ਇਸ ਦੇ ਸੰਪਾਦਕ ਡਾਕਟਰ ਕ੍ਰਿਪਾਲ ਸਿੰਘ ਮੰਨਦੇ ਹਨ ਕਿ ਇਸ ਦਾ ਲੇਖਕ ਕੇਸ਼ੋ ਰਾਮ ਬ੍ਰਾਹਮਣ ਹੈ।

ਪਰ ਡਾਕਟਰ ਕ੍ਰਿਪਾਲ ਸਿੰਘ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੋਇਆ ਜਾ ਸਕਦਾ, ਕਿਉਂਕਿ ਕੇਸ਼ੋ ਰਾਮ ਤਾਂ 1650 ਈਸਵੀ ਵਿਚ ਲਿਖੀ ਗਈ ਪੋਥੀ ਦਾ ਸੰਪਾਦਕ ਸੀ, ਨਾ ਕਿ ਅਸਲ ਰਚਨਾ ਦਾ ਲੇਖਕ। ਇਸ ਰਚਨਾ ਦੀ 'ਸਚਖੰਡ ਪੋਥੀ' ਦਾ ਰਚੈਤਾ ਮਿਹਰਬਾਨ ਸੋਢੀ ਮੰਨਿਆ ਗਿਆ ਹੈ। ਦੂਜੇ ਭਾਗ ਦੀਆਂ ਦੋਹਾਂ ਪੋਥੀਆਂ (ਪੋਥੀ ਹਰਿ ਜੀ ਤੇ ਪੋਥੀ ਚਤੁਰਭੁਜ) ਦੇ ਲੇਖਕ ਹਰਿ ਜੀ ਤੇ ਚਤੁਰਭੁਜ ਮੰਨੇ ਗਏ ਹਨ ਜੋ ਕਿ ਮਿਹਰਬਾਨ ਦੇ ਪੁੱਤਰ ਹਨ। ਇਹੀ ਕਾਰਣ ਹੈ ਕਿ ਇਸ ਜਨਮ ਸਾਖੀ ਨੂੰ ਮਿਹਰਬਾਨ ਨਾਲ ਹੀ ਜੋੜਿਆ ਗਿਆ ਹੈ।

'ਮਿਹਰਬਾਨ ਜਨਮ ਸਾਖੀ' ਦੀ ਪਹਿਲੀ ਪੋਥੀ ਦੀ ਰਚਨਾ 1639 ਈਸਵੀ ਤੋਂ ਪਹਿਲਾਂ ਹੋ ਚੁੱਕੀ ਸੀ, ਕਿਉਂਕਿ ਮਿਹਰਬਾਨ ਦੀ ਮੌਤ 1639 ਈਸਵੀ ਵਿਚ ਹੋਈ ਸੀ। ਇਹ ਮਿਹਰਬਾਨ ਵਾਲੀ ਜਨਮ ਸਾਖੀ ਸਤਾਰਵੀਂ ਸਦੀ ਦੀ ਕਿਰਤ ਹੈ। 'ਪੋਥੀ ਹਰਿ ਜੀ' ਤੇ 'ਪੋਥੀ ਚਤੁਰਭੁਜ' ਅੰਦਰਲੀਆਂ ਗਵਾਹੀਆਂ ਦੇ ਆਧਾਰ 'ਤੇ ਕਰਮਵਾਰ 1650 ਈਸਵੀ ਤੇ 1651 ਈਸਵੀ ਦੀਆਂ ਰਚਨਾਵਾਂ ਸਿਧ ਹੁੰਦੀਆਂ ਹਨ।

ਮਿਹਰਬਾਨ ਵਾਲੀ ਜਨਮ ਸਾਖੀ ਵਿਚ ਗੁਰੂ ਵਾਕਾਂ ਤੇ ਹੋਰ ਸੰਬੰਧਿਤ ਸਮੱਗਰੀ ਨੂੰ ਪੌਰਾਣਿਕ ਅਤੇ ਅਵਤਾਰਵਾਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਗਿਆ ਹੈ। ਯਾਦ ਰਹੇ ਕਿ ਮਿਹਰਬਾਨ ਗੁਰੂ ਅਰਜਨ ਦੇਵ ਜੀ ਦਾ ਭਤੀਜਾ ਸੀ ਤੇ ਪ੍ਰਿਥੀ ਚੰਦ ਦਾ ਪੁੱਤਰ ਸੀ ਤੇ ਇਹੀ ਕਾਰਣ ਹੈ ਕਿ ਮਿਹਰਬਾਨ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਆਪਣੇ ਪਿਤਾ ਪ੍ਰਿਥੀਚੰਦ ਦਾ ਸਾਥ ਦਿੱਤਾ। ਪ੍ਰਿਥੀ ਚੰਦ ਨੇ ਆਪਣੇ ਆਪ ਨੂੰ ਗੁਰੂ ਅਰਜਨ ਦੇਵ ਜੀ ਦੇ ਬਾਅਦ ਛੇਵਾਂ ਗੁਰੂ ਤੇ ਮਿਹਰਬਾਨ ਨੇ ਸਤਵਾਂ ਗੁਰੂ ਐਲਾਨਿਆ। ਇਹ ਜਨਮ ਸਾਖੀ ਵਿਵਾਦਪੂਰਨ ਹੈ। ਇਸ ਜਨਮ ਸਾਖੀ ਨੂੰ ਸਿੱਖ ਧਰਮ ਵਿਚ ਮਾਨਤਾ ਨਹੀਂ ਦਿੱਤੀ ਗਈ।

ਭਾਈ ਬਾਲੇ ਵਾਲੀ ਜਨਮ ਸਾਖੀ ਦਾ ਇਤਿਹਾਸ ਭਾਈ ਬਾਲੇ ਵਾਲੇ ਜਨਮ ਸਾਖੀ ਸਭ ਤੋਂ ਵੱਧ ਵਿਵਾਦਪੂਰਨ ਹੈ, ਜਿਸ ਦੀਆਂ ਸਭ ਤੋਂ ਵਧ ਹੱਥ ਲਿਖਤਾਂ ਮੌਜੂਦ ਹਨ। ਹਰ ਸੰਸਕਰਨ ਵਿਚ ਇਹ ਯਤਨ ਕੀਤਾ ਗਿਆ ਹੈ ਕਿ ਭਿੰਨ ਭਿੰਨ ਸਰੋਤਾਂ ਤੋਂ ਸਮੱਗਰੀ ਲੈ ਕੇ ਇਸ ਜਨਮ ਸਾਖੀ ਨੂੰ ਵੱਡੇ ਅਕਾਰ ਦਾ ਬਣਾ ਲਿਆ ਜਾਵੇ। ਇਸ ਪ੍ਰਸਿੱਧ, ਸ਼ੱਕੀ ਜਨਮ ਸਾਖੀ ਦਾ ਅਸਲ ਜਾਂ ਸਹੀ ਰੂਪ ਕਿਹੜਾ ਹੈ, ਇਸ ਬਾਰੇ ਕੋਈ ਉਤਰ ਨਹੀਂ ਮਿਲ ਸਕਿਆ।

ਭਾਈ ਗੁਰਦਾਸ ਜੀ ਨੇ ਗਿਆਰਵੀਂ ਵਾਰ ਵਿਚ ਗੁਰੂ ਨਾਨਕ ਸਾਹਿਬ ਦੇ ਸਿੱਖਾਂ ਦੇ ਨਾਮ ਲਿਖੇ ਹਨ, ਭਾਈ ਮਰਦਾਨੇ ਦਾ ਖਾਸ ਜ਼ਿਕਰ ਆਉਂਦਾ ਹੈ, ਪਰ ਭਾਈ ਬਾਲੇ ਦਾ ਕਿਤੇ ਵੀ ਨਾਮ ਨਹੀਂ ਲਿਆ ਗਿਆ ;

ਇਕ ਬਾਬਾ ਅਕਾਲ ਰੂਪ
ਦੂਜਾ ਰਬਾਬੀ ਮਰਦਾਨਾ

ਭਾਈ ਬਾਲੇ ਦਾ ਨਾਮ ਨਾ ਤਾਂ ਪੁਰਾਤਨ ਜਨਮ ਸਾਖੀ ਵਿਚ ਸ਼ਾਮਲ ਹੈ ਤੇ ਨਾ ਹੀ ਭਾਈ ਗੁਰਦਾਸ ਜੀ ਦੀ ਗਿਆਰਵੀ ਵਾਰ ਵਿਚ ਸ਼ਾਮਲ ਹੈ। ਇਸ ਤਰ੍ਹਾਂ ਪੈੜਾ ਮੋਖਾ ਵੀ ਕਿਸੇ ਵੀ ਤਰ੍ਹਾਂ ਗੁਰੂ ਅੰਗਦ ਦੇਵ ਜੀ ਦੇ ਸਿੱਖ ਸਿਧ ਨਹੀਂ ਹੁੰਦੇ। ਭਾਈ ਗੁਰਦਾਸ ਜੀ ਦੀ 11ਵੀਂ ਵਾਰ ਵਿਚ ਗੁਰੂ ਅੰਗਦ ਦੇਵ ਜੀ ਦੇ ਸਿੱਖਾਂ ਦੀ ਲਿਸਟ ਵਿਚ ਪੈੜਾ ਮੋਖਾ ਦਾ ਨਾਮ ਸ਼ਾਮਲ ਨਹੀਂ ਹੈ। ਪੈੜਾ ਮੋਖਾ ਪੰਜਵੇਂ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੈ। ਸਿੱਖ ਇਤਿਹਾਸ ਅਨੁਸਾਰ ਪੰਜਵੇਂ ਗੁਰੂ ਅਰਜਨ ਦੇਵ ਜੀ ਦੇ ਸਿੱਖਾਂ ਵਿਚ ਪੈੜਾ ਨਾਮ ਦੇ ਤਿੰਨ ਵਿਅਕਤੀਆਂ ਦਾ ਜ਼ਿਕਰ ਮਿਲਦਾ ਹੈ :

1. ਪੈੜਾ ਜਾਤਿ ਚੰਡਾਲੀਆ ਜੇਠੇ ਸੇਠੀ ਕਾਰ ਕਮਾਈ ॥ (11-24-1)

2. ਮਲਕ ਪੈੜਾ ਹੈ ਕੋਹਲੀ ਦਰਗਾਹ ਭੰਡਾਰੀ ਅਤਿ ਭਾਰਾ ॥ (11-28-6)

3. ਛੱਜਲ ਜਾਤ ਦਾ ਪੈੜਾ ਜਿਸ ਨੂੰ ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਗੁਰੂ ਅਰਜਨ ਦੇਵ ਜੀ ਪ੍ਰਾਣ ਸੰਗਲੀ ਲਿਆਉਣ ਲਈ ਸੰਗਲਾਦੀਪ ਘਲਿਆ।

ਇਹਨਾਂ ਵਿਚੋਂ ਦੂਜੇ ਪੈੜੇ ਸੰਬੰਧੀ ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਜੀ ਦੀ 11ਵੀਂ ਵਾਰ ਦਾ ਟੀਕਾ ਕਰਦਿਆਂ ਲਿਖਿਆ ਹੈ ਕਿ ਉਹ ਪ੍ਰਾਣ ਸੰਗਲੀ ਲੈ ਕੇ ਆਇਆ ਤਾਂ ਗੁਰੂ ਅਰਜਨ ਦਾ ਬਚਨ ਹੋਇਆ, 'ਭਾਈ ਪੈੜਾ! ਤੂੰ ਮੋਖ ਹੋਇਆ, ਤੈਨੂੰ ਅਨਿਨ ਭਗਤਿ ਪ੍ਰਾਪਤਿ ਹੋਈ ਹੈ। .... ਤੇ ਭਾਈ ਪੈੜਾ ਮੋਖ ਹੋਇਆ।




ਇਸ ਟੂਕ ਤੋਂ ਦੋ ਗੱਲਾਂ ਸਪੱਸ਼ਟ ਹੁੰਦੀਆਂ ਹਨ ਕਿ ਪਹਿਲਾ ਤੇ ਦੂਜਾ ਦੋਵੇਂ ਪੈੜੇ ਇਕ ਵਿਅਕਤੀ ਹਨ। ਦੂਜੇ ਵਾਕ ਅਨੁਸਾਰ ਭਾਈ ਪੈੜੇ ਨਾਲ ਸਿੱਖ ਪਦ ਵਰਤਿਆ ਗਿਆ ਹੈ। ਪੈੜੇ ਨਾਲ ਮੋਖ ਸ਼ਬਦ ਪੈੜਾ ਮੋਖਾ ਹੋ ਗਿਆ। ਇਸ ਲਈ ਪੈੜਾ ਮੋਖਾ ਇਕ ਹੀ ਸਖਸ਼ੀਅਤ ਹੈ ਤੇ ਗੁਰੂ ਅਰਜਨ ਦੇਵ ਜੀ ਦਾ ਸਿੱਖ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਅੰਗਦ ਦੇਵ ਜੀ ਨੇ ਕੋਈ ਜਨਮ ਸਾਖੀ ਭਾਈ ਬਾਲੇ ਵਾਲੀ ਪੈੜਾ ਮੋਖਾ ਕੋਲ ਨਹੀਂ ਲਿਖਵਾਈ।

ਭਾਈ ਬਾਲੇ ਦੀ ਜਨਮ ਸਾਖੀ ਦੇ ਆਰੰਭ ਵਿਚ ਲਿਖੀ ਭੂਮਿਕਾ ਉਪਰੋਕਤ ਇਤਿਹਾਸਕ ਤੱਥਾਂ ਅਨੁਸਾਰ ਗਲਤ ਸਿੱਧ ਹੁੰਦੀ ਹੈ ਕਿ ਇਹ ਸਾਖੀ ਭਾਈ ਬਾਲੇ ਨੇ ਗੁਰੂ ਅੰਗਦ ਦੇਵ ਜੀ ਦੀ ਹਜ਼ੂਰੀ ਵਿਚ ਪੈੜੇ ਮੋਖੇ ਤੋਂ ਲਿਖਵਾਈ ਹੈ, ਜਿਵੇਂ :

"ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ ਸੰਮਤ 1582, ਪੰਦ੍ਰਹ ਸੈ ਬੈਆਸੀਆ ਮਿਤਿ ਬੇਸਾਖ ਸੁਦੀ ਪੰਚਮੀ। ਪੋਥੀ ਲਿਖੀ। ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ। ਗੁਰੂ ਅੰਗਦਿ ਲਿਖਵਾਈ। ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਹਾ। ਗੁਰੂ ਅੰਗਦਿ ਜੀ ਨੋ ਢੂਢਿ ਕੇ ਲਧਾ ਆਹਾ। ਦੁਇ ਮਹੀਨੇ ਸਤਾਰਹ ਦਿਨ ਲਿਖਾਂਦਿਆ ਲਗੇ ਆਹੇ। ਜੋ ਹਕੀਕਤ ਆਈ ਜਿਥੇ ਜਿਥੇ ਫਿਰੇ ਆਹੇ। ਤਿਥੇ ਤਿਥੇ ਦੀ ਹਕੀਕਤ ਸਹਜ ਨਾਲਿ ਭਾਈ ਬਾਲੇ ਲਿਖਾਈ।"

(ਸੰਮਤ 1715 ਬਿਕਰਮੀ ਪੱਤਰਾ 1/ੳ)

ਇਸ ਰਚਨਾ ਦੇ ਆਰੰਭ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਬਾਲੇ ਦੁਆਰਾ ਵਰਣਿਤ ਸਮੱਗਰੀ ਨੂੰ ਗੁਰੂ ਅੰਗਦ ਦੇਵ ਜੀ ਨੇ ਪੈੜੇ ਮੋਖੇ ਰਾਹੀਂ ਲਿਖਵਾਇਆ। ਬਹੁਤ ਸਾਰੇ ਵਿਦਵਾਨਾਂ ਡਾ. ਪਿਆਰ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਪਿਆਰਾ ਸਿੰਘ ਪਦਮ, ਡਾ. ਰਤਨ ਸਿੰਘ ਜੱਗੀ ਨੇ ਦੱਸਿਆ ਹੈ ਕਿ ਪਹਿਲੀ ਸਾਖਾ ਦੀ ਸੰਨ 1638 ਵਿਚ ਲਿਖੀ ਇਕ ਪੋਥੀ ਸ੍ਰੀ ਪਿਆਰੇ ਲਾਲ ਕਪੂਰ ਮਕਾਨ ਨੰਬਰ 2768/1 ਗਲੀ ਪੀਪਲ ਮਹਾਂਦੇਵ ਹੌਜ਼ ਕਾਜ਼ੀ ਦਿੱਲੀ ਦੀ ਸੰਤਾਨ ਕੋਲ ਮੌਜੂਦ ਹੈ। ਸੰਨ 1724 ਵਿਚ ਲਿਖੀ ਪੋਥੀ ਭਾਈ ਅਰਿਦਮਨ ਸਿੰਘ ਦੇ ਪਰਿਵਾਰ ਕੋਲ ਮੌਜੂਦ ਹੈ।

ਐਸ ਐਸ ਪਦਮ ਸਾਖੀ ਮਹਲੁ ਪਹਿਲੇ ਕੀ ਸਾਖੀਕਾਰ ਸ਼ੀਹਾ ਉਪਲ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ਮਈ 2014, ਪੰਨਾ 85 'ਤੇ ਇਸ ਬਾਰੇ ਟਿੱਪਣੀ ਕਰਦੇ ਹੋਏ ਆਖਦੇ ਹਨ :

ਯੂਨੀਵਰਸਿਟੀਆਂ ਅਜਾਇਬ ਘਰਾਂ ਜਾਂ ਅਦਾਰਿਆਂ ਦੇ ਸੰਗ੍ਰਹਿਾਂ ਵਿਚ ਪ੍ਰਾਪਤ ਖਰੜਿਆਂ ਨੂੰ ਛੱਡ ਕੇ ਜੋ ਬਾਅਦ ਦੇ ਸੰਗ੍ਰਹਿ ਹਨ, ਸਾਡੀ ਦਿਲਚਸਪੀ ਪਿਆਰੇ ਲਾਲ ਕਪੂਰ, ਹੌਜ਼ ਕਾਜ਼ੀ, ਦਿੱਲੀ, ਭਾਈ ਸਾਹਿਬ ਬਾਗੜੀਆਂ, ਮਹੰਤ ਰਾਮ ਕਿਸਨ ਦਾਸ ਪਟਨਾ ਵਾਲੇ ਅਤੇ ਪਿਆਰੇ ਲਾਲ ਬੇਦੀ ਐਫ 17, ਜੰਗਪੁਰਾ ਭੋਗਲ, ਨਵੀਂ ਦਿੱਲੀ, ਕੋਲ ਸਾਂਭੇ ਖਰੜਿਆਂ ਨਾਲ ਹੈ। ਮਨੋਹਰ ਸਿੰਘ ਮਾਰਕੋਜ਼ ਵਾਲਾ ਸੰਮਤ 1825 (1768 ਈ.) ਦਾ 28 ਚਿੱਤਰਾਂ ਵਾਲਾ ਅਤੇ ਇਸ ਲੇਖਕ ਦੇ ਨਿੱਜੀ ਸੰਗ੍ਰਹਿ ਵਾਲਾ ਨੁਸਖਾ ਵੀ ਉਦਾਸੀ ਸਰੋਤਾਂ ਤੋਂ ਆਏ ਹੋਏ ਹਨ। ਮਹਾਰਾਜਾ ਪਟਿਆਲਾ ਅਤੇ ਪ੍ਰੋ. ਪ੍ਰੀਤਮ ਸਿੰਘ ਵਾਲੇ ਨੁਸਖੇ ਨਿੱਜੀ ਜਤਨਾਂ ਨਾਲ ਪ੍ਰਾਪਤ ਕੀਤੇ ਗਏ ਸਨ। ਹੰਦਾਲੀਆਂ ਨੇ ਬੇਦੀ, ਭੱਲੇ, ਭਾਈ-ਕੇ ਘਰਾਣੇਦਾਰਾਂ, ਸਿੱਖੀ ਦੇ ਪ੍ਰਚਾਰਕਾਂ ਅਤੇ ਉਦਾਸੀਆਂ ਨੂੰ ਨਿਸ਼ਾਨਾ ਬਣਾਉਣ ਤੋਂ ਇਲਾਵਾ, ਸਮੇਂ ਸਮੇਂ ਉਭਰ ਰਹੇ ਸਿੱਖ ਗ੍ਰੰਥਕਾਰਾਂ, ਜਿਵੇਂ ਦਇਆ ਰਾਮ ਅਬਰੋਲ, ਭਾਈ ਸੂਰਤ ਸਿੰਘ, ਕੇਸਰ ਸਿੰਘ ਛਿੱਬਰ, ਸੰਤ ਦਾਸ ਛਿੱਬਰ, ਕਵੀ ਸੋਹਨ, ਸਰੂਪ ਦਾਸ ਭੱਲਾ, ਬਾਬਾ ਸੁਖਬਾਸੀ, ਵਿਸਨ ਸਿੰਘ, ਸੰਤੋਖ ਸਿੰਘ ਆਦਿ ਵੱਡੇ ਨਾਂ ਵਾਲੇ ਲੇਖਕਾਂ ਕੋਲ ਸਚਿੱਤਰ ਜਨਮ ਸਾਖੀ ਬਾਲਾ ਪੁੱਜਦੀ ਕੀਤੀ। ਇਹ ਲਾਣਾ, ਮੁੱਢਲੀ ਸਿੱਖ ਪਰੰਪਰਾ ਦੀ ਰੂਪ ਰੇਖਾ ਤਿਆਰ ਕਰਨ ਵਾਲਾ ਸੀ, ਹੰਦਾਲੀਆਂ ਤੋਂ ਹਾਰ ਗਏ। ਵਿਦੇਸ਼ੀ ਲੇਖਕ ਮੈਲਕਾਮ ਨੂੰ 1804 ਈ. ਇਹੋ ਸਾਖੀ ਮੁਹੱਈਆ ਕਰਵਾਈ ਗਈ ਸੀ ਜਿਸ ਦੀ ਸਮਝਦਾਰੀ ਨਾਲ ਵਰਤੋਂ ਉਸ ਨੇ ਕੀਤੀ, ਪਰ ਇਹ ਸਮਝਦਾਰੀ, ਸਾਡੇ ਮੰਦੇਭਾਗਾਂ ਨੂੰ, ਸਿੱਖ ਗਰੰਥਕਾਰਾਂ ਦੇ ਸਿਵਾਏ ਅਬਰੋਲ ਅਤੇ ਵਿਸਨ ਸਿੰਘ ਦੇ ਕਿਸੇ ਦੇ ਹਿੱਸੇ ਨਹੀਂ ਆਈ। ਬੁੱਧੀਮਤਾ ਦੀ ਥਾਂ ਅੰਧ-ਵਿਸ਼ਵਾਸ ਉਹਨਾਂ ਦੀ ਪਹਿਲੀ ਤਰਜੀਹ ਰਹੀ : ਸਿੱਟੇ ਵਜੋਂ ਗੁਰ-ਇਤਿਹਾਸ ਕੁਰਾਹੇ ਪਿਆ ਤੇ ਬਾਲਾ ਛਾਇਆ ਸਿੱਖ ਚੇਤਨਾ 'ਤੇ ਕਾਬਜ਼ ਹੋ ਗਈ। ਕਨਿੰਘਮ ਨੂੰ ਵੀ ਇਹੋ ਸਾਖੀ ਮੁਹੱਈਆ ਕਰਵਾਈ ਗਈ ਸੀ।

ਇਹ ਸਰੋਤ ਸ਼ੱਕੀ ਬਣ ਜਾਂਦਾ ਹੈ ਜਦੋਂ ਅਸੀਂ ਇਹ ਮੰਨਦੇ ਹਾਂ ਕਿ 1582 ਬਿਕਰਮੀ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਹਾਲੀ ਪੰਚ ਭੌਤਿਕ ਸਰੀਰ ਵਿਚ ਮੌਜੂਦ ਸਨ ਅਤੇ ਸ਼ਾਇਦ ਇਸ ਵੇਲੇ ਤੱਕ ਲਹਿਣਾ ਜੀ ਗੁਰੂ ਬਾਬੇ ਦੀ ਸ਼ਰਨ ਵਿਚ ਨਹੀਂ ਸਨ ਆਏ। ਇਸ ਤੋਂ ਬਿਨਾਂ ਇਸ ਜਨਮ ਸਾਖੀ ਵਿਚ ਕਈ ਥਾਵਾਂ 'ਤੇ ਬਾਬਾ ਹੰਦਾਲ ਦੀ ਵਡਿਆਈ ਕੀਤੀ ਹੋਈ ਹੈ ਜੋ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸਨ ਅਤੇ ਜਿਨ੍ਹਾਂ 'ਨਿਰੰਜਣੀਏ' ਨਾਂ ਦੀ ਆਪਣੀ ਇਕ ਵੱਖਰੀ ਸੰਪ੍ਰਦਾਇ ਤੇ ਗੁਰੂ ਸ਼੍ਰੇਣੀ ਚਲਾਈ ਹੋਈ ਸੀ। ਇਹ ਸੱਚਾਈਆਂ ਇਸ ਜਨਮ ਸਾਖੀ ਦੇ ਗੁਰੂ ਅੰਗਦ ਦੇ ਸਮੇਂ ਲਿਖੇ ਜਾਣ ਦੀ ਗਵਾਹੀ ਨਹੀਂ ਭਰਦੀਆਂ। ਇਸ ਮਤ ਦੇ ਵਿਦਵਾਨ ਇਸ ਝੂਠ ਨੂੰ ਜਾਣਦੇ ਹਨ ਅਤੇ ਇਹ ਇਸ ਇਤਰਾਜ਼ ਤੋਂ ਇਹ ਕਹਿ ਕੇ ਖਹਿੜਾ ਛੁਡਾ ਲੈਂਦੇ ਹਨ ਕਿ ਸਭ ਤੋਂ ਪਹਿਲਾਂ ਨੁਸਖਾ ਜੋ ਪੈੜੇ ਮੋਖੇ ਨੇ ਗੁਰੂ ਅੰਗਦ ਦੇਵ ਦੀ ਹਜ਼ੂਰੀ ਵਿਚ ਲਿਖਿਆ, ਹੁਣ ਨਹੀਂ ਮਿਲਦੀ ਅਤੇ ਇਹ ਕਿ ਵਰਤਮਾਨ ਜਨਮ ਸਾਖੀ, ਜਿਸ ਵਿਚ ਅਨੇਕ ਪ੍ਰਕਾਰ ਦੀ ਰਲਾਵਟ ਹੈ ਤੇ ਬਾਅਦ ਦੀ ਰਚਨਾ ਹੈ। ਇਸ ਜਨਮ ਸਾਖੀ ਵਿਚ ਭਾਈ ਬਾਲਾ ਵਾਰ-ਵਾਰ ਘੁਸੇੜਣ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਭਾਈ ਬਾਲਾ ਇਤਿਹਾਸਕ ਪਾਤਰ ਪ੍ਰਮਾਣਿਤ ਹੋ ਸਕੇ। ਇਸ ਦੀ 1715 ਈਸਵੀ ਵਾਲੀ ਹੱਥ ਲਿਖਤ ਇਸ ਨੂੰ ਸਹਿਜੇ ਹੀ ਸਤਾਰ੍ਹਵੀਂ ਸਦੀ ਦੇ ਪਹਿਲੇ ਅੱਧ ਦੀ ਰਚਨਾ ਬਣਾ ਦੇਂਦੀ ਹੈ। ਭਾਈ ਬਾਲਾ ਵਾਲੀ ਜਨਮ ਸਾਖੀ ਕਈ ਸ਼ਾਖਾਵਾਂ ਵਿਚ ਛਪੀ ਮਿਲਦੀ ਹੈ। ਇਹਨਾਂ ਸਾਰੀਆਂ ਵਿਚ ਸਾਖੀਆਂ ਦੀ ਗਿਣਤੀ ਭਿੰਨ ਭਿੰਨ ਹੈ। ਅਸਲ ਵਿਚ ਇਸ ਦਾ ਕੋਈ ਪ੍ਰਮਾਣਿਕ ਸੰਸਕਰਣ ਹਾਲੀ ਤੱਕ ਪ੍ਰਾਪਤ ਨਹੀਂ ਹੋਇਆ, ਜੋ ਵੀ ਛਪੇ ਹਨ, ਉਹਨਾਂ ਵਿਚ ਦੂਜੀਆਂ ਪਰੰਪਰਾਵਾਂ ਦੀਆਂ ਸਾਖੀ ਸਹਿਤ ਦਾ ਰਲਾ ਬਹੁਤ ਹੈ। ਇਥੋਂ ਤੱਕ ਗੁਰੂ ਨਾਨਕ ਸਾਹਿਬ ਦੇ ਕਿਰਦਾਰ ਉੱਪਰ ਭਾਰੀ ਵਾਰ ਕੀਤੇ ਗਏ ਹਨ। ਮੰਝੌਤ ਦੀ ਸਾਖੀ ਇਸ ਗੱਲ ਦੀ ਗਵਾਹ ਹੈ। ਪ੍ਰਕਾਸ਼ਕ 'ਵੱਡੀ' ਤੇ 'ਅਸਲੀ ਜਨਮ ਸਾਖੀ' ਦੇ ਲੇਬਲਾਂ ਥੱਲੇ ਇਸ ਦੇ ਛਾਪਣ ਵਿਚ ਮਨ ਆਈ ਕਰਦੇ ਆਏ ਹਨ। ਬਾਬਾ ਹੰਦਾਲ ਦਾ ਪੁੱਤਰ ਬਿਧੀ ਚੰਦ ਇਸ ਸਾਖੀ ਸਾਹਿਤ ਦਾ ਰਚੇਤਾ ਮੰਨਿਆ ਗਿਆ ਹੈ ਜੋ ਕਿ ਆਪਣੇ ਪਿਤਾ ਨੂੰ ਸਤਿਗੁਰੂ ਨਾਨਕ ਜੀ ਨਾਲੋਂ ਵੱਡਾ ਸਿਧ ਕਰਨਾ ਚਾਹੁੰਦਾ ਸੀ।

## ਸਿੰਘ ਸਭਾ ਲਹਿਰ ਦੇ ਬਾਨੀਆਂ ਦਾ ਖੇਮ ਸਿੰਘ ਬੇਦੀ ਦਾ ਟਕਰਾਅ

ਸਿੰਘ ਸਭਾ ਲਹਿਰ ਦੇ ਮੋਢੀ ਪ੍ਰੋ. ਗੁਰਮੁਖ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਖਾਲਸਾ ਪੰਥ ਵਿਚੋਂ ਖਾਰਜ ਕੀਤਾ ਗਿਆ, ਉਸ ਪਿੱਛੇ ਸਨਾਤਨੀ ਡੇਰੇਦਾਰ ਤੇ ਬਾਬਾ ਖੇਮ ਸਿੰਘ ਬੇਦੀ ਸ਼ਾਮਲ ਸੀ, ਜੋ ਕਿ ਹਿੰਦੂਵਾਦੀ ਕਰਮਕਾਂਡ ਪ੍ਰਚਾਰ ਕੇ ਆਪਣੇ ਆਪ ਨੂੰ ਗੁਰੂ ਅਖਵਾ ਕੇ ਗੁਰੂ ਨਾਨਕ ਗੱਦੀ ਦਾ ਦਾਅਵੇਦਾਰ ਪੇਸ਼ ਕਰ ਰਿਹਾ ਸੀ ਤੇ ਉਸ ਨੂੰ ਇਹ ਪਸੰਦ ਨਹੀਂ ਸੀ ਕਿ ਪ੍ਰੋ. ਗੁਰਮੁਖ ਸਿੰਘ ਸਨਾਤਨਵਾਦ ਤੇ ਕਰਮਕਾਂਡਾਂ ਵਿਰੁੱਧ ਗੁਰਮਤਿ ਪ੍ਰਚਾਰ ਕਰਨ ਤੇ ਭਾਈ ਬਾਲੇ ਦੀ ਜਨਮ ਸਾਖੀ ਨੂੰ ਰੱਦ ਕਰਨ। ਉਹ ਬ੍ਰਿਟਿਸ਼ ਰਾਜ ਦੀ ਨੀਤੀ ਤਹਿਤ ਖਾਲਸਾ ਪੰਥ ਦਾ ਸਨਾਤਨੀਕਰਨ ਕਰਕੇ ਗੁਰੂਆਂ ਦੀ ਫਿਲਾਸਫੀ ਨਾਲੋਂ ਸਿੱਖ ਕੌਮ ਨੂੰ ਤੋੜ ਰਿਹਾ ਸੀ। ਅੰਗਰੇਜ਼ ਹਕੂਮਤ ਨਾਲ ਨੇੜਤਾ ਤੇ ਸਨਾਤਨਵਾਦ ਦਾ ਪੁਜਾਰੀ ਰੱਬੀ ਪ੍ਰਬੰਧ ਬਾਬਾ ਖੇਮ ਸਿੰਘ ਬੇਦੀ ਦੀ ਸਰਵਉੱਚਤਾ ਤੇ ਗੁਰੂ ਡੰਮ ਲਈ ਜ਼ਰੂਰੀ ਸੀ। ਇਸੇ ਕਰਕੇ ਗਿਆਨੀ ਦਿੱਤ ਸਿੰਘ ਨੇ ਬਾਬਾ ਖੇਮ ਸਿੰਘ ਬੇਦੀ ਦੀ ਗੱਦੀ ਦਰਬਾਰ ਸਾਹਿਬ ਤੋਂ ਬਾਹਰ ਚੁੱਕ ਕੇ ਮਾਰੀ। ਬਾਬਾ ਖੇਮ ਸਿੰਘ ਬੇਦੀ ਨੂੰ ਬ੍ਰਿਟੇਨ ਸਰਕਾਰ ਵਲੋਂ ਸਰ ਦਾ ਖਿਤਾਬ ਹਾਸਲ ਸੀ ਤੇ ਸਿੱਖਾਂ ਦੀ ਬਰਤਾਨਵੀ ਹਕੂਮਤ ਖਿਲਾਫ ਬਗਾਵਤ ਦਬਾਉਣ ਲਈ ਅਕਾਲ ਤਖਤ ਸਾਹਿਬ ਦੀ ਮਾਲਕੀ ਦਿੱਤੀ ਸੀ। ਬਾਬਾ ਖੇਮ ਸਿੰਘ ਬੇਦੀ ਤੇ ਉਹਨਾਂ ਦੇ ਪ੍ਰੇਮੀਆਂ ਵਲੋਂ ਸਿੰਘ ਸਭਾ ਲਹਿਰ ਅੰਮ੍ਰਿਤਸਰ ਤੇ ਲਾਹੌਰ ਸਿੰਘ ਸਭਾ ਵਿਚਕਾਰ ਝਗੜਾ ਖੜ੍ਹਾ ਕੀਤਾ ਗਿਆ ਤੇ ਉਸ ਵਿਚ ਜਾਤ-ਪਾਤ ਦਾ ਸੁਆਲ ਅਗੇ ਲਿਆਂਦਾ ਗਿਆ। ਪ੍ਰੋ. ਗੁਰਮੁਖ ਸਿੰਘ ਜੀ ਨੂੰ ਨੀਵੀਂ ਜਾਤ (ਲਾਂਗਰੀ) ਆਦਿ ਕਹਿ ਕੇ ਤ੍ਰਿਸਕਾਰਿਆ ਗਿਆ, ਕਿਉਂਕਿ ਉਨ੍ਹਾਂ ਦੇ ਪਿਤਾ ਜੀ ਕਪੂਰਥਲੇ ਦੇ ਰਾਜਾ ਬਿਕਰਮ ਸਿੰਘ ਦੇ ਲਾਂਗਰੀ ਸਨ ਤੇ ਗਿਆਨੀ ਦਿੱਤ ਸਿੰਘ ਜੀ ਤਾਂ ਹੈ ਹੀ ਰਵਿਦਾਸੀਏ ਸਨ। ਅੰਗਰੇਜ਼ੀ ਰਾਜ ਲਈ ਸੇਵਾਵਾਂ ਬਦਲੇ 'ਸਰ' ਖੇਮ ਸਿੰਘ ਬੇਦੀ ਨੂੰ 1873 ਵਿਚ 'ਮੈਜਿਸਟਰੇਟ' ਬਣਾਇਆ ਗਿਆ ਸੀ ਤੇ ਫਿਰ 1878 ਵਿੱਚ 'ਆਨਰੇਰੀ ਮੁਨਸਿਫ' ਦੀ ਉਪਾਧੀ ਦਿੱਤੀ ਗਈ ਸੀ। ਇਸ ਦੀ ਅੰਗਰੇਜ਼ ਭਗਤੀ ਬਦਲੇ ਇਸ ਨੂੰ 1893 ਵਿਚ 'ਵਾਇਸਰਾਏ ਕੌਂਸਲ' ਲਈ ਅਨਰੇਰੀ ਤੌਰ 'ਤੇ ਵੀ ਚੁਣਿਆ ਗਿਆ ਸੀ।

(ਚਲਦਾ)

# ਨੇੜੇ ਆ ਰਿਹਾ ਹੈ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਣ ਦਾ ਦਿਨ

**ਤਾਇਬਾ ਬੁਖਾਰੀ**



ਕਰਤਾਰਪੁਰ ਸਾਹਿਬ ਲਾਂਘੇ ਦੇ ਸ਼ੁਭ ਉਦਘਾਟਨ ਦਾ ਸਮਾਂ ਨੇੜੇ ਆ ਰਿਹਾ ਹੈ। ਪਾਕਿਸਤਾਨ ਨੇ ਫ਼ੈਸਲਾ ਕਰ ਹੀ ਦਿੱਤਾ ਹੈ ਕਿ ਭਾਰਤ ਨਾਲ ਹਾਲਾਤ ਜਿੰਨੇ ਵੀ ਮਰਜ਼ੀ ਖ਼ਰਾਬ ਹੋਣ, ਕੰਟਰੋਲ ਰੇਖਾ 'ਤੇ ਜਿੰਨਾ ਮਰਜ਼ੀ ਤਣਾਅ ਹੋਵੇ, ਦੋਵੇਂ ਪਾਸੇ ਸਰਕਾਰਾਂ ਆਪਸ ਵਿਚ ਗੱਲ ਕਰਨ ਜਾਂ ਨਾ ਕਰਨ ਭਾਵੇਂ ਗੱਲਬਾਤ ਦੇ ਦਰਵਾਜ਼ੇ ਬੰਦ ਹੋਣ ਪਰ ਕਰਤਾਰਪੁਰ ਦਾ ਲਾਂਘਾ ਜ਼ਰੂਰ ਖੁੱਲ੍ਹੇਗਾ। ਬਾਬਾ ਗੁਰੂ ਨਾਨਕ ਦੀ ਨਗਰੀ ਜ਼ਰੂਰ ਸਜੇਗੀ। ਗੁਰਦੁਆਰਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਜ਼ਰੂਰ ਹੋਣਗੇ। ਗੁਰਬਾਣੀ ਦੀ ਮਿੱਠੀ ਆਵਾਜ਼ ਦਿਲਾਂ ਵਿਚ ਛਿਪ ਕੇ ਬੈਠੀ ਨਫ਼ਰਤ ਨੂੰ ਜ਼ਰੂਰ ਪਿਆਰ ਵਿਚ ਬਦਲੇਗੀ। ਮੌਸਮ ਬਦਲ ਰਿਹਾ ਹੈ। ਗਰਮੀ ਘੱਟ ਹੋ ਰਹੀ ਹੈ, ਫ਼ਿਜ਼ਾ ਖੁਸ਼ਗਵਾਰ ਹੋ ਰਹੀ ਹੈ ਤੇ ਇਸ ਤੋਂ ਵੀ ਵੱਡੀ ਖੁਸ਼ੀ ਹੈ ਕਿ ਵਰ੍ਹਿਆਂ ਦੀ ਨਫ਼ਰਤ ਤੇ ਦਿਲਾਂ ਦੀ ਦੂਰੀ ਮੁੱਕਣ ਜਾ ਰਹੀ ਹੈ। ਸਿੱਖ ਕੌਮ ਨਾਲ ਹੋਣ ਵਾਲੀ ਬੇਇਨਸਾਫ਼ੀ ਮੁੱਕਣ ਜਾ ਰਹੀ ਹੈ। ਕਿਸੇ ਸਰਕਾਰ ਨੂੰ ਕੋਈ ਹੱਕ ਨਹੀਂ ਪਹੁੰਚਦਾ ਕਿ ਉਹ ਸਿਰਫ ਸਿਆਸਤ ਵਾਸਤੇ ਲੋਕਾਂ ਨੂੰ ਉਨ੍ਹਾਂ ਦੇ ਧਰਮ ਅਸਥਾਨ ਤੋਂ ਦੂਰ ਰੱਖੇ ਜਾਂ ਦਰਸ਼ਨਾਂ ਤੋਂ ਰੋਕੇ। ਜੇ ਦੁਨੀਆ ਤਰੱਕੀ ਕਰ ਗਈ ਹੈ, ਮਨੁੱਖੀ ਅਧਿਕਾਰਾਂ ਦੀ ਗੱਲ ਕਰਦੀ ਹੈ ਤਾਂ ਅਜਿਹੀ ਹਰ ਸੋਚ 'ਤੇ ਮੋਹਰ ਲੱਗਣੀ ਚਾਹੀਦੀ ਹੈ, ਫੌਰੀ ਤੇ ਜ਼ਰੂਰੀ।

ਤੁਸੀਂ ਭਾਰਤ ਦੇ ਵਾਸੀ ਸੋਚ ਰਹੇ ਹੋਵੋਗੇ ਕਿ ਅੱਜ ਕੱਲ੍ਹ ਪਾਕਿਸਤਾਨ ਵਿਚ ਕਰਤਾਰਪੁਰ ਲਾਂਘੇ ਉੱਤੇ ਕੀ ਕੰਮ ਹੋ ਰਿਹਾ ਹੋਵੇਗਾ? ਕਈ ਸਵਾਲ ਤੁਹਾਡੇ ਮਨ ਵਿਚ ਉੱਥਲ ਪੁੱਥਲ ਮਚਾ ਰਹੇ ਹੋਣਗੇ। ਦਿਲਾਂ ਨੂੰ ਤਸੱਲੀ ਨਹੀਂ ਮਿਲ ਰਹੀ ਹੋਵੇਗੀ। ਕੋਈ ਅਨਜਾਣ ਖ਼ੌਫ਼ ਤੰਗ ਕਰ ਰਿਹਾ ਹੋਵੇਗਾ ਕਿ ਕਰਤਾਰਪੁਰ ਲਾਂਘੇ ਦਾ 'ਡਰੌਪ ਸੀਨ' ਕੀ ਹੋਵੇਗਾ? ਆਹ ਸਿਆਸੀ ਖੇਡ ਹੈ ਜਾਂ ਵਾਕਿਆ ਹੀ ਪਾਕਿਸਤਾਨ ਸਿੱਖ ਭਾਈਚਾਰੇ ਵਾਸਤੇ ਕੁਝ ਕਰਨਾ ਚਾਹੁੰਦਾ ਹੈ? 8 ਜਾਂ 9 ਨਵੰਬਰ ਨੂੰ ਲਾਂਘਾ ਖੁੱਲ੍ਹੇਗਾ ਵੀ ਜਾਂ ਨਹੀਂ? ਕਿਤੇ ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਵਾਲੇ ਭਾਰਤ-ਪਾਕਿ ਹਾਲਾਤ ਰਸਤੇ ਦੀ ਰੁਕਾਵਟ ਨਾ ਬਣ ਜਾਣ। ਜਿਸ ਤਰ੍ਹਾਂ ਅਮਰੀਕਾ ਵਿਚ ਇਕ ਪਲੇਟਫਾਰਮ 'ਤੇ ਇਕੱਠੇ ਹੁੰਦੇ ਹੋਏ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀ ਦੂਰ-ਦੂਰ ਰਹੇ, ਕਰੀਬ ਨਹੀਂ ਆਏ, ਗੱਲਬਾਤ ਨਹੀਂ ਕੀਤੀ, ਹੱਥ ਤੱਕ ਨਹੀਂ ਮਿਲਾਏ, ਹੁਣ ਤੱਕ ਹਾਲਾਤ ਨਹੀਂ ਬਦਲੇ, ਸਗੋਂ ਹਰ ਗੁਜ਼ਰਦੇ ਦਿਨ ਨਾਲ ਤਣਾਅ ਘਟਣ ਦੀ ਥਾਂ ਵਧਦਾ ਹੀ ਜਾ ਰਿਹਾ ਹੈ, ਤਾਂ ਕੀ ਇਹ ਚੱਲ ਰਹੇ ਤਣਾਅ ਕਰਤਾਰਪੁਰ ਦੇ ਚਾਨਣ ਨੂੰ ਖ਼ਰਾਬ ਤਾਂ ਨਹੀਂ ਕਰ ਦੇਣਗੇ? ਨਫ਼ਰਤ ਦੀ ਹਨ੍ਹੇਰੀ ਕਿਤੇ ਖੁਸ਼ੀਆਂ 'ਤੇ ਮਿੱਟੀ ਨਾ ਪਾ ਦੇਵੇ। ਅਮਨ ਦਾ ਦੀਵਾ ਜਗਣ ਤੋਂ ਪਹਿਲਾਂ ਹੀ ਨਾ ਬੁਝ ਜਾਵੇ। ਗੁਰੂ ਦਾ ਦੁਆਰ ਖੁੱਲ੍ਹਣ ਤੋਂ ਪਹਿਲਾਂ ਹੀ ਬੰਦ ਨਾ ਕਰ ਦਿੱਤਾ ਜਾਵੇ। ਦਰਸ਼ਨ ਦੀ ਥਾਂ ਇਕ ਵਾਰੀ ਫਿਰ ਦੂਰੀਆਂ ਮੁਕੱਦਰ ਵਿਚ ਨਾ ਲਿਖ ਦਿੱਤੀਆਂ ਜਾਣ। ਨਹੀਂ, ਅਜਿਹਾ ਬਿਲਕੁਲ ਨਹੀਂ ਹੋਵੇਗਾ। ਤੁਸੀਂ ਸਾਰੇ ਗੁਰੂ 'ਤੇ ਜਿਸ ਤਰ੍ਹਾਂ ਯਕੀਨ ਰੱਖਦੇ ਹੋ, ਬਿਲਕੁਲ ਇਸੇ ਤਰ੍ਹਾਂ ਇਸ ਗੱਲ 'ਤੇ ਯਕੀਨ ਰੱਖੋ ਕਿ ਕਰਤਾਰਪੁਰ ਦਾ ਲਾਂਘਾ ਜ਼ਰੂਰ ਖੁੱਲ੍ਹੇਗਾ। ਨਫ਼ਰਤ ਦੀ ਹੱਦ ਮਿਟਣਾ ਸ਼ੁਰੂ ਹੋ ਜਾਵੇਗੀ। ਬਸ, ਥੋੜ੍ਹਾ ਜਿਹਾ ਇੰਤਜ਼ਾਰ ਰਹਿ ਗਿਆ ਹੈ। ਇਸ ਵਾਰੀ ਬਾਬੇ ਨੇ ਜ਼ਿੰਮੇਵਾਰੀ ਚੁੱਕੀ ਹੈ। ਦਿਲਾਂ ਨੂੰ ਮੋਮ ਕੀਤਾ ਹੈ। ਬਾਬੇ ਨੇ ਰਾਹ ਦਿਖਾਇਆ ਹੈ। ਬਸ, ਤੁਸੀਂ ਇਸ ਰਾਹ 'ਤੇ ਚੱਲ ਕੇ ਆਉਣ ਦੀ ਤਿਆਰੀ ਕਰੋ। ਇਸ ਤਰ੍ਹਾਂ ਆਵੋ ਜਿਸ ਤਰ੍ਹਾਂ ਵਰ੍ਹਿਆਂ ਦੇ ਪਿਆਸੇ ਪਾਣੀ ਦੇ ਕੋਲ ਆਉਂਦੇ ਹਨ। ਜਿਵੇਂ ਇਕ ਪਰਿਵਾਰ ਦੇ ਲੋਕ ਇਕ-ਦੂਜੇ ਨੂੰ ਮਿਲਣ ਆਉਂਦੇ ਹਨ। ਖੁਸ਼ੀਆਂ ਦੀਆਂ ਮੰਨਤਾਂ ਮੁਰਾਦਾਂ ਮੰਗਦੇ ਹੋਏ ਆਓ। ਅੱਖਾਂ ਵਿਚ ਅੱਥਰੂ ਲੈ ਕੇ ਆਓ ਪਰ ਜਾਂਦੇ ਹੋਏ ਦਿਲਾਂ ਦਾ ਸਕੂਨ ਵਾਪਸ ਲੈ ਕੇ ਜਾਓ। ਆਸਾਂ ਲੈ ਕੇ ਆਓ ਤੇ ਜਾਂਦੇ ਹੋਏ ਦੁਆਵਾਂ ਦੇ ਕੇ ਜਾਵੋ। ਵਾਰ ਵਾਰ ਆਓ, ਇਹ ਸੋਚ ਕੇ ਆਓ ਕਿ ਤੁਸੀਂ ਪਰਦੇਸੀ ਨਹੀਂ ਹੋ, ਦੁਸ਼ਮਣ ਦੇਸ਼ ਨਹੀਂ ਆਏ, ਸਗੋਂ ਆਪਣੇ ਘਰ ਤੋਂ ਨਿਕਲ ਕੇ ਦੂਜੇ ਘਰ ਆਏ ਹੋ। ਮਹਿਫ਼ੂਜ਼ ਹੋ, ਪਿਆਰ ਵਧਾਉਣ ਆਏ ਹੋ। ਨਫ਼ਰਤ ਨੂੰ ਹਮੇਸ਼ਾ ਲਈ ਮੁਕਾਉਣ ਲਈ ਆਏ ਹੋ।

ਤੇ ਹੁਣ ਉਹ ਵੇਲਾ ਆ ਗਿਆ ਹੈ ਕਿ ਅਸੀਂ ਤੁਹਾਨੂੰ ਦੱਸਣਾ ਚਾਹੁੰਦੇ ਹਾਂ ਕਿ ਕਰਤਾਰਪੁਰ ਵਿਚ ਕੀ ਹੋ ਰਿਹਾ ਹੈ? ਹੁਣ ਇਹ ਇਕ ਪ੍ਰੋਜੈਕਟ ਨਹੀਂ ਰਿਹਾ, ਸਗੋਂ ਇਕ ਨਵੀਂ ਦੁਨੀਆ ਆਬਾਦ ਹੋ ਚੁਕੀ ਹੈ। ਸਾਫ਼-ਸੁਥਰੀ ਦੁਨੀਆ ਜਿੱਥੇ ਸਿਰਫ ਸ਼ਰਧਾ, ਅਮਨ ਤੇ ਪਿਆਰ ਹੀ ਪਿਆਰ ਹੈ। ਇਹ ਦੁਨੀਆ ਸ਼ਿੱਦਤ ਨਾਲ ਬਾਹਵਾਂ ਖੋਲ੍ਹ ਕੇ ਤੁਹਾਨੂੰ ਆਪਣੇ ਗਲ ਨਾਲ ਲਾਉਣ ਲਈ ਤਿਆਰ ਹੋ ਚੁੱਕੀ ਹੈ। ਬਾਬਾ ਗੁਰੂ ਨਾਨਕ ਜੀ ਆਪਣੇ ਸਿੱਖਾਂ ਦਾ ਇੰਤਜ਼ਾਰ ਕਰ ਰਹੇ ਹਨ। ਲਾਂਘੇ 'ਤੇ ਨਿਰਮਾਣ ਦਾ ਕੰਮ ਜੁਲਾਈ ਵਿਚ 80 ਫ਼ੀਸਦੀ ਸੰਪੂਰਨ ਹੋ ਚੁੱਕਾ ਸੀ, ਹੁਣ ਤਾਂ ਕੰਮ ਆਖ਼ਰੀ ਛੋਹਾਂ 'ਤੇ ਹੈ। ਮੁੱਖ ਮਾਰਗ, ਪੁਲ ਦੀ ਉਸਾਰੀ ਤੇ ਗੁਰਦੁਆਰਾ ਸਾਹਿਬ ਦੇ ਆਲੇ-ਦੁਆਲੇ ਇਮਾਰਤਾਂ ਦਾ ਨਿਰਮਾਣ ਵੀ ਪੂਰਾ ਹੋ ਗਿਆ ਹੈ। ਪਾਕਿਸਤਾਨ ਨੇ ਆਪਣਾ ਕੰਮ ਸਮਾਂ ਹੱਦ ਤੋਂ ਪਹਿਲਾਂ ਹੀ ਪੂਰਾ ਕਰ ਲਿਆ ਹੈ, ਜੋ ਇਹ ਜ਼ਾਹਰ ਕਰਦਾ ਹੈ ਕਿ ਪਾਕਿਸਤਾਨ ਇਸ ਲਾਂਘੇ ਨੂੰ ਹਰ ਹਾਲ ਵਿਚ ਖੋਲ੍ਹਣਾ ਹੀ ਨਹੀਂ ਚਾਹੁੰਦਾ, ਸਗੋਂ ਦਿਲਾਂ ਦੀਆਂ ਦੂਰੀਆਂ ਨੂੰ ਘੱਟ ਕਰਨਾ ਚਾਹੁੰਦਾ ਹੈ। ਹੁਣ ਤੱਕ ਸਿੱਖ ਭਾਈਚਾਰੇ ਨਾਲ ਹੋਣ ਵਾਲੀ ਨਾਇਨਸਾਫ਼ੀ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਕਰਤਾਰਪੁਰ ਵਿਚ ਲੰਗਰ ਖਾਨਾ, ਦਰਸ਼ਨ ਖਾਨਾ, ਪ੍ਰਬੰਧਕੀ ਬਲਾਕ, ਪਖਾਨੇ, ਪਾਣੀ, ਗੈਸ, ਬਿਜਲੀ ਹਰ ਕੰਮ ਦਾ ਪ੍ਰਬੰਧ ਕੀਤਾ ਜਾ ਚੁੱਕਾ ਹੈ। ਗੁਰੂ ਸਾਹਿਬ ਦੀ ਜਿਹੜੀ ਖੇਤੀ ਦਾ ਇਲਾਕਾ ਸੀ, ਉਸ ਦਾ ਵਿਕਾਸ ਅਤੇ ਖੰਡਾ ਸਾਹਿਬ ਤੇ 150 ਫੁੱਟ ਉੱਚਾ ਨਿਸ਼ਾਨ ਸਾਹਿਬ ਲਗਾਉਣ ਦਾ ਕੰਮ ਵੀ ਸੰਪੂਰਨ ਹੋਣ ਵਾਲਾ ਹੈ, ਜਿਹੜਾ ਭਾਰਤ ਤੋਂ ਵੀ ਸਾਫ਼ ਦੇਖਿਆ ਜਾ ਸਕੇਗਾ। ਗੁਰੂ ਸਾਹਿਬ ਦਾ ਖੂਹ ਤੇ ਅੰਬ ਦਾ ਦਰੱਖਤ ਵੀ ਮੌਜੂਦ ਹੈ ਤੇ ਉਨ੍ਹਾਂ ਨੂੰ ਮਹਿਫ਼ੂਜ਼ ਰੱਖਣ ਲਈ ਪਾਕਿਸਤਾਨੀ ਇੰਜੀਨੀਅਰਾਂ ਨੇ ਖ਼ਾਸ ਕੰਮ ਕੀਤਾ ਹੈ। ਸਰਹੱਦੀ ਟਰਮੀਨਲ, ਮਾਰਗ 'ਤੇ ਗੁਰਦੁਆਰਾ ਸਾਹਿਬ ਵਿਚ ਜਿੱਥੇ-ਜਿੱਥੇ ਗੱਡੀਆਂ ਖੜ੍ਹੀਆਂ ਕਰਨ ਦੀ ਥਾਂ ਹੈ, ਉੱਥੋਂ ਦਾ ਕੰਮ ਵੀ ਪੂਰਾ ਹੋ ਚੁੱਕਾ ਹੈ। ਇਸ ਦੇ ਨਾਲ ਹੀ ਲੈਂਡ ਸਕੇਪਿੰਗ ਤੇ ਬੂਟੇ ਲਗਾਉਣ ਵਾਲਾ ਕੰਮ ਵੀ ਪੂਰਾ ਹੋ ਚੁੱਕਾ ਹੈ। ਤੁਹਾਨੂੰ ਇਹ ਜਾਣ ਕੇ ਵੀ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਦੀ ਇਕ ਇੱਟ ਨੂੰ ਵੀ ਨਹੀਂ ਛੇੜਿਆ ਗਿਆ। ਗੁਰਦੁਆਰਾ ਸਾਹਿਬ ਪਹਿਲਾਂ ਦੀ ਤਰ੍ਹਾਂ ਆਬਾਦ ਹੈ।

ਬਸ ਹੁਣ ਤੁਸੀਂ ਆਪ ਆਓ, ਇੰਤਜ਼ਾਰ ਮੁਕਾਓ, ਨਵਾਂ ਇਤਿਹਾਸ ਆਪਣੇ ਹੱਥਾਂ ਨਾਲ ਲਿਖੋ। ਆਪਣੇ ਸਫ਼ਰ ਨਾਲ ਹੀ ਮੰਜ਼ਿਲ ਨੂੰ ਆਬਾਦ ਕਰੋ ਤੇ ਆਪਣੀਆਂ ਅੱਖਾਂ ਨਾਲ ਵੇਖੋ ਕਿ ਅਸੀਂ ਬਾਬੇ ਦੀ ਦੁਨੀਆ ਨੂੰ ਕਿਸ ਤਰ੍ਹਾਂ ਸਜਾ ਸੰਵਾਰ ਕੇ ਤੁਹਾਡੇ ਲਈ ਰੱਖਿਆ ਹੈ। ਤੁਸੀਂ ਆਪਣੀ ਦੁਨੀਆ ਨੂੰ ਆਬਾਦ ਕਰੋ। ਨਫ਼ਰਤ ਨੂੰ ਖ਼ਤਮ ਕਰੋ। ਦੁਆ ਕਰੋ ਪਿਆਰ ਦੀ ਬਸਤੀ ਵੱਸਦੀ ਰਹੇ ਤੇ ਅਸੀਂ ਤੁਹਾਨੂੰ 'ਜੀ ਆਇਆਂ ਨੂੰ' ਆਖਦੇ ਰਹੀਏ। ਸੁਣੋ, ਕਰਤਾਰਪੁਰ ਦੀ ਆਵਾਜ਼ ਸੁਣੋ। ਇਹ ਤੁਹਾਨੂੰ ਸਭ ਨੂੰ ਬੁਲਾ ਰਹੀ ਹੈ। ਤੁਸੀਂ ਜਿੱਥੇ ਵੀ ਹੋ, ਆ ਜਾਓ। ਬਾਬੇ ਨੇ ਇਸ ਖੇਤਰ ਵਿਚ ਅਮਨ ਤੇ ਸ਼ਾਂਤੀ ਦੇ ਲਈ ਤੁਹਾਡੀ ਚੋਣ ਕੀਤੀ ਹੈ। ਆ ਜਾਓ, ਤੇ ਦੂਰੀਆਂ ਹਮੇਸ਼ਾ ਲਈ ਮੁਕਾ ਦਿਓ। ਰੁਕਣਾ ਨਹੀਂ ਤੇ ਥੱਕਣਾ ਨਹੀਂ।

# ਅੱਠਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

**ਪ੍ਰਮਿੰਦਰ ਸਿੰਘ ਪ੍ਰਵਾਨਾ**, 510-781-0487

ਰਾਹ ਦਸੇਰੇ ਗੁਰੂਆਂ ਦੇ ਆਗਮਨ ਮਨੁੱਖਤਾ ਦੀ ਭਲਾਈ ਵਾਸਤੇ ਹੋਇਆ ਕਰਦੇ ਹਨ। ਜਦ ਕਦੇ ਧਰਤੀ ਤੇ ਪਾਪ ਦੀ ਅਤਿ ਹੋ ਜਾਵੇ ਤਾਂ ਆਤਮ ਸ੍ਰਿਸ਼ਟੀ ਵਿਚੋਂ ਕੋਈ ਉਪਕਾਰੀ ਆਉਂਦਾ ਹੈ। ਸਿੱਖ ਗੁਰੂਕਾਲ ਵਿਚ ਦਸ ਗੁਰੂਆਂ ਦੀ ਇਕ ਜੋਤ ਜੋ ਦਸੀਂ ਜਾਮੀ ਨਿਰੰਤਰ ਰੱਬੀ ਸੀ। ਭਗਤੀ ਅਤੇ ਸ਼ਕਤੀ ਦੇ ਸੁਮੇਲ ਵਿਚੋਂ ਸ਼ਾਂਤ ਉਤਸ਼ਾਹ ਵਿਚ ਦੀਨ ਦਯਾ ਹਿੱਤ ਬੀਰ ਰਸ ਆਇਆ ਅਤੇ ਚੜ੍ਹਦੀ ਕਲਾ ਦਾ ਰੰਗ ਚੜ੍ਹਿਆ। ਗੁਰੂ ਨਾਨਕ ਦੇਵ ਜੀ ਦੁਆਰਾ ਚਲਾਏ ਨਿਰਮਲ ਪੰਥ ਦੇ ਅੱਠਵੇਂ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਉਨ੍ਹਾਂ ਦੀ ਸਿਆਣਪ ਨੂੰ ਵੇਖ ਕੇ ਬਾਲ ਗੁਰੂ ਜਾਂ ਬਾਲਾ ਪ੍ਰੀਤਮ ਵੀ ਕਿਹਾ ਜਾਂਦਾ ਹੈ।

ਆਪ ਜੀ ਦਾ ਆਗਮਨ 8 ਸਾਵਣ ਵਦੀ ਸੰਗਤ 1713 ਭਾਗ 7 ਜੁਲਾਈ 1656 ਨੂੰ ਸ਼ੀਸ਼ ਮਹੱਲ ਕੀਰਤਪੁਰ (ਰੋਪੜ) ਵਿਖੇ ਗੁਰੂ ਹਰਿਰਾਏ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਹੋਇਆ। ਕੱਤਕ 6 ਸੰਮਤ 1718 ਅਨੁਸਾਰ 20 ਅਕਤੂਬਰ 1661 ਨੂੰ ਗੁਰਗੱਦੀ ਨੂੰ ਪ੍ਰਾਪਤ ਹੋਏ। ਪੰਚਮ ਪਾਤਸ਼ਾਹ ਨੇ ਆਪਣੀ ਸ਼ਹਾਦਤ ਸਮੇਂ ਗੁਰੂ ਹਰਿਰਾਏ ਜੀ ਨੂੰ ਹਦਾਇਤ ਕੀਤੀ ਸੀ ਕਿ ਗੁਰਗੱਦੀ ਤੇ ਹਥਿਆਰਬੰਦ ਹੋ ਕੇ ਬੈਠਣਾ ਹੈ। ਤਦ ਗੁਰੂ ਹਰਿਰਾਏ ਸਾਹਿਬ ਜੀ ਨੇ ਕੌਮ ਨੂੰ ਬਕਾਇਦਾ ਤੌਰ 'ਤੇ ਜਥੇਬੰਦਕ ਹਥਿਆਰਬੰਦ ਬਣਾਇਆ। ਸੰਗਤ ਦੇ ਹੌਂਸਲੇ ਬੁਲੰਦ ਹੋਏ। ਮੁਗਲ ਹਕੂਮਤ ਜਿੱਥੇ ਜ਼ੁਲਮ ਨਾਲ ਜ਼ਬਰੀ ਲੋਕਾਂ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦੀ ਸੀ ਉਥੇ ਸਿੱਖ ਧਰਮ ਦੀ ਵਧਦੀ ਲੋਕਪ੍ਰਿਅਤਾ ਨੂੰ ਵੇਖ ਕੇ ਲੋਕ ਆਪਣੇ ਆਪ ਸਿੱਖ ਧਰਮ ਅਪਨਾਉਣ ਲੱਗੇ। ਬਾਦਸ਼ਾਹ ਔਰੰਗਜੇਬ ਨੇ ਧਰਮ ਗ੍ਰੰਥ ਦੇ ਸ਼ੰਕਿਆਂ ਦੇ ਬਹਾਨੇ ਗੁਰੂ ਹਰਿਰਾਏ ਸਾਹਿਬ ਨੂੰ ਤਲਬ ਕਰਨਾ ਚਾਹਿਆ।

ਗੁਰੂ ਹਰਿਰਾਏ ਸਾਹਿਬ ਨੇ ਆਪਣੇ ਵੱਡੇ ਪੁੱਤਰ ਬਾਬਾ ਰਾਮ ਰਾਏ ਜੀ ਨੂੰ ਹਦਾਇਤ ਕੀਤੀ ਕਿ ਗੁਰਮਤਿ ਵਿਚਾਰਾਂ ਕਰਦੇ ਸਮੇਂ ਆਪਣੇ ਧਾਰਮਿਕ ਨਿਸ਼ਚੈ ਤੇ ਪੂਰਾ ਉਤਰਨਾ ਹੈ। ਬਾਦਸ਼ਾਹ ਨੇ ਸਵਾਲ ਕੀਤਾ ਕਿ ਤੁਹਾਡੇ ਗ੍ਰੰਥ ਵਿਚ ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ। ਸਿੱਧੀ ਇਸਲਾਮ ਦੀ ਹਤਕ ਨਹੀਂ ਹੈ। ਬਾਬਾ ਰਾਮ ਰਾਇ ਜੀ ਨੇ ਬਾਦਸ਼ਾਹ ਦੀ ਖੁਸ਼ੀ ਹਾਸਲ ਕਰਨ ਲਈ ਕਹਿ ਦਿੱਤਾ ਕਿ ਉਥੇ ਮਿੱਟੀ ਬੇਈਮਾਨ ਕੀ ਲਫ਼ਜ਼ ਹੈ ਬਾਣੀਕਾਰ ਵਲੋਂ ਗਲਤੀ ਨਾਲ ਮੁਸਲਮਾਨ ਲਿਖਿਆ ਹੈ। ਬਾਦਸ਼ਾਹ ਤਾਂ ਖੁਸ਼ ਹੋ ਗਿਆ ਪਰ ਜਦੋਂ ਗੁਰੂ ਹਰਿਰਾਏ ਜੀ ਨੂੰ ਪਤਾ ਲੱਗਾ ਕਿ ਗੁਰਬਾਣੀ ਦੀ ਤੁਕ ਬਦਲਣ ਦੀ ਅਵੱਗਿਆ ਹੋਈ ਹੈ ਤਾਂ ਉਨ੍ਹਾਂ ਨੇ ਆਪਣੇ ਦ੍ਰਿੜ ਇਰਾਦਾ ਬਣਾ ਲਿਆ ਕਿ ਬਾਬਾ ਰਾਮ ਰਾਏ ਗੱਦੀ ਦੇ ਲਾਇਕ ਨਹੀਂ ਹੈ।

ਇਸ ਦ੍ਰਿੜਤਾ ਦੀ ਗੁਰੂ ਹਰਿਕ੍ਰਿਸ਼ਨ ਜੀ ਦੇ ਸਮੇਂ ਵੀ ਕਮੀ ਨਹੀਂ ਆਈ। ਬਾਬਾ ਰਾਮ ਰਾਇ ਨੇ ਆਪਣਾ ਹੱਕ ਗੁਰਗੱਦੀ ਤੇ ਬਣਾਉਣ ਲਈ ਸਰਕਾਰ ਨੂੰ ਸ਼ਿਕਾਇਤ ਕਰ ਦਿੱਤੀ ਕਿ ਮੈਨੂੰ ਗੁਰਗੱਦੀ ਤੋਂ ਵਾਂਝਾ ਕੀਤਾ ਗਿਆ ਹੈ। ਬਾਦਸ਼ਾਹ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਤਲਬ ਹੋਣ ਦਾ ਸੱਦਾ ਦਿੱਤਾ ਜੋ ਗੁਰਾਂ ਨੇ ਠੁਕਰਾ ਦਿੱਤਾ। ਸਰਕਾਰੇ ਦਰਬਾਰੇ ਵਿਚੋਂ ਮਿਰਜ਼ਾ ਜੈ ਸਿੰਘ ਨੇ ਬਾਦਸ਼ਾਹ ਨਾਲ ਮਿਲਣੀ ਕਰਵਾਉਣ ਦਾ ਜਿੰਮਾ ਆਪਣੇ ਸਿਰ ਲੈ ਲਿਆ। ਦੀਵਾਨ ਪਰਸਰਾਮ ਨੂੰ 50 ਘੋੜ ਸਵਾਰ ਭੇਜ ਕੇ ਗੁਰਾਂ ਨੂੰ ਬੜੇ ਸਤਿਕਾਰ ਲਾਲ ਪਾਲਕੀ ਵਿਚ ਬਿਠਾ ਕੇ ਦਿੱਲੀ ਲਿਆਉਣ ਲਈ ਕਿਹਾ। ਗੁਰੂ ਸਾਹਿਬ ਨੇ ਦੀਵਾਨ ਨੂੰ ਕਿਹਾ ਕਿ ਉਹ ਔਰੰਗਜੇਬ ਦੇ ਮੱਥੇ ਨਹੀਂ ਲੱਗਣਗੇ। ਤਦ ਹੀ ਦਿੱਲੀ ਦੀਆਂ ਸੰਗਤਾਂ ਨੇ ਦਰਸ਼ਨਾਂ ਦੀ ਤਾਂਘ ਦੀ ਚਿੱਠੀ ਭੇਜੀ ਤਾਂ ਤੁਰੰਤ ਰਜਾਮੰਦ ਹੋ ਗਏ। ਕੀਰਤਪੁਰ ਤੋਂ ਦਿੱਲੀ ਆਉਂਦੇ ਸਮੇਂ ਗੁਰੂ ਸਾਹਿਬ ਪੰਜੋਖਰਾ ਜ਼ਿਲ੍ਹਾ ਅੰਬਾਲਾ ਵਿਖੇ ਰੁਕੇ, ਉਕੇ ਲਾਲ ਚੰਦ ਬ੍ਰਾਹਮਣ ਨੇ ਗੁਰੂ ਜੀ ਨੂੰ ਵੰਗਾਰਿਆ ਕਿ ਤੁਸੀਂ ਵੱਡੇ ਗੁਰੂ ਬਣੀ ਫਿਰਦੇ ਹੋ। ਕ੍ਰਿਸ਼ਨ ਨੇ ਤਾਂ ਗੀਤਾ ਉਚਾਰੀ ਸੀ ਤੁਸੀਂ ਮੇਰੇ ਨਾਲ ਸ਼ਸਤਰ ਹੱਥ ਕਰ ਲਓ ਅਤੇ ਗੀਤਾ ਦੇ ਅਰਥ ਕਰਕੇ ਵਿਖਾਓ। ਗੁਰੂ ਜੀ ਨੇ ਪੰਡਤ ਨੂੰ ਸਮਝਾਇਆ ਕਿ ਗੁਰੂ ਦੀ ਸਮਰਥਾ ਅਰਥ ਕਰਨਾ ਹੀ ਨਹੀਂ ਸਗੋਂ ਮਨੁੱਖੀ ਜੀਵਨ ਨੂੰ ਸਾਵੀਂ ਪੱਧਰੀ ਰਾਹ 'ਤੇ ਤੋਰਨਾ ਹੈ, ਅਗਿਆਨਤਾ ਦਾ ਨਾਸ਼ ਕਰਨਾ ਹੈ। ਸਾਡਾ ਤਾਂ ਹਰ ਸਿੱਖ ਗਿਆਨਵਾਨ ਹੈ, ਉਸ ਨੂੰ ਗਿਆਨ ਪ੍ਰਾਪਤ ਕਰਨ ਦੀ ਖੁੱਲ੍ਹ ਹੈ ਤਾਂ ਜੋ ਧਾਰਮਿਕ, ਰਾਜਨੀਤਕ, ਵਿਦਿਅਕ ਅਤੇ ਵਿਹਾਰਕ ਸੋਝੀ ਨਾਲ ਆਪਣਾ ਜੀਵਨ ਸੰਵਾਰ ਸਕੇ। ਤੁਸੀਂ ਕਿਸੇ ਵੀ ਸਿੱਖ ਨੂੰ ਪੁੱਛ ਲਓ ਤੁਹਾਨੂੰ ਉੱਤਰ ਮਿਲ ਜਾਵੇਗਾ। ਪੰਡਿਤ ਲੰਗਰਾਂ ਵਿਚ ਜਲ ਦੀ ਸੇਵਾ ਕਰਦੇ ਛੱਜੂ ਨੂੰ ਸਾਦਾ ਜਿਹਾ ਸਮਝ ਕੇ ਲੈ ਆਇਆ। ਪੰਡਤ ਨੇ ਜੋ ਵੀ ਪੁੱਛਿਆ ਛੱਜੂ ਨੇ ਉਸ ਦਾ ਉੱਤਰ ਦਿੱਤਾ ਕਿਉਂਕਿ ਉਹ ਲੰਗਰਾਂ ਦੀ ਸੇਵਾ ਕਰਦਾ ਬਾਣੀ ਸੁਣਦਾ ਗੁਣ ਗੁਣਾਉਂਦਾ ਰਹਿੰਦਾ ਸੀ। ਬ੍ਰਾਹਮਣ ਸ਼ਰਮਿੰਦਾ ਹੋ ਗਿਆ।

ਦਿੱਲੀ ਪਹੁੰਚ ਕੇ ਰਾਜਾ ਜੈ ਸਿੰਘ ਨੇ ਆਪਣੇ ਬੰਗਲੇ ਵਿਚ ਜਿੱਥੇ ਅੱਜ ਕੱਲ੍ਹ ਗੁਰਦੁਆਰਾ ਬੰਗਲਾ ਸਾਹਿਬ ਹੈ ਠਹਿਰਾਇਆ। ਸੰਗਤਾਂ ਦਰਸ਼ਨਾਂ ਲਈ ਉਮੜ ਪਈਆਂ, ਬਾਦਸ਼ਾਹ ਔਰੰਗਜੇਬ ਨੇ ਵੀ ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ ਪਰ ਗੁਰੂ ਜੀ ਨੇ ਇਨਕਾਰ ਕਰ ਦਿੱਤਾ। ਰਾਜਾ ਜੈ ਸਿੰਘ ਦੀ ਰਾਣੀ ਨੂੰ ਤੌਖਲਾ ਹੋਇਆ ਕਿ ਇੰਨਾ ਛੋਟਾ ਬਾਲਕ ਗੁਰੂ ਕਿਵੇਂ ਹੋ ਸਕਦਾ ਹੈ। ਜੇਕਰ ਸਮਰਥ ਗੁਰੂ ਹੈ ਤਾ ਮੈਨੂੰ ਹੀ ਢੂੰਡ ਕੇ ਦੱਸ ਦੇਵੀ ਕਿ ਸਵਾਗਤ ਕਰਨ ਵਾਲਿਆਂ ਵਿਚ ਮੈਂ ਕਿੱਥੇ ਹਾਂ? ਗੁਰੂ ਪਾਤਸ਼ਾਹ ਲੇ ਸਾਰੀਆਂ ਗੋਲੀਆਂ ਸਹੇਲੀਆਂ ਦੀ ਡੀਲ ਡੌਲ ਤੋਂ ਗੋਲੀ ਬਣੀ ਰਾਣੀ ਨੂੰ ਪਛਾਣ ਲਿਆ। ਇਹ ਭਰਮ ਦੂਰ ਕੀਤਾ ਕਿ ਗੁਰੂ ਜੋਤ ਨੂੰ ਸਰੀਰ ਪੱਖੋਂ ਨਹੀਂ ਪਰਖਿਆ ਜਾ ਸਕਦਾ।

ਉਨ੍ਹੀਂ ਦਿਨੀਂ ਦਿੱਲੀ ਵਿਚ ਭਾਰੀ ਚੇਚਕ ਫੈਲ ਗਈ। ਗੁਰਦੇਵ ਆਪ ਲੋਕਾਂ ਦੇ ਘਰ ਘਰ ਜਾ ਕੇ ਸੇਵਾ ਕਰਨ ਲੱਗੇ ਅਤੇ ਲੋਕਾਈ ਦੇ ਭਲੇ ਲਈ ਮਾਇਆ ਵੀ ਖਰਚ ਕੀਤੀ। ਇਹ ਵੇਖ ਕੇ ਸੰਗਤਾਂ ਵੀ ਇਸ ਨੇਕ ਕੰਮ ਲਈ ਗੁਰੂ ਜੀ ਨਾਲ ਆ ਜੁੜੀਆਂ। ਇਸ ਛੂਤ ਦੀ ਬਿਮਾਰੀ ਵਿਚ ਆਪਣੀ ਬਾਲ ਉਮਰ ਦੀ ਪ੍ਰਵਾਹ ਵੀ ਨਹੀਂ ਕੀਤੀ। ਆਖਰ ਗੁਰੂ ਜੀ ਵੀ ਇਸ ਮਹਾਂਮਾਰੀ ਬਿਮਾਰੀ ਸ਼ਿਕਾਰ ਹੋ ਗਏ। ਮਾਤਾ ਜੀ ਅਤੇ ਸੰਗਤਾਂ ਵਿਚ ਘਬਰਾਹਟ ਪੈਦਾ ਹੋਗਈ। ਪਰ ਪਾਤਿਸ਼ਾਹ ਨੇ ਇਸ ਨੂੰ ਰੱਬੀ ਰਮਜ਼ ਦੱਸਿਆ ਅਤੇ ਧੀਰਜ ਵਿਚ ਰਹਿਣ ਲਈ ਕਿਹਾ। ਆਪਣਾ ਸਚਖੰਡ ਜਾਣ ਦਾ ਸਮਾਂ ਵੇਖ ਕੇ ਹੁਕਮ ਦਿੱਤਾ ਕਿ ਅਗਲਾ ਗੁਰੂ 'ਬਾਬਾ ਬਕਾਲਾ' ਜਿਸ ਦਾ ਭਾਵ ਹੈ ਕਿ ਗੁਰੂ 'ਬਾਬਾ ਬਕਾਲਾ' ਰਹਿੰਦਾ ਹੈ। ਆਪ ਜੀ 3 ਵਿਸਾਖ ਸੰਮਤ 1721 ਮੁਤਾਬਕ 30 ਮਾਰਚ ਸੰਨ੍ਹ 1664 ਨੂੰ ਜੋਤੀ ਜੋਤ ਸਮਾ ਗਏ। ਆਪ ਜੀ ਦਾ ਸਸਕਾਰ ਮੌਜੂਦਾ ਗੁਰਦੁਆਰਾ 'ਬਾਬਾ ਸਾਹਿਬ' ਦਿੱਲੀ ਵਿਖੇ ਹੋਇਆ।

ਵਰਨਣਯੋਗ ਹੈ ਕਿ ਆਪ ਨੇ ਬਾਲ ਉਮਰੇ ਹੀ ਗੁਰਗੱਦੀ ਦੀ ਜਿੰਮੇਵਾਰੀ ਨਿਭਾ ਕੇ ਦਰਸਾ ਦਿੱਤਾ ਕਿ ਗੁਰੂ ਸਰੀਰ ਨਹੀਂ ਜੋਤਿ ਹੈ। ਸਪੱਸ਼ਟ ਕੀਤਾ ਕਿ ਸਰੀਰ ਭਾਵੇਂ ਬਿਰਧ ਹੋ ਜਾਵੇ ਜਾਂ ਬਾਲ ਉਮਰ ਗੁਰੂ ਜੋਤ ਨਾਲ ਉਮਰ ਦਾ ਕੋਈ ਸਬੰਧ ਨਹੀਂ। ਢਾਈ ਸਾਲ ਦੀ ਗੁਰਤਾ ਵਿਚ ਗੁਰਦੇਵ ਨੇ ਬੜੀ ਸਿਆਣਪ, ਦ੍ਰਿੜਤਾ ਅਤੇ ਨਿਰਭੈਤਾ ਨਾਲ ਜਿੰਮੇਵਾਰੀ ਨਿਭਾਈ। ਉਨ੍ਹਾਂ ਨੇ ਧਰਮ ਪ੍ਰਚਾਰ ਵੀ ਪਹਿਲਾਂ ਦੀ ਤਰ੍ਹਾਂ ਜਾਰੀ ਰੱਖਿਆ। ਉਨ੍ਹਾਂ ਦੇ ਹੋਰ ਪਰਉਪਕਾਰਾਂ ਵਿਚ ਜਦ ਭਾਈ ਕਲਿਆਣਾ ਦੀ ਧਰਮਸ਼ਾਲਾ (ਮੁਹੱਲਾ ਦਿਲਵਾਲੀ ਸਿੰਘ ਦਿੱਲੀ) ਵਿਖੇ ਡੇਰੇ ਲਾਏ ਤਾਂ ਉਥੇ ਲੋਕ ਗਰੀਬ ਸਨ। ਪੀਣ ਲਈ ਸਾਫ਼ ਪਾਣੀ ਵੀ ਨਹੀਂ ਸੀ। ਲੋਕ ਬਿਮਾਰੀਆਂ ਵਿਚ ਘਿਰੇ ਹੋਏ ਸਨ। ਬੜਾ ਦੁਖੀ ਜੀਵਨ ਬਤੀਤ ਕਰ ਰਹੇ ਸਨ। ਗੁਰੂ ਦੀਆਂ ਸੰਗਤਾਂ ਨੇ ਲੰਗਰ ਲਗਾ ਦਿੱਤੇ। ਥਾਂ ਥਾਂ ਸਾਫ਼ ਪਾਣੀ ਦਾ ਪ੍ਰਬੰਧ ਕੀਤਾ। ਕਈ ਮੁਸਲਮਾਨ ਫਕੀਰ ਵੀ ਗੁਰਾਂ ਦੇ ਉਪਾਸ਼ਕ ਬਣ ਗਏ। ਗੁਰੂ ਜੀ ਸੱਚੀ ਸੁੱਚੀ ਕ੍ਰਿਤ ਕਰਦਿਆਂ ਰੱਬ ਦੀ ਰਜ਼ਾ ਵਿਚ ਰਹਿਣ ਦਾ ਉਪਦੇਸ਼ ਦਿੰਦੇ।

### ਪੰਜਾਬੀ ਵਰਸਿਟੀ ਵਿਚ ਗੁਰੂ ਨਾਨਕ ਚੇਅਰ ਸਥਾਪਿਤ ਹੋਵੇਗੀ

**ਪਟਿਆਲਾ/ਏ.ਟੀ. ਨਿਊਜ਼ :** ਕੈਬਨਿਟ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਗੁਰੂ ਨਾਨਕ ਚੇਅਰ ਅਤੇ ਗੁਰੂ ਨਾਨਕ ਭਵਨ ਸਥਾਪਤ ਕੀਤੇ ਜਾਣ ਦਾ ਐਲਾਨ ਕੀਤਾ ਹੈ। ਉਹ ਪੰਜਾਬੀ 'ਵਰਸਿਟੀ ਵੱਲੋਂ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚਾਰ ਰੋਜ਼ਾ ਪੁਸਤਕ ਮੇਲੇ ਦਾ ਆਗਾਜ਼ ਕਰਨ ਲਈ ਆਏ ਸਨ। ਉਨ੍ਹਾਂ ਗੁਰੂ ਗ੍ਰੰਥ ਸਾਹਿਬ ਦੇ 16 ਪਵਿੱਤਰ ਪੁਰਾਤਨ ਅਤੇ ਦੁਰਲੱਭ ਹੱਥ ਲਿਖਤ ਸਰੂਪਾਂ ਦੇ ਸੰਗਤ ਦਰਸ਼ਨਾਂ ਲਈ ਵਿਸ਼ੇਸ਼ ਬੱਸ ਨੂੰ ਰਵਾਨਾ ਕੀਤਾ। ਇਸ ਮੌਕੇ ਜੇਲ੍ਹਾਂ ਤੇ ਸਹਿਕਾਰਤਾ ਮੰਤਰੀ ਰੰਧਾਵਾ ਤੋਂ ਇਲਾਵਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ, ਵਾਈਸ ਚਾਂਸਲਰ ਡਾ. ਬੀਐੱਸ ਘੁੰਮਣ ਅਤੇ ਸਰਬੱਤ ਦੇ ਭਲਾ ਟਰੱਸਟ ਦੇ ਬਾਨੀ ਡਾ. ਐੱਸਪੀਐੱਸ ਓਬਰਾਏ ਨੇ ਪੂਰਨ ਮਰਿਆਦਾ ਨਾਲ ਇਹ ਸਰੂਪ ਬੱਸ ਵਿਚ ਸੁਸ਼ੋਭਿਤ ਕੀਤੇ। ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਇਹ ਪਵਿੱਤਰ ਪੁਰਾਤਨ ਅਤੇ ਦੁਰਲੱਭ ਹੱਥ ਲਿਖਤ ਸਰੂਪਾਂ ਸੋਨੇ, ਹੀਰੇ ਤੇ ਲਾਲਾਂ ਦੀ ਸਿਆਹੀ ਨਾਲ ਤਿਆਰ ਕੀਤੇ ਗਏ ਹਨ।

### ਖਹਿਰਾ ਦਾ ਯੂ-ਟਰਨ: ਵਿਧਾਇਕ ਅਹੁਦੇ ਤੋਂ ਵਾਪਸ ਲਿਆ ਅਸਤੀਫ਼ਾ

**ਚੰਡੀਗੜ੍ਹ/ਏ.ਟੀ. ਨਿਊਜ਼ :** ਸੁਖਪਾਲ ਸਿੰਘ ਖਹਿਰਾ ਨੇ ਵੱਡੀ ਸਿਆਸੀ ਪਲਟੀ ਮਾਰੀ ਹੈ। ਖਹਿਰਾ ਨੇ ਵਿਧਾਇਕ ਅਹੁਦੇ ਤੋਂ ਦਿੱਤਾ ਆਪਣਾ ਅਸਤੀਫਾ ਵਾਪਸ ਲੈ ਲਿਆ ਹੈ। ਖਹਿਰਾ ਦੇ ਅਸਤੀਫਾ ਵਾਪਸ ਲੈਣ ਦੀ ਪੁਸ਼ਟੀ ਵਿਧਾਨ ਸਭਾ ਸਪੀਕਰ ਰਾਣਾ ਕੇ.ਪੀ. ਨੇ ਵੀ ਕੀਤੀ ਹੈ।

ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ

# ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਤੇ ਰਾਜ ਦਾ ਸੰਕਲਪ

**ਡਾ. ਗੁਰਵਿੰਦਰ ਸਿੰਘ (ਵੈਨਕੂਵਰ)**




ਗੁਰੂ ਨਾਨਕ ਸਾਹਿਬ ਦੇ ਰਾਜ ਸੰਕਲਪ ਸੰਬੰਧੀ, ਗੁਰੂ ਗ੍ਰੰਥ ਸਾਹਿਬ ਅੰਦਰ ਭੱਟ ਬਲਵੰਡ ਵਲੋਂ ਰਾਮਕਲੀ ਦੀ ਵਾਰ ਵਿਚ ਅੰਕਿਤ 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ' ਸ਼ਬਦਾਂ ਦੇ ਭਾਵ ਹਨ ਕਿ ਗੁਰੂ ਨਾਨਕ ਸਾਹਿਬ ਨੇ, ਅਕਾਲ ਪੁਰਖ ਭਾਵ ਸੱਚੇ ਪਾਤਸ਼ਾਹ ਦੀ ਪਾਤਸ਼ਾਹੀ ਕਾਇਮ ਕੀਤੀ ਤੇ ਸੱਚ ਦੇ ਕਿਲ੍ਹੇ ਦੀ ਮਜ਼ਬੂਤ ਨੀਂਹ ਰੱਖੀ। ਗੁਰੂ ਜੀ ਵਲੋਂ ਕਾਇਮ ਕੀਤਾ ਰਾਜ ਕਿਹੋ ਜਿਹਾ ਹੈ ਤੇ ਅਜੋਕੇ ਸੰਸਾਰ ਵਿਚ ਨਾਨਕ-ਰਾਜ ਸੰਕਲਪ ਦੀ ਕੀ ਪ੍ਰਸੰਗਿਕਤਾ ਹੈ, ਇਹ ਡੂੰਘੇ ਵਿਚਾਰ ਦਾ ਵਿਸ਼ਾ ਹੈ। ਅੱਜ ਸੰਸਾਰ ਭਰ ਵਿਚ ਇਕ ਪਾਸੇ ਗੁਰੂ ਨਾਨਕ ਸਾਹਿਬ ਦੀ ਸਾਢੇ ਪੰਜਵੀਂ ਪ੍ਰਕਾਸ਼ ਸ਼ਤਾਬਦੀ ਮਨਾਈ ਜਾ ਰਹੀ ਹੈ, ਦੂਜੇ ਪਾਸੇ ਦੁਨੀਆਂ ਭਰ ਵਿਚ ਰਾਸ਼ਟਰਵਾਦ ਦੇ ਨਾਂ ਹੇਠ ਵੱਖੋ-ਵੱਖਰੇ ਮੁਲਕਾਂ ਅੰਦਰ ਬਹੁਗਿਣਤੀਆਂ ਵਲੋਂ ਘੱਟ ਗਿਣਤੀਆਂ ਨੂੰ ਅਤੇ ਵੱਡੇ ਤਾਕਤਵਰ ਦੇਸਾਂ ਵਲੋਂ ਛੋਟੇ ਮੁਲਕਾਂ ਨੂੰ ਗੁਲਾਮ ਬਣਾਉਣ ਦੀਆਂ ਅਣਮਨੁੱਖੀ ਨੀਤੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਅਜਿਹੀਆਂ ਹਾਲਤਾਂ ਵਿਚ ਗੁਰੂ ਨਾਨਕ ਚਿੰਤਨ ਨੂੰ ਅਪਨਾਉਂਦਿਆਂ ਨਾ ਸਿਰਫ ਮਨੁੱਖੀ ਕਲਿਆਣ ਹੀ ਹੋ ਸਕਦਾ ਹੈ, ਸਗੋਂ ਹਲੇਮੀ ਰਾਜ ਦੀ ਕਾਇਮੀ ਵੀ ਹੋ ਸਕਦੀ ਹੈ।

21ਵੀਂ ਸਦੀ ਦੇ ਸੰਸਾਰ ਦਾ ਮੁੱਖ ਮੁੱਦਾ ਨਸਲਵਾਦ ਹੈ। ਇਸ ਦੇ ਭਿਆਨਕ ਰੂਪ ਵੱਖ-ਵੱਖ ਦੇਸਾਂ ਵਿਚ ਅੰਦਰੂਨੀ ਅਤੇ ਬਾਹਰੀ ਪੱਧਰ 'ਤੇ ਨਜ਼ਰ ਆ ਰਹੇ ਹਨ। ਚਾਹੇ ਆਧੁਨਿਕ ਯੁੱਗ ਵਿਚ ਵਿਦਿਆ ਤੇ ਤਰੱਕੀ ਦੇ ਵੱਡੇ ਵੱਡੇ ਦਾਅਵੇ ਹੋ ਰਹੇ ਹਨ, ਪਰ ਦੂਜੇ ਪਾਸੇ ਨਸਲਵਾਦੀ ਹਮਲੇ ਲਗਾਤਾਰ ਵਧ ਰਹੇ ਹਨ। ਦੁਨੀਆਂ ਦੇ ਤਾਕਤਵਾਰ ਮੰਨੇ ਜਾਂਦੇ ਦੇਸਾਂ ਵਿਚ ਸੱਤਾ ਦਾ ਧਰੁਵੀਕਰਨ ਹੋ ਰਿਹਾ ਹੈ। ਕੱਟੜਵਾਦੀ ਤਾਕਤਾਂ ਘੱਟ ਗਿਣਤੀਆਂ ਨੂੰ ਕੁਚਲ ਕੇ ਤਾਕਤ ਹਥਿਆ ਰਹੀਆਂ ਹਨ। ਦੁਨੀਆਂ ਦੇ ਵੱਡੇ ਲੋਕਤੰਤਰ ਅਖਵਾਉਣ ਵਾਲੇ ਦੇਸਾਂ ਵਿਚ ਚੋਣਾਂ ਜਾਤੀਵਾਦ ਦੇ ਨਾਂ 'ਤੇ ਲੜੀਆਂ ਤੇ ਜਿੱਤੀਆਂ ਜਾ ਰਹੀਆਂ ਹਨ। ਅਖੌਤੀ ਆਧੁਨਿਕਤਾ ਦਾ ਢੰਡੋਰਾ ਪਿੱਟਣ ਵਾਲਾ ਇਕੀਵੀਂ ਸਦੀ ਦਾ ਮਨੁੱਖ ਕੁਦਰਤ ਨੂੰ ਤਬਾਹ ਕਰਨ 'ਤੇ ਤੁਲਿਆ ਹੋਇਆ ਹੈ। ਕੁਦਰਤੀ ਸੋਮਿਆਂ 'ਤੇ ਜਬਰੀ ਕਾਬਜ਼ ਹੋ ਕੇ ਮੂਲਨਿਵਾਸੀ ਲੋਕਾਂ ਨੂੰ ਉਹਨਾਂ ਦੇ ਸਰੋਤਾਂ ਤੋਂ ਵਾਂਝੇ ਕੀਤਾ ਜਾ ਰਿਹਾ ਹੈ। ਵਾਤਾਵਰਨ ਨੂੰ ਬਰਬਾਦ ਕਰ ਰਹੀਆਂ ਗੈਸਾਂ, ਪ੍ਰਮਾਣੂ ਹਥਿਆਰਾਂ, ਰਸਾਇਣਕ ਪਦਾਰਥਾਂ ਅਤੇ ਐਟਮੀ ਪ੍ਰੀਖਣਾਂ ਨਾਲ ਦੁਨੀਆਂ ਮੌਤ ਦੇ ਮੂੰਹ 'ਤੇ ਲਿਆ ਖੜੀ ਕਰ ਦਿੱਤੀ ਗਈ ਹੈ। ਆਮ ਮਨੁੱਖ ਲਈ ਅਜਿਹੀਆਂ ਭਿਆਨਕ ਹਾਲਤਾਂ ਵਿਚ ਜਿਊਣਾ ਦੁੱਭਰ ਹੋ ਗਿਆ ਹੈ। ਸਾਮਾਜਿਕ, ਰਾਜਨੀਤਕ, ਸਭਿਆਚਾਰਕ, ਧਾਰਮਿਕ, ਆਰਥਿਕ, ਸਦਾਚਾਰ ਅਤੇ ਰੂਹਾਨੀ ਪੱਧਰ 'ਤੇ ਅੱਜ ਦੇ ਸੰਸਾਰ ਨੂੰ ਸੇਧ ਦੇਣ ਅਤੇ ਤਬਾਹ ਹੋਣ ਤੋਂ ਬਚਾਉਣ ਲਈ ਗੁਰੂ ਨਾਨਕ ਸਿਧਾਂਤ ਚਾਨਣ ਮੁਨਾਰਾ ਹੈ।

ਗੁਰੂ ਨਾਨਕ ਸਾਹਿਬ ਦਾ ਰਾਜ ਸੰਬੰਧੀ ਫਲਸਫਾ ਮਨੁੱਖੀ ਜੀਵਨ ਦੇ ਹਰ ਪਹਿਲੂ ਦੀ ਅਗਵਾਈ ਕਰਦਾ ਹੈ। 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ' ਅਜਿਹੀ ਵਿਸ਼ਵ ਵਿਆਪੀ ਦ੍ਰਿਸ਼ਟੀ ਹੈ, ਜਿਸ ਵਿਚ ਕਿਸੇ ਨਸਲ, ਰੰਗ, ਜਾਤ, ਫਿਰਕੇ, ਕੌਮ ਅਤੇ ਦੇਸ਼ ਦਾ ਅੰਤਰ ਨਹੀਂ। ਗੁਰੂ ਨਾਨਕ ਸਾਹਿਬ ਦੀਆਂ ਸੰਸਾਰ ਪੱਧਰੀ ਚਾਰ ਯਾਤਰਾਵਾਂ ਅਤੇ ਵੱਖ-ਵੱਖ ਦੇਸਾਂ ਵਿਚ ਵਸਦੇ ਵੱਖੋ-ਵੱਖਰੇ ਨਸਲਾਂ, ਫਿਰਕਿਆਂ ਦੇ ਲੋਕਾਂ ਨੂੰ ਦਿੱਤਾ ਉਪਦੇਸ਼ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ। ਉਹ ਵੀ ਅੱਜ ਤੋਂ ਸਾਢੇ ਪੰਜ ਸੌ ਸਾਲ ਪਹਿਲਾਂ ਦਾ ਸਮਾਂ, ਜਦੋਂ ਵਰਤਮਾਨ ਵਾਂਗ ਨਾ ਤਾਂ ਸਾਧਨਾਂ ਦੀ ਬਹੁਤਾਤ ਸੀ ਅਤੇ ਨਾ ਹੀ ਵਿਦਿਅਕ ਪਸਾਰ। ਅਜਿਹੇ ਮੌਕੇ ਹਜ਼ਾਰਾਂ ਮੀਲ ਪੈਂਡਾ ਤੈਅ ਕਰਕੇ ਗੁਰੂ ਨਾਨਕ ਸਾਹਿਬ ਨੇ ਦੇਸਾਂ-ਮੁਲਕਾਂ ਦੀਆਂ ਹੱਦਾਂ-ਸਰਹੱਦਾਂ ਦੀਆਂ ਵਲਗਣਾਂ ਨੂੰ ਤੋੜਦਿਆਂ ਨਸਲਵਾਦੀ ਕੋਹੜ ਨੂੰ ਖਤਮ ਕੀਤਾ ਅਤੇ ਸਰਬੱਤ ਦੇ ਭਲੇ ਦੀ ਮੁਹਿੰਮ ਚਲਾਈ। ਗੁਰੂ ਨਾਨਕ ਵਿਚਾਰਧਾਰਾ 'ਤੇ ਉਸਰਿਆ ਹਲੇਮੀ ਰਾਜ ਸੰਕਲਪ ਅਖੌਤੀ ਰਾਸ਼ਟਰਵਾਦ ਦੇ ਫਾਸ਼ੀਵਾਦ ਨੂੰ ਰੱਦ ਕਰਦਾ ਹੈ, ਜਿਥੇ ਇਕ ਨਸਲ ਦੇ ਸ਼ਾਸ਼ਕ ਤੇ ਲੋਕ ਦੂਜਿਆਂ ਨੂੰ ਨੀਵਾਂ ਤੇ ਗੁਲਾਮ ਕਰਾਰ ਦੇ ਕੇ ਮਾਰ ਮੁਕਾਉਣ। ਇਹ ਕਿਹੋ ਜਿਹੀ ਵਿਡੰਬਨਾ ਹੈ ਕਿ ਨਸਲਵਾਦ ਤੇ ਰਾਸ਼ਟਰਵਾਦ ਦਾ ਪੱਤਾ ਖੇਡ ਕੇ ਸੱਤਾ ਵਿਚ ਆਏ ਭਗਵੇਂਵਾਦੀ ਸਿਆਸਤਦਾਨ ਵੀ ਖੁਦ ਨੂੰ ਗੁਰੂ ਨਾਨਕ ਸਾਹਿਬ ਦੇ ਪੈਰੋਕਾਰ ਦੱਸਦੇ ਭਾਰਤੀ ਸਮਾਜ ਨੂੰ ਗੁੰਮਰਾਹ ਕਰ ਰਹੇ ਹਨ। ਇਹ ਸੱਤਾਧਾਰੀ ਦੇਸ਼-ਵਿਦੇਸ਼ ਅੰਦਰ ਗੁਰੂ ਨਾਨਕ ਸ਼ਤਾਬਦੀ ਮਨਾ ਕੇ ਆਪਣੇ ਅਜਿਹੇ ਨਸਲਵਾਦੀ ਅਤੇ ਫਿਰਕੂ ਏਜੰਡੇ ਲਾਗੂ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੇ ਹਨ, ਜਿਨ੍ਹਾਂ ਖਿਲਾਫ਼ ਗੁਰੂ ਸਾਹਿਬ ਦਾ ਸਮੁੱਚਾ ਸੰਦੇਸ਼ ਨਜ਼ਰ ਆਉਂਦਾ ਹੈ।

ਸਿਆਸੀ ਤਾਕਤ ਅਤੇ ਹਮਲਿਆਂ ਨਾਲ ਭਾਰਤ ਨੂੰ ਲੁੱਟਣ ਅਤੇ ਕੁੱਟਣ ਆਏ ਜ਼ਹੀਰ-ਉੱਦੀਨ ਮੁਹੰਮਦ ਬਾਬਰ ਨੂੰ ਗੁਰੂ ਨਾਨਕ ਬਾਣੀ ਵਿਚ ਜਾਬਰ, 'ਪਾਪ ਦੀ ਜੰਞ ਦਾ ਜਮ, ਰੱਤ ਪੀਣਾ, ਮਨੁੱਖਤਾ ਦਾ ਕਾਤਲ ਅਤੇ ਜ਼ਾਲਮ ਰਾਜਾ ਕਰਾਰ ਦਿੱਤਾ ਗਿਆ। ਮੁਗਲ ਤੇ ਪਠਾਣਾਂ ਦੀ ਇਸ ਲੜਾਈ ਬੇਗੁਨਾਹਾਂ ਦਾ ਲਹੂ ਡੁੱਲਿਆ ਤਾਂ ਸੱਚ ਦੀ ਬਾਣੀ ਵਿਚ ਖ਼ੂਨ ਕੇ ਸੋਹਿਲੇ ਗਾਉਣ ਵਾਲਿਆਂ ਦੀ ਤਲਖ ਹਕੀਕਤ ਬਿਆਨ ਕੀਤੀ ਗਈ ਹੈ। ਬਾਬਰ ਨੂੰ ਬੁੱਚੜ ਕਹਿ ਕੇ ਉਸ ਦੇ ਖਿਲਾਫ਼ ਆਵਾਜ਼ ਉਠਾਉਣ ਅਤੇ ਨੰਗੇ ਧੜ ਡਟਣ 'ਤੇ ਗੁਰੂ ਸਾਹਿਬ ਨੂੰ ਜੇਲ੍ਹ ਜਾਣਾ ਪਿਆ ਤੇ ਚੱਕੀਆਂ ਪੀਹਣੀਆਂ ਪਈਆਂ। ਨਤੀਜਾ ਇਹ ਹੋਇਆ ਕਿ ਗੁਰੂ ਨਾਨਕ ਨਾਮ ਲੇਵਾ ਸਿੱਖ ਕੌਮ ਪਿਛਲੇ ਸਾਢੇ ਪੰਜ ਸੌ ਸਾਲਾ ਤੋਂ ਸਮੇਂ-ਸਮੇਂ ਦੇ ਜਾਬਰ ਰਾਜਿਆਂ ਤੇ ਬੁੱਚੜਾਂ ਖਿਲਾਫ਼ ਨੰਗੇ ਧੜ ਲੜਦੀ ਆ ਰਹੀ ਹੈ। ਜੇਲ੍ਹਾਂ ਵਿਚ, ਕਿਤੇ ਚਰਖੜੀਆਂ 'ਤੇ, ਕਿਤੇ ਆਰਿਆਂ 'ਤੇ, ਕਿਤੇ ਨੇਜ਼ਿਆਂ, ਤਲਵਾਰਾਂ, ਬੰਦੂਕਾਂ, ਤੋਪਾਂ ਅਤੇ ਫਾਂਸੀਆਂ 'ਤੇ ਹੱਸ-ਹੱਸ ਕੇ ਸ਼ਹੀਦੀਆਂ ਪਾ ਰਹੀ ਹੈ। ਗੁਰੂ ਨਾਨਕ ਸਾਹਿਬ ਦਾ ਸਿਧਾਂਤ ਜ਼ਾਲਮਾਨਾ ਰਾਜ ਪ੍ਰਬੰਧ ਵਿਰੁੱਧ ਪੰਜ ਸੌ ਸਾਲ ਪਹਿਲਾਂ ਵਾਂਗ ਕਾਇਮ ਹੈ ਅਤੇ ਸਦਾ ਰਹੇਗਾ। ਇਹ ਸਿਧਾਂਤ ਅੱਜ ਦੇ ਉਹਨਾਂ ਸਾਰੇ ਮਨੁੱਖਤਾ ਵਿਰੋਧੀ ਭ੍ਰਿਸ਼ਟ ਸ਼ਾਸਕਾਂ ਖਿਲਾਫ਼ ਕਾਇਮ ਹੈ, ਜਿਹੜੇ ਰਾਸ਼ਟਰਵਾਦ ਦੇ ਨਾਂ ਹੇਠ ਹੋਰਨਾਂ ਕੌਮਾਂ ਨੂੰ ਦਬਾਅ ਰਹੇ ਤੇ ਗੁਲਾਮ ਬਣਾ ਰਹੇ ਹਨ।

ਗੁਰੂ ਨਾਨਕ ਸਾਹਿਬ ਵਲੋਂ ਕਾਇਮ ਕੀਤੀ ਅਕਾਲ ਪੁਰਖ ਦੀ ਸੱਚੀ ਪਾਤਸ਼ਾਹੀ ਤੇ ਹਲੇਮੀ ਰਾਜ ਵਿਚ ਕਿਸੇ ਫਿਰਕੇ ਦਾ ਵਿਰੋਧ ਨਾ ਹੋ ਕੇ ਜ਼ੁਲਮ ਅਤੇ ਅਤਿਆਚਾਰ ਦਾ ਵਿਰੋਧ ਹੈ। ਇਹ ਧਾਰਨਾ ਵੀ ਮੂਲੋਂ ਗਲਤ ਹੈ ਕਿ ਸਿੱਖੀ ਦਾ ਵਿਰੋਧ ਮੁਸਲਮਾਨਾਂ ਨਾਲ ਰਿਹਾ, ਜਦ ਕਿ ਹਕੀਕਤ ਇਹ ਹੈ ਕਿ ਗੁਰੂ ਨਾਨਕ ਸਾਹਿਬ ਦੇ ਰਬਾਬੀ ਤੇ ਸੰਗੀ-ਸਾਥੀ ਭਾਈ ਮਰਦਾਨਾ ਜੀ ਮੁਸਲਿਮ ਅਤੇ ਅਖੌਤੀ ਡੂਮ ਜਾਤੀ ਵਿਚੋਂ ਸਨ। ਰਾਏ ਬੁਲਾਰ ਤੋਂ ਲੈ ਕੇ ਰਾਏ ਕੱਲਾ ਤੱਕ ਦੇ ਪਿਆਰ ਤੇ ਸਾਂਝ ਦਾ ਸਫਰ ਇਸ ਗੱਲ ਦਾ ਗਵਾਹੀ ਭਰਦਾ ਹੈ ਕਿ ਗੁਰੂ ਸਾਹਿਬਾਨਾਂ ਦੀ ਖਿਦਮਤ ਵਿਚ ਮੁਸਲਿਮ ਲੋਕਾਂ ਦੀ ਸੇਵਾ-ਭਾਵਨਾ ਸਦਾ ਬਣੀ ਰਹੀ। ਅੱਜ ਵੀ 550 ਵੇਂ ਪ੍ਰਕਾਸ਼ ਵਰ੍ਹੇ ਮੌਕੇ ਕਰਤਾਰਪੁਰ ਸਾਹਿਬ ਦਾ ਲਾਂਘਾ ਇਸ ਦੀ ਅਹਿਮ ਮਿਸਾਲ ਹੈ, ਜਦੋਂ ਪਾਕਿਸਤਾਨ ਦੇ ਵਜ਼ੀਰ-ਏ-ਆਜ਼ਮ ਇਮਰਾਨ ਖਾਨ ਨੇ ਇਤਿਹਾਸਕ ਗੁਰੂ-ਅਸਥਾਨ ਦੇ ਦਰਸ਼ਨ ਦੀਦਾਰਿਆਂ ਨੂੰ ਲੈ ਕੇ ਸਿੱਖ ਕੌਮ ਦਾ ਦਿਲ ਜਿੱਤਿਆ ਹੈ। ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਗੁਰੂ ਨਾਨਕ ਸਾਹਿਬ ਦੇ ਨਾਂ ਯੂਨੀਵਰਸਿਟੀ ਸਥਾਪਿਤ ਕਰਨ ਦਾ ਫੈਸਲਾ ਲੈ ਕੇ ਫਰਾਖ਼ਦਿਲੀ ਦਾ ਸਬੂਤ ਦਿੱਤਾ ਹੈ। ਦਰਅਸਲ ਗੁਰੂ ਗੋਬਿੰਦ ਸਿੰਘ ਜੀ ਜਿਸ ਹੱਦ ਤੱਕ ਮੁਗਲਾਂ ਦੇ ਜ਼ੁਲਮ ਖਿਲਾਫ਼ ਸੀ, ਉਹਨੇ ਹੀ ਉਸ ਸਮੇਂ ਦੇ ਸਨਾਤਨੀ ਪਹਾੜੀ ਰਾਜਿਆਂ ਦੇ ਵਿਰੋਧੀ ਸਨ। ਇਹ ਵੀ ਸੱਚ ਹੈ ਕਿ ਜਦੋਂ ਸੱਤਾ ਮੁਗਲਾਂ ਕੋਲ ਸੀ, ਉਦੋਂ ਕੱਟੜਵਾਦੀ ਮਨੂਵਾਦੀ ਗੁਰੂ ਸਾਹਿਬਾਨਾਂ ਖਿਲਾਫ਼ ਸਮੇਂ ਦੇ ਮੁਗਲ ਹਾਕਮਾਂ ਕੋਲ ਜਾ ਕੇ ਸ਼ਿਕਾਇਤਾਂ ਕਰਦੇ ਰਹੇ। ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੇ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨਾਲ ਜੰਗਾਂ-ਯੁੱਧਾਂ ਵਿਚ ਮੁਗਲਾਂ ਨਾਲ ਮਿਲ ਕੇ ਹਿੰਦੂ ਰਾਜਿਆਂ ਦੀ ਗੁਰੂ ਘਰ ਵਿਰੋਧੀ ਸ਼ਾਮ, ਦਾਮ, ਦੰਡ ਤੇ ਭੇਦ ਨੀਤੀ ਕਿਸੇ ਤੋਂ ਲੁਕੀ ਨਹੀਂ। ਇਉਂ ਗੁਰੂ ਨਾਨਕ ਸਾਹਿਬ ਦੀ ਖੰਡਨ ਨੀਤੀ ਜਿੱਥੇ ਮੁਗਲ ਜਗੀਰੂ ਢਾਂਚੇ ਤੇ ਸਟੇਟ ਨਾਲ ਸੀ, ਉਥੇ ਕੱਟੜ ਸਨਾਤਨੀ ਤੇ ਮਨੂਵਾਦੀ ਸਿਸਟਮ ਨਾਲ ਵੀ ਸੀ। ਦੋਹਾਂ ਤੋਂ ਵੱਖਰੇ ਤੇ ਨਿਆਰੇ ਨਿਰਮਲ ਪੰਥ ਦੀ ਨੀਂਹ ਰੱਖ ਕੇ ਗੁਰੂ ਨਾਨਕ ਸਾਹਿਬ ਨੇ ਸਿੱਖ ਧਰਮ ਦੀ ਸਥਾਪਨਾ ਕੀਤੀ।

ਇਕੀਵੀਂ ਸਦੀ ਦੀਆਂ ਫਾਸ਼ੀਵਾਦੀ ਤਾਕਤਾਂ ਖਿਲਾਫ਼ ਡਟਣ ਲਈ ਗੁਰੂ ਨਾਨਕ ਸਾਹਿਬ ਦੇ ਚਿੰਤਨ ਤੋਂ ਸੇਧ ਲੈਣ ਦੀ ਲੋੜ ਹੈ। ਦੱਬੇ ਕੁਚਲੇ ਨਿਤਾਣੇ, ਨਿਤਾਣੇ, ਨਿਓਟੇ ਤੇ ਨਿਆਸਰੇ ਲੋਕਾਂ ਦੀ ਬਾਂਹ ਫੜਦਿਆਂ ਗੁਰੂ ਨਾਨਕ ਸਾਹਿਬ ਨੇ ਉਹਨਾਂ ਦੇ 'ਸੰਗ-ਸਾਥ' ਦਾ ਹੋਕਾ ਦਿੱਤਾ ਅਤੇ ਅਖੌਤੀ ਉੱਚ-ਜਾਤੀਆਂ ਤੇ ਜਗੀਰੂ ਤਾਕਤਾਂ ਨੂੰ ਰੱਦ ਕੀਤਾ। ਅੱਜ ਦੀ ਫਾਸ਼ੀਵਾਦੀ ਸਟੇਟ ਵਲੋਂ ਮੂਲ ਨਿਵਾਸੀਆਂ ਤੇ ਆਦਿਵਾਸੀਆਂ ਨੂੰ ਕੁਚਲਿਆ ਜਾ ਰਿਹਾ ਹੈ, ਉਹਨਾਂ ਦੀ ਭਾਸ਼ਾ, ਪਹਿਰਾਵੇ, ਇਲਾਕੇ, ਰੰਗ, ਕੌਮ ਅਤੇ ਸਭਿਆਚਾਰ ਦੇ ਨਾਂ 'ਤੇ। ਸਟੇਟ ਦੀ ਅਗਵਾਈ ਵਿਚ ਫਾਸ਼ੀਵਾਦ ਦਾ ਵਿਰੋਧ ਕਰਨ ਵਾਲਿਆਂ ਦੇ ਝੂਠੇ ਮੁਕਾਬਲੇ ਬਣਾ ਕੇ ਜਾਂ ਨਸਲਕੁਸ਼ੀਆਂ ਰਾਹੀਂ ਤਬਾਹੀ ਮਚਾਈ ਜਾ ਰਹੀ ਹੈ। ਅਜਿਹੇ ਸਮੇਂ ਗੁਰੂ ਨਾਨਕ ਚਿੰਤਨ ਦੀ ਰੌਸ਼ਨੀ ਵਿਚ ਇਕਮੁੱਠ ਹੋ ਕੇ ਫਾਸ਼ੀਵਾਦੀ ਤਾਕਤਾਂ ਦਾ ਵਿਰੋਧ ਕਰਨਾ ਚਾਹੀਦਾ ਹੈ। ਦੁਖਦਾਈ ਪੱਖ ਇਹ ਵੀ ਹੈ ਕਿ ਫਾਸ਼ੀਵਾਦੀ ਸਰਕਾਰਾਂ ਵਿਚ ਭਾਈਵਾਲੀ ਉਹਨਾਂ ਲੋਕਾਂ ਦੀ ਵੀ ਹੈ, ਜਿਹੜੇ ਖਾਲਸਾ ਪੰਥ ਦੀ ਨੁਮਾਇੰਦਾ ਜਮਾਤ ਹੋਣ ਦਾ ਭਰਮ ਪਾਲੀ ਬੈਠੇ ਹਨ ਤੇ ਗੁਰੂ ਨਾਨਕ ਸਾਹਿਬ ਦੇ ਮਾਰਗ ਵਿਚ ਰੁਕਾਵਟ ਬਣੇ ਹੋਏ ਹਨ। ਅਜਿਹੇ ਹਾਲਾਤ ਵਿਚ ਸਿੱਖ ਜਗਤ ਨੂੰ ਜਾਗਰੂਕ ਹੋ ਕੇ ਪਹਿਰਾ ਦੇਣ ਦੀ ਲੋੜ ਹੈ, ਨਹੀਂ ਤਾਂ ਫਾਸ਼ੀਵਾਦੀ ਸਿਸਟਮ ਵਿਚ ਮਨੁੱਖੀ ਕਤਲੇਆਮ ਲਈ ਕੁਹਾੜਿਆਂ ਦਾ ਦਸਤਾ ਬਣ ਰਹੇ ਮੌਕਾਪ੍ਰਸਤਾਂ ਵਲੋਂ ਸਿੱਖ ਸੰਸਥਾਵਾਂ ਦੀ ਹੋਂਦ ਹੀ ਬਰਬਾਦ ਕਰ ਦਿੱਤੀ ਜਾਵੇਗੀ।

'ਨਾਨਕਿ ਰਾਜੁ ਚਲਾਇਆ', ਬੇਗਮਪੁਰੇ ਦਾ ਸੱਚਾ-ਸੁੱਚਾ ਸਮਾਜੀ ਸਿਧਾਂਤ ਅਤੇ ਹਲੇਮੀ ਰਾਜ ਵਰਗਾ ਅਨੰਦਮਈ ਰਾਜ ਅਜੋਕੀ ਸਦੀ ਵਿਚ ਸਭ ਤੋਂ ਵਧ ਮਹੱਤਵਪੂਰਨ ਸੰਕਲਪ ਹੈ। ਤ੍ਰਾਸਦੀ ਇਹ ਹੈ ਕਿ ਮੂਲ ਨਿਵਾਸੀ ਲੋਕਾਂ ਨੂੰ ਦੈਂਤ, ਅਸੁਰ, ਸ਼ੂਦਰ ਤੇ ਅਛੂਤ ਕਹਿ ਕੇ ਛੁਟਿਆਇਆ ਜਾਂਦਾ ਹੈ, ਦਰਅਸਲ ਉਹਨਾਂ ਲੋਕਾਂ ਦੀ ਬਾਂਹ ਫੜਕੇ ਹੀ ਗੁਰੂ ਨਾਨਕ ਸਾਹਿਬ ਨੇ ਸਿੱਖੀ ਦੀ ਨੀਂਹ ਰੱਖੀ ਸੀ। ਮਨੂੰਵਾਦੀ ਪ੍ਰਨਾਲੀ ਨੂੰ ਰੱਦ ਕਰਕੇ ਗੁਰੂ ਸਾਹਿਬ ਨੇ ਸਭਨਾਂ ਨੂੰ ਇਕ ਪੰਗਤ ਵਿਚ ਲੰਗਰ ਛਕਾਇਆ, ਜਿਸ ਕਾਰਨ ਬਿਪਰਵਾਦੀ ਤਾਕਤਾਂ ਦੀ ਸਿੱਖ ਪੰਥ ਨਾਲ ਟੱਕਰ ਹੋਈ। ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਜਾਤ ਨਾਸ਼, ਕੁਲ ਨਾਸ਼, ਫਿਰਕਾ ਤੇ ਰੰਗ-ਨਸਲ ਦਾ ਭਿੰਨ ਭੇਦ ਨਾਸ਼ ਕਰਾਰ ਦਿੰਦਿਆਂ ਸਭ ਨੂੰ ਇਕੋ ਭਾਂਡੇ ਵਿਚ ਛੱਕਣ ਦਾ ਰਾਹ ਦਿਖਾਇਆ, ਜਿਸ ਕਾਰਨ ਬਿਪਰ ਦੀ ਸੋਚ ਦਾ ਹਮੇਸ਼ਾ ਲਈ ਅੰਤ ਹੋ ਗਿਆ। ਇਹੀ ਕਾਰਨ ਸੀ ਕਿ ਬ੍ਰਾਹਮਣੀ ਸੋਚ ਤੇ ਮਨੂਵਾਦੀ ਢਾਂਚਾ ਪਿਛਲੀਆਂ ਪੰਜ ਸਦੀਆਂ ਤੋਂ ਗੁਰੂ ਨਾਨਕ ਦੇ ਘਰ ਦਾ ਵੈਰੀ ਬਣਿਆ ਹੈ। ਇਕ ਅਜਿਹਾ ਸਮਾਂ ਵੀ ਆਇਆ, ਜਦੋਂ ਦਲਿਤ ਵਰਗ ਵੱਡੇ ਪੱਧਰ 'ਤੇ ਸਿੱਖ ਸਮਾਜ ਵਿਚ ਸ਼ਾਮਲ ਹੋਣ ਲਈ ਤਤਪਰ ਹੋਇਆ ਤਾਂ ਇਸ ਨੂੰ ਰੋਕਣ ਲਈ ਇਕ ਪਾਸੇ ਅਖੌਤੀ ਰਾਸ਼ਟਰਵਾਦੀ ਪਿਤਾ ਮੋਹਨ ਦਾਸ ਕਰਮਚੰਦ ਗਾਂਧੀ ਤੇ ਬਾਕੀ ਬ੍ਰਾਹਮਣੀ ਤਾਕਤਾਂ ਨੇ ਆਪਣੀ ਵਾਹ ਲਾ ਦਿੱਤੀ, ਦੂਜੇ ਪਾਸੇ ਗੁਰਦੁਆਰਿਆਂ 'ਤੇ ਕਾਬਜ਼ ਅੰਗਰੇਜ਼ ਸਰਕਾਰ ਦੇ ਸਰਬਰਾਹਾਂ, ਮਹੰਤਾਂ, ਪੁਜਾਰੀਆਂ ਅਤੇ ਅਖੌਤੀ ਉੱਚ ਜਾਤੀ ਵਾਲੇ ਸਰਦਾਰ-ਬਹਾਦਰਾਂ ਨੇ ਕੋਈ ਪੇਸ਼ ਨਾ ਜਾਣ ਦਿੱਤੀ। ਅੱਜ ਜਦੋਂ ਸਿੱਖ ਪੰਥ 550ਵਾਂ ਪ੍ਰਕਾਸ਼ ਪੁਰਬ ਮਨਾ ਰਿਹਾ ਹੈ, ਅਜਿਹੇ ਸਮੇਂ ਸਰਬੱਤ ਦੇ ਭਲੇ ਅਤੇ ਮੁਕਤੀ ਦੇ ਮਾਰਗ ਅਨੁਸਾਰ ਪੱਛੜੇ, ਦੱਬੇ-ਕੁਚਲੇ ਤੇ ਬਿਪਰਵਾਦ ਵਲੋਂ ਨਕਾਰੇ ਲੋਕਾਂ ਨੂੰ ਗਲਕਵੜੀ ਵਿਚ ਲੈਣ ਲਈ ਪਹਿਲਕਦਮੀ ਸਮੇਂ ਦੀ ਮੰਗ ਹੈ।

ਗੁਰੂ ਨਾਨਕ ਸਾਹਿਬ ਦਾ ਬ੍ਰਹਿਮੰਡੀ ਉਪਦੇਸ਼ ਗਗਨ ਰੂਪੀ ਥਾਲ ਵਿਚ, ਸੂਰਜ ਚੰਦ ਰੂਪੀ ਦੀਵਿਆਂ ਰਾਹੀਂ ਕੁਦਰਤ ਦੇ ਗੁਣ ਗਾਉਣ ਅਤੇ ਇਲਾਹੀ ਜੋਤ ਜਗਾਉਣ ਦੇ ਰੂਪ ਵਿਚ ਉਜਾਗਰ ਹੈ। ਆਪ ਕੁਦਰਤੀ ਦਾਤਾਂ ਦੇ ਰੂਪ ਵਿਚ ਧਰਤੀ ਨੂੰ ਮਾਂ, ਪਾਣੀ ਨੂੰ ਪਿਤਾ ਤੇ ਪਉਣ ਨੂੰ ਗੁਰੂ ਦਰਸਾ ਕੇ ਮਨੁੱਖਤਾ ਨੂੰ ਇਸ ਦੀ ਮਹਾਨਤਾ ਤੋਂ ਜਾਣੂ ਕਰਵਾਉਂਦੇ ਹਨ। ਇਸ ਦੀ ਪ੍ਰਸੰਗਿਕਤਾ ਅੱਜ ਕੌਮਾਂਤਰੀ ਪੱਧਰ 'ਤੇ ਹੋਰ ਵੀ ਵਧ ਜਾਂਦੀ ਹੈ, ਜਦੋਂ ਵਾਯੂਮੰਡਲ ਵਿਚ ਹਵਾਵਾਂ ਦੂਸ਼ਿਤ ਹੋ ਰਹੀਆਂ ਹਨ, ਧਰਤੀ ਹੇਠੋਂ ਪਾਣੀ ਮੁਕਦਾ ਜਾ ਰਿਹਾ ਹੈ, ਦਰਿਆਵਾਂ-ਨਦੀਆਂ ਵਿਚ ਕੈਮੀਕਲ ਮਿਲ ਰਹੇ ਹਨ, ਅਨੇਕਾਂ ਜੀਵ-ਜੰਤੂਆਂ ਦਾ ਜੀਵਨ ਖਤਮ ਹੋ ਰਿਹਾ ਹੈ। ਦੁਨੀਆਂ ਦੇ ਤਾਕਤਵਰ ਦੇਸਾਂ ਵਲੋਂ ਪੁਲਾੜਾਂ ਵਿਚ ਵੀ ਤਬਾਹੀ ਮਚਾਈ ਜਾ ਰਹੀ ਹੈ ਅਤੇ ਪ੍ਰਮਾਣੂ ਹਥਿਆਰਾਂ ਦੀ ਅੰਨੀ ਦੌੜ ਮਨੁੱਖਤਾ ਨੂੰ ਬਾਰੂਦ ਦੇ ਢੇਰ 'ਤੇ ਬਿਠਾ ਚੁੱਕੀ ਹੈ। ਅਜਿਹੇ ਭਿਆਨਕ ਦੌਰ ਵਿਚ ਗੁਰੂ ਨਾਨਕ ਚਿੰਤਨ ਹੀ ਸੰਸਾਰ ਦੀ ਅਗਵਾਈ ਦਾ ਲਿਖਾਇਕ ਹੈ। ਇਸ ਲਈ ਮੁਢਲੇ ਰੂਪ ਵਿਚ ਕਦਮ ਚੁਕਦਿਆਂ ਪਵਿੱਤਰ ਵੇਈਂ ਦੇ ਪਾਣੀ ਦੀ ਸ਼ੁੱਧਤਾ ਤੋਂ ਲੈ ਕੇ ਪੰਜਾਬ ਦੇ ਨਾਲਿਆਂ ਤੇ ਨਦੀਆਂ ਨੂੰ ਬਚਾਉਣ ਲਈ ਅੱਗੇ ਆਉਣਾ ਹੋਵੇਗਾ। ਹਰ ਰੋਜ਼ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਪੜ੍ਹ ਲੈਣ ਮਗਰੋਂ ਉਸ 'ਤੇ ਅਮਲ ਕਰਨਾ ਵੀ ਲਾਜ਼ਮੀ ਹੈ, ਜਿਸ ਨੂੰ ਦੇਸ਼ ਦੀਆਂ ਹੱਦਾਂ ਤੋਂ ਅੱਗੇ ਕੌਮਾਂਤਰੀ ਪੱਧਰ 'ਤੇ ਲਿਜਾਣ ਦੀ ਲੋੜ ਹੈ। ਰਹੀ ਗੱਲ ਬੰਬਾਂ, ਮਿਜ਼ਾਈਲਾਂ ਤੇ ਪ੍ਰਮਾਣੂ ਹਥਿਆਰਾਂ ਦੇ ਜ਼ਖੀਰੇ ਤਿਆਰ ਕਰ ਰਹੇ ਦੇਸਾਂ ਦੀ, ਅੱਜ ਐਟਮਾਂ ਦੇ ਘਾੜਿਆਂ ਤੇ ਬਾਰੂਦ ਦੇ ਵਣਜਾਰਿਆਂ ਨੂੰ ਵਾਸਤੇ ਪਾ ਕੇ ਦੁਨੀਆਂ ਨੂੰ ਤਬਾਹ ਹੋਣ ਤੋਂ ਬਚਾਉਣਾ ਹੋਵੇਗਾ। ਕੁਦਰਤੀ ਰੁੱਤਾਂ, ਮੌਸਮਾਂ ਤੇ ਸਰੋਤਾਂ ਨੂੰ ਤਬਾਹ ਕਰਕੇ ਕਾਇਮ ਕੀਤੀ ਸੱਤਾ ਸ਼ਮਸ਼ਾਨਭੂਮੀ ਦੀ ਬਾਦਸ਼ਾਹਤ ਤੋਂ ਵਧ ਕੁਝ ਨਹੀਂ।

ਅਜੋਕੇ ਯੁੱਗ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਦੇ ਸਮੁੱਚੇ ਮੁੱਦਿਆਂ ਨੂੰ ਵੀ ਵਿਚਾਰਨ ਦੀ ਲੋੜ ਹੈ, ਉਹ ਚਾਹੇ ਸਮਾਜੀ ਢਾਂਚੇ ਨਾਲ ਸੰਬੰਧਿਤ ਹੋਣ ਜਾਂ ਸਭਿਆਚਾਰਕ ਵਰਤਾਰੇ ਨਾਲ। ਗੁਰੂ ਨਾਨਕ ਸਾਹਿਬ ਵਲੋਂ ਇਸਤਰੀ ਜਾਤੀ ਨੂੰ ਇਖ਼ਲਾਕੀ ਪੱਧਰ 'ਤੇ ਉੱਚਾ ਰੁਤਬਾ ਦਿੱਤਾ ਗਿਆ ਅਤੇ ਸਤੀ ਪ੍ਰਥਾ ਤੇ ਬਾਲ ਵਿਆਹ ਆਦਿ ਦਾ ਖੰਡਨ ਕੀਤਾ ਗਿਆ। ਸਮੂਹਿਕ ਪੱਧਰ 'ਤੇ ਵਿਚਾਰਨਾ ਹੋਵੇਗਾ ਕਿ ਇਹਨਾਂ ਸਿੱਖਿਆਵਾਂ ਦੀ ਅੱਜ ਦੇ ਸਮੇਂ ਸਾਢੇ ਪੰਜ ਸੌ ਸਾਲ ਪਹਿਲਾਂ ਨਾਲੋਂ ਵਧ ਲੋੜ ਹੈ। ਕਾਰਨ ਇਹ ਹੈ ਕਿ ਕਿਧਰੇ ਜਬਰ, ਜਿਨਾਹ, ਤਸ਼ੱਦਦ ਅਤੇ ਵਿਤਕਰੇ ਰਾਹੀਂ ਔਰਤ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਤੇ ਕਿਧਰੇ ਦਾਜ-ਦਹੇਜ, ਲਾਲਚ ਅਤੇ ਲੁੱਟ-ਖਸੁੱਟ ਰਾਹੀਂ ਤਬਾਹ ਕੀਤਾ ਜਾ ਰਿਹਾ ਹੈ। ਨਿੱਤ ਦਿਨ ਅਜਿਹੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਹਨ, ਜਿਹਨਾਂ ਨੂੰ ਸੁਣਦਿਆਂ ਤੇ ਤਕਦਿਆਂ ਕਾਲਜਾ ਮੂੰਹ ਨੂੰ ਆਉਂਦਾ ਹੈ। ਇਥੋਂ ਤੱਕ ਕਿ ਸਿੱਖ ਸਮਾਜ ਵੀ ਇਹਨਾਂ ਤੋਂ ਨਹੀਂ ਬਚਿਆ ਹੋਇਆ। ਸਿੱਖ ਸੰਸਥਾਵਾਂ ਦੇ ਆਗੂਆਂ ਉੱਪਰ ਵੀ ਦਾਜ ਦਹੇਜ ਦੇ ਦੋਸ਼, ਭਰੂਣ ਹੱਤਿਆ ਦੇ ਜ਼ੁਰਮ ਸਿੱਧ ਹੋਣੇ ਸ਼ਰਮਨਾਕ ਵਰਤਾਰਾ ਹਨ। ਗੁਰੂ ਨਾਨਕ ਸਿਧਾਂਤ ਤਾਂ ਕੁੜੀਮਾਰ ਤੇ ਨੜੀਮਾਰ ਨਾਲ ਸਾਮਾਜਿਕ ਸਾਂਝ ਦੀ ਆਗਿਆ ਵੀ ਨਹੀਂ ਦਿੰਦਾ, ਤਦ ਅਜਿਹੇ ਲੋਕਾਂ ਦੀ ਸਿੱਖ ਜਗਤ ਵਿਚ ਸੱਤਾ 'ਤੇ ਕਾਬਜ਼ ਹੋਣ ਦੀ ਸੌੜੀ ਸਿਆਸਤ ਗੰਭੀਰ ਚਿੰਤਾ ਦਾ ਵਿਸ਼ਾ ਹੈ।

ਗੁਰੂ ਨਾਨਕ ਸਾਹਿਬ ਦੇ ਜੀਵਨ ਦਰਸ਼ਨ ਤੋਂ ਰੂਹਾਨੀ ਸੇਧ ਲੈ ਕੇ ਇਕੋ-ਇਕ ਰੱਬੀ ਸਿਧਾਂਤ ਨਾਲ ਜੁੜਿਆ ਜਾ ਸਕਦਾ ਹੈ। ਗੁਰੂ ਨਾਨਕ ਵਿਚਾਰਧਾਰਾ ਅੱਜ ਦੀਆਂ ਗੰਭੀਰ ਸਮੱਸਿਆਵਾਂ ਦਾ ਸਹੀ ਹੱਲ ਹੈ। ਅਧਿਆਤਮਕ ਚਿੰਤਨ ਅਤੇ ਧਾਰਮਿਕ ਵਿਚਾਰਧਾਰਾ ਪੱਖੋਂ ਵੀ ਅਜੋਕਾ ਸਮੇਂ ਠੋਸ ਫੈਸਲੇ ਲੈਣ ਦੀ ਲੋੜ ਹੈ। ਮਨੁੱਖੀ ਅਧਿਕਾਰਾਂ ਦੀ ਅਜ਼ਾਦੀ ਦੀ ਪ੍ਰਾਪਤੀ ਲਈ ਦ੍ਰਿੜ ਇਰਾਦੇ ਅਤੇ ਮਜ਼ਬੂਤ ਕਦਮ ਚੁੱਕਣੇ ਹੋਣਗੇ। ਗੁਰੂ ਨਾਨਕ ਸਿਧਾਂਤ ਇਸ 'ਤੇ ਕੇਂਦਰਿਤ ਹੈ ਕਿ ਅਜਿਹੇ ਮਨੁੱਖ ਦਾ ਖਾਧਾ ਪੀਤਾ ਸਭ ਹਰਾਮ ਹੈ, ਜਿਸ ਦੀ ਪੱਤ ਲੱਥੀ ਹੋਵੇ ਤੇ ਬੇ-ਗੈਰਤ ਹੋ ਕੇ ਜਿਉ ਰਿਹਾ ਹੋਵੇ ਤੇ ਉਸ ਨੂੰ ਹੱਕਾਂ ਨੂੰ ਵਾਂਝਿਆਂ ਰੱਖਿਆ ਗਿਆ ਹੋਵੇ। ਇਥੇ ਸਿੱਖ ਸਿਧਾਂਤ ਦਾ ਅਹਿਮ ਪਹਿਲੂ

ਬਾਕੀ ਸਫ਼ਾ 34 'ਤੇ

# ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਤੇ ਪੰਥਕ ਜ਼ਿੰਮੇਵਾਰੀਆਂ

**ਸਤਨਾਮ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਦੇਸ਼-ਵਿਦੇਸ਼ ਵਿਚ ਸਿੱਖ ਭਾਈਚਾਰੇ ਅਤੇ ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੇ ਆਪੋ-ਆਪਣੀ ਪੱਧਰ 'ਤੇ ਵੱਖ-ਵੱਖ ਤਰ੍ਹਾਂ ਦੇ ਸਮਾਗਮਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸੈਮੀਨਾਰ ਹੋ ਰਹੇ ਹਨ। ਕੀਰਤਨ ਦਰਬਾਰ ਹੋ ਰਹੇ ਹਨ। ਨਗਰ ਕੀਰਤਨ ਕੱਢੇ ਜਾ ਰਹੇ ਹਨ। ਉਨ੍ਹਾਂ ਦੀ ਵਿਚਾਰਧਾਰਾ ਦੇ ਪ੍ਰਚਾਰ-ਪ੍ਰਸਾਰ ਲਈ ਯੂਨੀਵਰਸਿਟੀਆਂ ਅਤੇ ਹੋਰ ਵਿਦਿਅਕ ਅਦਾਰਿਆਂ ਵਿਚ ਸੰਸਥਾਵਾਂ ਕਾਇਮ ਕੀਤੀਆ ਜਾ ਰਹੀਆਂ ਹਨ। ਬਿਨਾਂ ਸ਼ੱਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਇਕ ਵੱਡਾ ਅਵਸਰ ਹੈ। ਇਸ ਨੂੰ ਸਾਨੂੰ ਪੂਰੇ ਉਤਸ਼ਾਹ ਅਤੇ ਪ੍ਰਤੀਬੱਧਤਾ ਨਾਲ ਅਜਿਹੇ ਢੰਗ ਨਾਲ ਮਨਾਉਣਾ ਚਾਹੀਦਾ ਹੈ ਕਿ ਇਹ ਇਕ ਮੇਲਾ ਹੀ ਬਣ ਕੇ ਨਾ ਰਹਿ ਜਾਏ, ਸਗੋਂ ਇਸ ਤੋਂ ਕੁਝ ਵੱਡੀਆਂ ਪ੍ਰਾਪਤੀਆਂ ਵੀ ਹੋ ਸਕਣ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਦੇ ਹਰ ਪਹਿਲੂ ਨੂੰ ਚੰਗੀ ਤਰ੍ਹਾਂ ਵਿਚਾਰਿਆ ਅਤੇ ਸਮਝਿਆ ਜਾਏ ਅਤੇ ਉਨ੍ਹਾਂ ਦੇ ਸਿਧਾਂਤਾਂ ਨੂੰ ਆਪਣੀ ਜ਼ਿੰਦਗੀ ਵਿਚ ਵੱਧ ਤੋਂ ਵੱਧ ਢਾਲਿਆ ਜਾਏ। ਦੂਜੀ ਗੱਲ ਇਹ ਹੈ ਕਿ ਅਜਿਹੇ ਅਕਾਦਮਿਕ ਅਦਾਰੇ ਕਾਇਮ ਕੀਤੇ ਜਾਣ ਜਿਹੜੇ ਗੁਰੂ ਨਾਨਕ ਸਾਹਿਬ ਦੀਆਂ ਸਿੱਖਿਆਵਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾ ਸਕਣ। ਗੁਰੂ ਨਾਨਕ ਦੇਵ ਜੀ ਨੇ ਆਪਣੇ ਮਿਸਾਲੀ ਜੀਵਨ ਨਾਲ ਅਤੇ ਆਪਣੀ ਬਾਣੀ ਰਾਹੀਂ ਇਕ ਸੰਤੁਲਿਤ ਤੇ ਆਦਰਸ਼ ਸਮਾਜ ਦੀ ਸਿਰਜਣਾ ਲਈ ਇਕ ਸਮਾਜਿਕ ਕ੍ਰਾਂਤੀ ਦੀ ਬੁਨਿਆਦ ਰੱਖੀ ਸੀ। ਇਸ ਕ੍ਰਾਂਤੀਕਾਰੀ ਵਿਚਾਰਧਾਰਾ ਨੂੰ ਅਗਲੇ ਨੌਂ ਗੁਰੂਆਂ ਨੇ ਬੜੀ ਲਗਨ, ਮਿਹਨਤ ਅਤੇ ਦੂਰਅੰਦੇਸ਼ੀ ਨਾਲ ਇਕ ਲਹਿਰ ਦਾ ਰੂਪ ਦਿੱਤਾ ਅਤੇ ਇਸ ਨੂੰ ਸਿਖ਼ਰ ਤੱਕ ਪਹੁੰਚਾਇਆ। ਤਕਰੀਬਨ ਢਾਈ ਸੌ ਸਾਲ ਤੱਕ ਚਲਦੀ ਰਹੀ ਇਸ ਗੁਰਮਤਿ ਲਹਿਰ ਦਾ ਹੀ ਸਿੱਟਾ ਸੀ ਕਿ ਕੇਂਦਰੀ ਏਸ਼ੀਆ ਤੋਂ ਆਉਣ ਵਾਲੇ ਹਮਲਾਵਰਾਂ ਦੇ ਘੋੜਿਆਂ ਦੀਆਂ ਟਾਪਾਂ ਹੇਠ ਲਗਾਤਾਰ ਦਰੜੇ ਜਾਂਦੇ ਰਹੇ ਇਸ ਦੇਸ਼ ਵਿਚ ਖ਼ਾਲਸੇ ਦੇ ਰੂਪ ਵਿਚ ਇਕ ਅਜਿਹੀ ਸ਼ਕਤੀ ਦਾ ਉਭਾਰ ਹੋਇਆ ਜੋ ਨਾ ਜ਼ੁਲਮ ਕਰਨ ਦੇ ਹੱਕ ਵਿਚ ਸੀ ਅਤੇ ਨਾ ਹੀ ਜ਼ੁਲਮ ਸਹਿਣ ਲਈ ਤਿਆਰ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਖ਼ਾਲਸੇ ਨੇ ਦੱਰਾ ਖ਼ੈਬਰ ਰਾਹੀਂ ਆਉਣ ਵਾਲੇ ਹਮਲਾਵਰਾਂ ਦਾ ਅਜਿਹਾ ਮੂੰਹ ਭੰਨਿਆ ਕਿ ਉਹ ਮੁੜ ਕੇ ਇਧਰ ਨੂੰ ਆਉਣ ਦਾ ਹੀਆ ਨਾ ਕਰ ਸਕੇ। ਇਸੇ ਗੁਰਮਤਿ ਲਹਿਰ ਦੇ ਸਿੱਟੇ ਵਜੋਂ ਭਾਰਤੀ ਸਮਾਜ ਦੇ ਦੱਬੇ-ਕੁਚਲੇ ਤੇ ਕਮਜ਼ੋਰ ਵਰਗਾਂ ਨੂੰ ਜ਼ਿੰਦਗੀ ਵਿਚ ਇਕ ਨਵਾਂ ਦ੍ਰਿਸ਼ਟੀਕੋਣ ਮਿਲਿਆ। ਉਹ ਸਮਾਜ ਵਿਚ ਨਾ ਕੇਵਲ ਸਵੈ-ਵਿਸ਼ਵਾਸ ਨਾਲ ਵਿਚਰਨ ਦੇ ਸਮਰੱਥ ਹੋਏ ਸਗੋਂ ਜ਼ਿੰਦਗੀ ਦੇ ਹਰ ਖੇਤਰ ਵਿਚ ਉਨ੍ਹਾਂ ਨੇ ਵੱਡੀਆਂ ਪ੍ਰਾਪਤੀਆਂ ਵੀ ਕੀਤੀਆਂ। ਬਿਨਾਂ ਸ਼ੱਕ ਇਹ ਚਿੜੀਆਂ ਤੋਂ ਬਾਜ਼ ਤੁੜਵਾਉਣ ਵਾਲੀ ਕ੍ਰਾਂਤੀ ਸੀ। ਮੁਗ਼ਲ ਕਾਲ ਵਿਚ ਇਸ ਕ੍ਰਾਂਤੀ ਨੇ ਆਪਣਾ ਪ੍ਰਭਾਵ ਦਰਜ ਕਰਵਾਇਆ। ਅੰਗਰੇਜ਼ ਸਾਮਰਾਜ ਦੇ ਖਿਲਾਫ਼ ਲੰਮੇ ਸੰਘਰਸ਼ ਵਿਚ ਇਸ ਕ੍ਰਾਂਤੀ ਤੋਂ ਪ੍ਰਭਾਵਿਤ ਦੇਸ਼ ਭਗਤਾਂ ਨੇ ਵੱਡੀਆਂ ਕੁਰਬਾਨੀਆਂ ਕੀਤੀਆਂ ਅਤੇ ਆਜ਼ਾਦੀ ਤੋਂ ਬਾਅਦ ਵੀ ਦੇਸ਼ ਵਿਚ ਏਕਾਧਿਕਾਰਵਾਦੀ ਨਿਜ਼ਾਮਾਂ ਦੇ ਖ਼ਿਲਾਫ਼ ਇਸ ਲਹਿਰ ਤੋਂ ਪ੍ਰਭਾਵਿਤ ਲੋਕਾਂ ਨੇ ਵੱਡੇ ਸੰਘਰਸ਼ ਕਰਕੇ ਆਜ਼ਾਦੀ ਤੇ ਜਮਹੂਰੀਅਤ ਦੀ ਰਾਖੀ ਕੀਤੀ। ਅੱਜ ਵੀ ਭਾਵੇਂ ਸਿੱਖ ਪੰਥ, ਪੰਜਾਬ ਅਤੇ ਗੁਰੂ ਸਾਹਿਬਾਨ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਅਜੋਕੇ ਸਮੇਂ ਦੀ ਨਾਕਾਬਲ ਲੀਡਰਸ਼ਿਪ ਕਾਰਨ ਅਨੇਕਾਂ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ ਪਰ ਜੇ ਕੁਝ ਚੰਗਾ ਕਰਨ, ਚੰਗਾ ਬਣਨ ਦੀ ਲੋਕਾਂ ਨੂੰ ਕੋਈ ਪ੍ਰੇਰਨਾ ਮਿਲ ਰਹੀ ਹੈ ਤਾਂ ਉਹ ਗੁਰੂ ਸਾਹਿਬਾਨ ਦੇ ਪਾਏ ਪੂਰਨਿਆਂ ਅਤੇ ਉਨ੍ਹਾਂ ਦੀ ਰਚੀ ਬਾਣੀ ਤੋਂ ਹੀ ਮਿਲ ਰਹੀ ਹੈ। ਵੱਡੀ ਗਿਣਤੀ ਵਿਚ ਲੋਕਾਂ ਨੂੰ ਅੱਜ ਵੀ ਇਹ ਵਿਸ਼ਵਾਸ ਹੈ ਕਿ ਇਸ ਦੇਸ਼ ਅਤੇ ਇਸ ਖਿੱਤੇ ਵਿਚ ਜਦੋਂ ਵੀ ਕੋਈ ਲੋਕ-ਪੱਖੀ ਅਤੇ ਕੁਦਰਤ-ਪੱਖੀ ਤਬਦੀਲੀ ਲਿਆਉਣ ਲਈ ਕੋਈ ਵੱਡੀ ਪਹਿਲਕਦਮੀ ਹੋਏਗੀ ਤਾਂ ਉਸ ਦੀ ਪ੍ਰੇਰਨਾ ਗੁਰਮਤਿ ਲਹਿਰ ਹੀ ਬਣੇਗੀ।

ਪਰ ਇਹ ਸਭ ਕੁਝ ਵਿਚਾਰਦਿਆਂ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਗੁਰੂ ਸਾਹਿਬਾਨ ਨੇ ਆਪਣੀ ਸਾਰੀ ਬਾਣੀ ਇਸ ਖਿੱਤੇ ਦੇ ਲੋਕਾਂ ਦੀ ਜ਼ਬਾਨ ਪੰਜਾਬੀ ਵਿਚ ਰਚੀ ਅਤੇ ਦੇਸ਼ ਦੇ ਹੋਰ ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਵੀ ਪੰਜਾਬੀ ਵਿਚ ਲਿਪੀਅੰਤਰ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ। ਇਸੇ ਕਾਰਨ ਵੱਡੀ ਪੱਧਰ 'ਤੇ ਲੋਕ ਗੁਰੂ ਸਾਹਿਬਾਨ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨੂੰ ਪੜ੍ਹਨ ਅਤੇ ਵਿਚਾਰਨ ਵਿਚ ਸਫ਼ਲ ਹੋ ਸਕੇ। ਗੁਰੂ ਸਾਹਿਬਾਨ ਦੇ ਵੇਲੇ ਦੇਸ਼ ਵਿਚ ਫ਼ਾਰਸੀ ਦਾ ਬੋਲਬਾਲਾ ਸੀ। ਇਸ ਦੇ ਬਾਵਜੂਦ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਪੰਜਾਬੀ ਵਿਚ ਰਚੀ ਅਤੇ ਪੰਜਾਬੀ ਗੁਰਮੁਖੀ ਲਿਪੀ ਵਿਚ ਹੀ ਉਸ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਗਿਆ।

ਸ੍ਰੀ ਗੁਰੂ ਨਾਨਕ ਦੇਵ ਜੀ ਲੋਕਾਂ ਦੀਆਂ ਜ਼ੁਬਾਨਾਂ ਨੂੰ, ਲੋਕਾਂ ਦੇ ਸਥਾਨਕ ਸੱਭਿਆਚਾਰਾਂ ਨੂੰ ਅਤੇ ਲੋਕਾਂ ਦੇ ਸਥਾਨਕ ਪਹਿਰਾਵੇ ਨੂੰ ਉਸ ਜਬਰ, ਜ਼ੁਲਮ ਅਤੇ ਬੁਰਛਾਗਰਦੀ ਦੇ ਦੌਰ ਵਿਚ ਕਿੰਨਾ ਮਹੱਤਵ ਦਿੰਦੇ ਸਨ, ਇਸ ਦਾ ਅੰਦਾਜ਼ਾ ਉਨ੍ਹਾਂ ਦੀ ਬਾਣੀ ਤੋਂ ਭਲੀ-ਭਾਂਤ ਲੱਗ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਦੇ ਵੇਲੇ ਦੇਸ਼ ਵਿਚ ਲੋਧੀ ਵੰਸ਼ ਦਾ ਰਾਜ ਸੀ। ਇਸ ਵੰਸ਼ ਦਾ ਪਿਛੋਕੜ ਅਫ਼ਗਾਨਿਸਤਾਨ ਨਾਲ ਸਬੰਧਤ ਸੀ ਅਤੇ ਇਸ ਵੰਸ਼ ਦੇ ਰਾਜੇ ਪਸ਼ਤੂਨ ਕੌਮੀਅਤ ਨਾਲ ਸਬੰਧਤ ਪਠਾਨ ਸਨ। ਉਨ੍ਹਾਂ ਦੀ ਹਕੂਮਤ ਦੇ ਪ੍ਰਭਾਵ ਅਧੀਨ ਹਿੰਦੂ ਭਾਈਚਾਰੇ ਦਾ ਕੁਲੀਨ ਵਰਗ ਵੀ ਆਪਣੀਆਂ ਕਾਰੋਬਾਰੀ ਲੋੜਾਂ ਅਤੇ ਹੋਰ ਲਾਭਾਂ ਵਾਸਤੇ ਹਾਕਮਾਂ ਦੀ ਖ਼ੁਸ਼ਨੁਬੀ ਹਾਸਲ ਕਰਨ ਲਈ ਉਨ੍ਹਾਂ ਵਰਗਾ ਪਹਿਰਾਵਾ ਪਾਉਣ ਅਤੇ ਉਨ੍ਹਾਂ ਦੀ ਜ਼ਬਾਨ ਸਿੱਖਣ ਤੇ ਬੋਲਣ ਵਾਲੇ ਪਾਸੇ ਲੱਗਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਇਸ ਨੂੰ ਗੁਲਾਮੀ ਵਾਲੀ ਮਾਨਸਿਕਤਾ ਦਾ ਪ੍ਰਗਟਾਵਾ ਮੰਨਦੇ ਸਨ। ਇਸ ਸੰਬੰਧੀ ਉਨ੍ਹਾਂ ਦੀ ਬਾਣੀ ਵਿਚੋਂ ਕੁਝ ਪੰਕਤੀਆਂ ਹਾਜ਼ਰ ਹਨ :

-ਆਦਿ ਪੁਰਖ ਕਉ ਅਲਹੁ ਕਹੀਐ,
ਸੇਖਾਂ ਆਈ ਵਾਰੀ॥
ਘਰਿ ਘਰਿ ਮੀਆ ਸਭਨਾਂ ਜੀਆਂ,
ਬੋਲੀ ਅਵਰ ਤੁਮਾਰੀ॥ (ਅੰਗ 1191)

-ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ (ਅੰਗ 663)

-ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ॥
ਮਲੇਛ ਧਾਨੁ ਲੇ ਪੂਜਹਿ ਪੁਰਾਣੁ॥ (ਅੰਗ 472)

- ਨੀਲ ਬਸਤ੍ਰ ਲੇ ਕਪੜੇ ਪਹਿਰੇ,
ਤੁਰਕ ਪਠਾਣੀ ਅਮਲੁ ਕੀਆ॥ (ਅੰਗ 470)

ਸੋ, ਜੇਕਰ ਅੱਜ ਦੇ ਸਮੇਂ ਵਿਚ ਅਸੀਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਅਤੇ ਸਮੁੱਚੇ ਤੌਰ 'ਤੇ ਉਨ੍ਹਾਂ ਦੇ ਸਿਧਾਂਤਾਂ ਨੂੰ ਆਪਣੇ ਜੀਵਨ ਵਿਚ ਢਾਲਣਾ ਚਾਹੁੰਦੇ ਹਾਂ ਅਤੇ ਇਹ ਵਡਮੁੱਲਾ ਸਰਮਾਇਆ ਆਪਣੀਆਂ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਚਾਹੁੰਦੇ ਹਾਂ ਤਾਂ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਗੁਰੂ ਸਾਹਿਬਾਨ ਦੀ ਵਰੋਸਾਈ ਪੰਜਾਬੀ ਜ਼ਬਾਨ, ਜੋ ਸਮੂਹ ਪੰਜਾਬੀਆਂ ਦੀ ਮਾਂ-ਬੋਲੀ ਹੈ, ਨੂੰ ਸਰਕਾਰੀ ਅਤੇ ਗੈਰ-ਸਰਕਾਰੀ ਵਿਦਿਅਕ ਅਦਾਰਿਆਂ ਰਾਹੀਂ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਈਏ ਅਤੇ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਸਾਰੇ ਖੇਤਰਾਂ ਵਿਚ ਇਸ ਨੂੰ ਚੰਗੀ ਤਰ੍ਹਾਂ ਲਾਗੂ ਕਰਾਈਏ। ਭਾਵੇਂ ਗੁਰੂ ਸਾਹਿਬਾਨ ਕੋਈ ਵੀ ਜ਼ਬਾਨ ਸਿੱਖਣ ਦੇ ਖ਼ਿਲਾਫ਼ ਨਹੀਂ ਸਨ ਅਤੇ ਨਾ ਹੀ ਅੱਜ ਦੇ ਯੁੱਗ ਵਿਚ ਅਸੀਂ ਕੋਈ ਜ਼ਬਾਨ ਸਿੱਖਣ ਦੇ ਖ਼ਿਲਾਫ਼ ਹੋ ਸਕਦੇ ਹਾਂ ਪਰ ਇਸ ਗੱਲ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਪੰਜਾਬੀ ਕੌਮੀਅਤ ਦਾ ਇਤਿਹਾਸ, ਵਿਰਸਾ, ਸੱਭਿਆਚਾਰ, ਸਾਹਿਤ, ਗੀਤ-ਸੰਗੀਤ ਤੇ ਪੱਤਰਕਾਰੀ ਭਾਵ ਸਾਡਾ ਸਭ ਕੁਝ ਸਾਡੀ ਕੌਮੀ ਜ਼ੁਬਾਨ ਪੰਜਾਬੀ ਦੇ ਰੱਥ 'ਤੇ ਸਵਾਰ ਹੈ। ਜੇਕਰ ਇਸ ਰੱਥ ਨੂੰ ਅੱਗੇ ਵਧਾ ਕੇ ਅਸੀਂ ਅਗਲੀਆਂ ਪੀੜ੍ਹੀਆਂ ਤੱਕ ਨਹੀਂ ਪਹੁੰਚਾਉਂਦੇ ਤਾਂ ਇਹ ਸਰਮਾਇਆ ਸਿਰਫ਼ ਇਤਿਹਾਸ ਦੇ ਪੰਨਿਆਂ ਤੱਕ ਸਿਮਟ ਕੇ ਰਹਿ ਜਾਏਗਾ। ਸਾਡੀਆਂ ਅਗਲੀਆਂ ਪੀੜ੍ਹੀਆਂ ਇਸ ਗੌਰਵਸ਼ਾਲੀ ਇਤਿਹਾਸ ਅਤੇ ਇਨ੍ਹਾਂ ਭਰਪੂਰ ਗਿਆਨ ਦੇ ਸਰੋਤਾਂ ਤੋਂ ਕੋਈ ਵੀ ਫਾਇਦਾ ਨਹੀਂ ਉਠਾ ਸਕਣਗੀਆਂ। ਸਾਨੂੰ ਇਹ ਗੱਲ ਵੀ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਪੰਜਾਬੀ ਕੌਮੀਅਤ ਦੀ ਪਛਾਣ ਵੀ ਉਸ ਦੀ ਜ਼ਬਾਨ ਅਤੇ ਉਸ ਦੇ ਸੱਭਿਆਚਾਰ ਨਾਲ ਜੁੜੀ ਹੋਈ ਹੈ। ਕੋਈ ਵੀ ਵਿਅਕਤੀ ਜੇਕਰ ਉਸ ਨੂੰ ਪੰਜਾਬੀ ਜ਼ਬਾਨ ਲਿਖਣੀ, ਪੜ੍ਹਨੀ ਅਤੇ ਬੋਲਣੀ ਨਹੀਂ ਆਉਂਦੀ ਅਤੇ ਉਸ ਨੂੰ ਆਪਣੇ ਇਤਿਹਾਸ ਅਤੇ ਵਿਰਸੇ ਬਾਰੇ ਕੋਈ ਜਾਣਕਾਰੀ ਨਹੀਂ ਹੈ ਤਾਂ ਉਹ ਪੰਜਾਬੀ ਨਹੀਂ ਹੋ ਸਕਦਾ।

ਇਸ ਸੰਦਰਭ ਵਿਚ ਅਸੀਂ ਸਮਝਦੇ ਹਾਂ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨਾਲ ਸਬੰਧਤ ਦੇਸ਼ ਵਿਦੇਸ਼ ਵਿਚ ਜਿਹੜੇ ਵੀ ਸਮਾਰੋਹ ਹੋ ਰਹੇ ਹਨ ਅਤੇ ਆਉਣ ਵਾਲੇ ਦਿਨਾਂ ਵਿਚ ਜਿਹੜੇ ਵੀ ਸਮਾਰੋਹ ਹੋਣੇ ਹਨ, ਉਨ੍ਹਾਂ ਨੂੰ ਜਥੇਬੰਦ ਕਰਨ ਵਾਲੇ ਅਤੇ ਉਨ੍ਹਾਂ ਵਿਚ ਸ਼ਿਰਕਤ ਕਰਨ ਵਾਲੇ ਸਾਰੇ ਲੋਕ ਇਹ ਯਕੀਨੀ ਬਣਾਉਣ ਕਿ ਉਹ ਨਵੀਂ ਪੀੜ੍ਹੀ ਨੂੰ ਪੰਜਾਬੀ ਪੜ੍ਹਨ, ਲਿਖਣ ਅਤੇ ਬੋਲਣ ਲਈ ਪ੍ਰਭਾਵਸ਼ਾਲੀ ਢੰਗ ਨਾਲ ਅਪੀਲਾਂ ਕਰਨਗੇ। ਗੁਰਦੁਆਰਾ ਕਮੇਟੀਆਂ, ਵਿਦਿਅਕ ਸੰਸਥਾਵਾਂ ਦੇ ਸੰਚਾਲਕਾਂ, ਬੁੱਧੀਜੀਵੀਆਂ, ਪ੍ਰਚਾਰਕਾਂ, ਪੱਤਰਕਾਰਾਂ, ਕੀਰਤਨੀ ਜਥਿਆਂ, ਰਾਗੀਆਂ ਅਤੇ ਢਾਡੀਆਂ ਆਦਿ ਸਾਰਿਆਂ ਦੀ ਇਹ ਵਿਸ਼ੇਸ਼ ਜ਼ਿੰਮੇਵਾਰੀ ਬਣਦੀ ਹੈ ਕਿ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਸਾਰੇ ਸਮਾਰੋਹਾਂ ਵਿਚ ਨਾ ਕੇਵਲ ਨਵੀਂ ਪੀੜ੍ਹੀ ਨੂੰ ਆਪਣੀ ਜ਼ੁਬਾਨ ਸਿੱਖਣ ਲਈ ਪ੍ਰੇਰਨਾ ਦਿੱਤੀ ਜਾਵੇ ਸਗੋਂ ਦੇਸ਼-ਵਿਦੇਸ਼ ਵਿਚ ਜਿਥੇ ਵੀ ਸੰਭਵ ਹੋਵੇ ਸਰਕਾਰੀ ਅਤੇ ਗ਼ੈਰ-ਸਰਕਾਰੀ ਤੌਰ 'ਤੇ ਅਜਿਹੇ ਵਿਦਿਅਕ ਅਦਾਰੇ ਵੀ ਕਾਇਮ ਕੀਤੇ ਜਾਣ, ਜਿਨ੍ਹਾਂ ਵਿਚ ਪੰਜਾਬੀ ਪੜ੍ਹਨ-ਪੜ੍ਹਾਉਣ ਦੀ ਵਿਵਸਥਾ ਹੋਵੇ। ਅਸੀਂ ਸਮਝਦੇ ਹਾਂ ਕਿ ਇਸ ਦੌਰ ਵਿਚ ਪੰਜਾਬੀ ਜ਼ਬਾਨ ਦਾ ਪ੍ਰਚਾਰ-ਪ੍ਰਸਾਰ ਕਰਨਾ ਅਤੇ ਉਸ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣਾ ਆਪਣੇ ਗੌਰਵਸ਼ਾਲੀ ਇਤਿਹਾਸ, ਵਿਰਸੇ, ਸੱਭਿਆਚਾਰ ਅਤੇ ਗੁਰੂ ਸਾਹਿਬਾਨ ਦੀ ਬਾਣੀ ਦੇ ਪ੍ਰਚਾਰ-ਪ੍ਰਸਾਰ ਲਈ ਇਕ ਵੱਡਾ ਅਹਿਮ ਸਰੋਕਾਰ ਹੈ।

ਇਸ ਦੇ ਨਾਲ ਹੀ ਅਸੀਂ ਪੰਜਾਬ ਸਰਕਾਰ ਨੂੰ ਵੀ ਇਹ ਅਪੀਲ ਕਰਨਾ ਚਾਹੁੰਦੇ ਹਾਂ ਕਿ ਜੇਕਰ ਉਹ ਗੁਰੂ ਨਾਨਕ ਦੇਵ ਜੀ ਨੂੰ ਸੱਚੀ ਸ਼ਰਧਾਂਜਲੀ ਭੇਟ ਕਰਨਾ ਚਾਹੁੰਦੀ ਹੈ ਤਾਂ ਰਾਜ ਵਿਚ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿਚ ਪੰਜਾਬੀ ਨੂੰ ਯੋਗ ਸਥਾਨ ਦਿਵਾਉਣ ਲਈ ਨਿੱਗਰ ਕਦਮ ਚੁੱਕੇ। ਸਾਡੇ ਸੁਝਾਅ ਮੁਤਾਬਕ ਕੁਝ ਕਦਮ ਇਸ ਪ੍ਰਕਾਰ ਹੋ ਸਕਦੇ ਹਨ :

1. ਰਾਜ ਵਿਚ ਸਾਰੇ ਸਰਕਾਰੀ ਅਤੇ ਗ਼ੈਰ-ਸਰਕਾਰੀ ਬੋਰਡਾਂ ਦੇ ਸਭ ਤੋਂ ਉੱਪਰ ਪੰਜਾਬੀ ਵਿਚ ਜਾਣਕਾਰੀ ਲਿਖਣ ਨੂੰ ਲਾਜ਼ਮੀ ਬਣਾਉਣ ਲਈ ਇਕ ਆਰਡੀਨੈਂਸ ਜਾਰੀ ਕੀਤਾ ਜਾਵੇ ਅਤੇ ਇਸ ਨੂੰ ਬਾਅਦ ਵਿਚ ਬਿੱਲ ਦੇ ਰੂਪ ਵਿਚ ਵਿਧਾਨ ਸਭਾ ਤੋਂ ਪਾਸ ਕਰਵਾਇਆ ਜਾ ਸਕਦਾ ਹੈ। ਰਾਜ ਸਰਕਾਰ ਦੇ ਇਸ ਇਕ ਕਦਮ ਨਾਲ ਰਾਜ ਦੀ ਤਸਵੀਰ ਬਦਲ ਜਾਏਗੀ। ਪੰਜਾਬੀ ਆਪਣੀ ਜ਼ਬਾਨ 'ਤੇ ਮਾਣ ਕਰਨ ਲੱਗਣਗੇ।

2. ਰਾਜ ਭਾਸ਼ਾ ਐਕਟ-2008 ਅਤੇ ਪੰਜਾਬੀ ਅਤੇ ਹੋਰ ਭਾਸ਼ਾਵਾਂ ਦੀ ਪੜ੍ਹਾਈ ਸੰਬੰਧੀ ਐਕਟ-2008 ਨੂੰ ਪੂਰੀ ਪ੍ਰਤੀਬੱਧਤਾ ਨਾਲ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਹਰ ਖੇਤਰ ਵਿਚ ਲਾਗੂ ਕਰਵਾਇਆ ਜਾਵੇ, ਖ਼ਾਸ ਕਰਕੇ ਉਨ੍ਹਾਂ ਗ਼ੈਰ-ਸਰਕਾਰੀ ਸਕੂਲਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਜਿਹੜੇ ਪਹਿਲੀ ਤੋਂ ਦਸਵੀਂ ਤੱਕ ਅਜੇ ਵੀ ਪੰਜਾਬੀ ਇਕ ਲਾਜ਼ਮੀ ਵਿਸ਼ੇ ਵਜੋਂ ਨਹੀਂ ਪੜ੍ਹਾ ਰਹੇ ਜਾਂ ਜਿਨ੍ਹਾਂ ਸਕੂਲਾਂ ਨੇ ਆਪਣੇ ਕੰਪਲੈਕਸਾਂ ਵਿਚ ਵਿਦਿਆਰਥੀਆਂ 'ਤੇ ਪੰਜਾਬੀ ਬੋਲਣ 'ਤੇ ਅਜੇ ਵੀ ਪਾਬੰਦੀਆਂ ਲਾ ਰੱਖੀਆਂ ਹਨ। ਅਜਿਹੇ ਸਕੂਲਾਂ ਦੀਆਂ ਐਨ.ਓ.ਸੀਜ਼ (ਕੋਈ ਇਤਰਾਜ਼ ਨਹੀਂ ਦੇ ਸਰਟੀਫਿਕੇਟ) ਤੁਰੰਤ ਰੱਦ ਕੀਤੀਆਂ ਜਾਣ।

3. ਰਾਜ ਵਿਚ ਨਸ਼ਿਆਂ, ਹਥਿਆਰਾਂ ਅਤੇ ਔਰਤਾਂ ਸੰਬੰਧੀ ਅਸ਼ਲੀਲਤਾ ਭੜਕਾਉਣ ਵਾਲੇ ਗੀਤ-ਸੰਗੀਤ ਅਤੇ ਵੀਡੀਓਜ਼ ਦਾ ਪ੍ਰਚਲਨ ਰੋਕਣ ਲਈ ਇਕ ਸੱਭਿਆਚਾਰਕ ਨੀਤੀ ਤਿਆਰ ਕਰ ਕੇ ਉਸ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਏ। ਇਸ ਸੰਬੰਧੀ ਪੰਜਾਬ ਸਰਕਾਰ ਨੇ ਜੋ ਸੱਭਿਆਚਾਰਕ ਨੀਤੀ ਕੁਝ ਸਮਾਂ ਪਹਿਲਾਂ ਬਣਾਈ ਸੀ, ਉਸ ਨੂੰ ਵਿਚਾਰ ਕੇ ਅਤੇ ਉਸ ਵਿਚ ਕੁਝ ਲੋੜੀਂਦੀਆਂ ਤਬਦੀਲੀਆਂ ਕਰਕੇ ਉਸ ਨੂੰ ਲਾਗੂ ਕਰਵਾਉਣ ਲਈ ਸੱਭਿਆਚਾਰਕ ਵਿਭਾਗ ਦੇ ਹਵਾਲੇ ਕੀਤਾ ਜਾਏ।

4. ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਹਾਸਲ ਕਰਨ ਲਈ ਮੁੜ ਤੋਂ ਯਤਨ ਤੇਜ਼ ਕੀਤੇ ਜਾਣ।

5. ਭਾਸ਼ਾ ਵਿਭਾਗ ਨੂੰ ਲੋੜੀਂਦੇ ਫੰਡ ਦੇ ਕੇ ਮਿਆਰੀ ਸਾਹਿਤ ਛਾਪਣ ਅਤੇ ਉਸ ਦੇ ਦੋਵੇਂ ਮਾਸਿਕ ਰਸਾਲਿਆਂ 'ਜਨ ਸਾਹਿਤ' ਅਤੇ 'ਪੰਜਾਬੀ ਦੁਨੀਆ' ਦੀ ਪ੍ਰਕਾਸ਼ਨਾ ਨਿਰੰਤਰ ਬਣਾਈ ਜਾਏ।

6. ਸਮੁੱਚੇ ਤੌਰ 'ਤੇ ਪੰਜਾਬ ਦੇ ਸਿੱਖਿਆ, ਪ੍ਰਸ਼ਾਸਨ ਅਤੇ ਨਿਆਂ ਦੇ ਖੇਤਰ ਵਿਚ ਪੰਜਾਬੀ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਵਾਉਣ ਲਈ ਇਕ ਸ਼ਕਤੀਸ਼ਾਲੀ ਰਾਜ ਭਾਸ਼ਾ ਕਮਿਸ਼ਨ ਦੀ ਸਥਾਪਨਾ ਕੀਤੀ ਜਾਵੇ ਅਤੇ ਵੱਖ-ਵੱਖ ਖੇਤਰਾਂ ਵਿਚ ਪੰਜਾਬੀ ਨੂੰ ਲਾਗੂ ਕਰਾਉਣ ਦਾ ਸਾਰਾ ਕੰਮ-ਕਾਜ ਇਸ ਦੇ ਹਵਾਲੇ ਕੀਤਾ ਜਾਏ।

# ਗੁਰਦੁਆਰਾ ਰਬਾਬਸਰ, ਭਰੋਆਣਾ

**ਡਾਕਟਰ ਆਸਾ ਸਿੰਘ ਘੁੰਮਣ**

ਰਬਾਬ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਡਾਢਾ ਗਹਿਰਾ ਸੰਬੰਧ ਹੈ। ਜਿਉਂ ਹੀ ਧੁਰ ਕੀ ਬਾਣੀ ਉਤਰਦੀ, ਗੁਰੂ ਜੀ ਮਰਦਾਨੇ ਨੂੰ ਆਖਦੇ, 'ਮਰਦਾਨਿਆ ਰਬਾਬ ਵਜਾਇ, ਬਾਣੀ ਆਈ ਆ'। ਮਰਦਾਨੇ ਦੀ ਰਬਾਬ ਤੇ ਗੁਰੂ ਜੀ ਦੇ ਸ਼ਬਦ ਇਕ ਅਲੌਕਿਕ ਸੰਗੀਤਕ ਮਾਹੌਲ ਸਿਰਜ ਦਿੰਦੇ। ਦੋਵਾਂ ਨੂੰ ਗੈਬੀ ਰੱਬੀ ਦਾਤਾਂ ਪ੍ਰਾਪਤ ਸਨ। ਐਸਾ ਠਾਟ ਬੱਝਦਾ ਜੋ ਸੁਣਦਾ, ਨਿਹਾਲ ਹੋ ਜਾਂਦਾ। ਕਲਯੁੱਗ ਦਾ ਪਹਿਰਾ ਟਲ ਜਾਂਦਾ, ਮਨਾਂ ਦੀ ਕਾਲਖ ਧੋ ਹੋ ਜਾਂਦੀ। ਸੱਜਣ ਠੱਗ ਵਰਗਿਆਂ ਦੀ ਅੰਦਰੂਨੀ ਸੱਜਣਤਾਈ ਬੁਰਾਈ ਨੂੰ ਪਿਛਾਂਹ ਧਕੇਲ ਦਿੰਦੀ। ਕੌਡੇ ਰਾਖਸ਼ ਦੀ ਚੰਡਾਲ ਬਿਰਤੀ ਵੀ ਸੋਚੀਂ ਪੈ ਜਾਂਦੀ। ਗੁਰੂ ਨਾਨਕ ਦੇਵ ਜੀ ਅਤੇ ਮਰਦਾਨਾ ਦੋਵੇਂ ਇਕੋ ਪਿੰਡ ਦੇ ਸਨ। ਮਰਦਾਨਾ ਮਿਰਾਸੀ ਜਾਤ ਨਾਲ ਸਬੰਧਤ ਸੀ। ਉਸ ਦੇ ਪਿਤਾ ਦਾ ਨਾਂਅ ਮੀਰ ਬਾਦਰਾ ਸੀ ਅਤੇ ਮਾਂ ਦਾ ਨਾਂਅ ਸੀ ਮਾਈ ਲੱਖੋ। ਇਥੇ ਜਾਣ ਲੈਣਾ ਜ਼ਰੂਰੀ ਹੈ ਕਿ ਮਿਰਾਸੀ ਭਾਵੇਂ ਛੋਟੀ ਜਾਤ ਗਿਣੀ ਜਾਂਦੀ ਹੈ ਪਰ ਮਿਰਾਸੀਆਂ ਵਿਚ ਮੀਰ ਮਿਰਾਸੀ ਆਪਣੇ ਸਮਾਜਿਕ ਭਾਈਚਾਰੇ ਵਿਚ ਉੱਚਾ ਸਥਾਨ ਰੱਖਦੇ ਹਨ। ਮੀਰ ਸਨਮਾਨ-ਸੂਚਿਤ ਸ਼ਬਦ ਹੈ। ਮੀਰ-ਮਿਰਾਸੀਆਂ ਦਾ ਮੁੱਖ ਕੰਮ ਹੁੰਦਾ ਹੈ ਆਪਣੇ ਜਜਮਾਨਾਂ ਦੀ ਸਿਫ਼ਤ ਸਲਾਹ ਵਿਚ ਗਾਉਣਾ, ਖ਼ਾਸ ਤੌਰ 'ਤੇ ਖੁਸ਼ੀ ਦੇ ਮੌਕਿਆਂ 'ਤੇ। ਉਨ੍ਹਾਂ ਦੀ ਬੰਸਾਵਲੀ ਦਾ ਹਿਸਾਬ-ਕਿਤਾਬ ਰੱਖਣਾ ਅਤੇ ਕਵਿਤਾ ਵਿਚ ਬੰਸਾਵਲੀ ਦੀਆਂ ਸਿਫ਼ਤਾਂ ਉਚਾਰਨੀਆਂ। ਮੌਕੇ-ਬ-ਮੌਕੇ ਆਪ ਦੇ ਜਜਮਾਨਾਂ ਦੀ ਟਹਿਲ ਸੇਵਾ ਕਰਨੀ।

ਮਰਦਾਨਾ ਗੁਰੂ ਜੀ ਤੋਂ ਕੋਈ 9-10 ਸਾਲ ਵੱਡਾ ਸੀ। ਸੋਹਣਾ ਗਾ ਲੈਂਦਾ ਸੀ, ਬਿਨਾਂ ਕਿਸੇ ਵਾਜੇ, ਗਾਜੇ ਤੋਂ। ਪ੍ਰਾਚੀਨ ਪੰਥ ਪ੍ਰਕਾਸ਼ ਅਨੁਸਾਰ ਮਰਦਾਨੇ ਨੂੰ ਗੁਰੂ ਜੀ ਨੇ ਕਾਨਿਆਂ ਦਾ ਇਕ ਸਾਜ਼ ਬਣਾ ਕੇ ਦਿੱਤਾ ਅਤੇ ਗਾਉਣ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਮਰਦਾਨੇ ਨੂੰ ਸਮਝਾਇਆ: ਇਨ੍ਹਾਂ ਦੁਨਿਆਵੀ ਜਜਮਾਨਾਂ ਦੀ ਕਸੀਦੇ ਗਾਉਣ ਨਾਲੋਂ ਉਸ ਸੱਚੇ ਪ੍ਰਮਾਤਮਾ ਦੇ ਗੁਣ ਗਾਇਨ ਕੀਤੇ ਜਾਣ ਜੋ ਸਭ ਦਾ ਮਾਲਕ-ਖਾਲਕ ਹੈ। ਸਿੱਧਾ ਉਸ ਦਾਤੇ ਤੋਂ ਮੰਗੀਏ, ਜਿਸ ਤੋਂ ਇਹ ਵੀ ਮੰਗਦੇ ਨੇ। ਮਰਦਾਨੇ ਦੇ ਗੱਲ ਖਾਨੇ ਪਈ ਤਾਂ ਉਸ ਨੇ ਕਬੀਰ, ਤਰਲੋਚਨ, ਰਵਿਦਾਸ, ਧੰਨੇ ਅਤੇ ਬੈਣੀ ਦੇ ਦੋਹੇ ਗਾਉਣੇ ਸ਼ੁਰੂ ਕਰ ਦਿੱਤੇ। ਗੁਰੂ ਜੀ ਦੀਆਂ ਰਚਨਾਵਾਂ ਵੀ ਉਹ ਬਹੁਤ ਹੁੱਬ ਕੇ ਗਾਉਂਦਾ।



ਗੁਰੂ ਜੀ ਦੀ ਨਜ਼ਰ ਵਿਚ ਰਬਾਬ ਬਹੁਤ ਪਿਆਰਾ ਸਾਜ਼ ਸੀ। ਅਫਗਾਨੀ ਕਿਹਾ ਜਾਂਦਾ ਇਹ ਸਾਜ਼ 12ਵੀਂ-13ਵੀਂ ਸਦੀ ਤੋਂ ਹਿੰਦੁਸਤਾਨ ਵਿਚ ਵੀ ਬਹੁਤ ਮਕਬੂਲ ਹੋ ਗਿਆ ਸੀ। ਹੌਲੀ-ਹੌਲੀ ਮਰਦਾਨਾ ਰਬਾਬ-ਨੁਮਾ ਸਾਜ਼ ਵਜਾਉਣ ਵਿਚ ਪ੍ਰਪੱਕ ਹੋਣ ਲੱਗਾ ਅਤੇ ਗੁਰੂ ਜੀ ਦੇ ਨਾਲ ਅਲਾਹੀ ਕੀਰਤਨ ਕਰਨ ਵਿਚ ਨਿਪੁੰਨ ਹੋਈ ਗਿਆ। ਮਰਦਾਨੇ ਅਤੇ ਰਬਾਬ ਦਾ ਰਿਸ਼ਤਾ ਮਾਨੋਂ ਰੂਹ-ਕਲਬੂਤ ਵਰਗਾ ਬਣਦਾ ਗਿਆ। ਗੁਰੂ ਬਾਬੇ ਨੂੰ ਇਜ ਮਹਿਸੂਸ ਹੋਣ ਲੱਗਾ, ਜਿਵੇਂ ਅਨਹਦ ਸ਼ਬਦ ਦਾ ਸੰਬੰਧ ਰਬਾਬ ਤੋਂ ਬਿਨਾਂ ਸੰਭਵ ਨਹੀਂ ਸੀ-

ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ।

ਭਾਈ ਗੁਰਦਾਸ ਜੀ ਵੀ ਮਰਦਾਨੇ ਅਤੇ ਰਬਾਬ ਦਾ ਅਟੁੱਟ ਸੰਬੰਧ ਦਰਸਾਉਂਦੇ ਹਨ-

ਭਲਾ ਰਬਾਬ ਵਜਾਇੰਦਾ ਮਜਲਿਸ ਮਰਦਾਨਾ ਮੀਰਾਸੀ।

ਮਰਦਾਨਾ ਰਬਾਬ ਵਜਾਉਣ ਵਿਚ ਕਿੰਨਾ ਪਰਵੀਨ ਸੀ, ਇਹ ਅੰਦਾਜ਼ਾ ਇਸ ਗੱਲ ਤੋਂ ਲਗਦਾ ਹੈ ਕਿ ਗੁਰੂ ਜੀ ਦੀ 19 ਰਾਗਾਂ ਵਿਚ ਗਾਈ ਹੋਈ ਬਾਣੀ ਨਾਲ ਉਹ ਸੰਗੀਤ ਦਿੰਦਾ ਰਿਹਾ।

ਗੁਰੂ ਜੀ ਕਦੋਂ ਸੁਲਤਾਨਪੁਰ ਪਹੁੰਚੇ, ਇਸ ਬਾਰੇ ਨਿਸ਼ਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ, ਪਰ ਇਹ ਯਕੀਨਨ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਦੋਂ ਉਨ੍ਹਾਂ ਉਦਾਸੀਆਂ 'ਤੇ ਚੱਲਣ ਦਾ ਫੈਸਲਾ ਲਿਆ, ਉਸ ਸਮੇਂ ਉਨ੍ਹਾਂ ਦੀ ਉਮਰ 35 ਕੁ ਸਾਲ ਸੀ ਅਤੇ ਮਰਦਾਨਾ ਉਨ੍ਹਾਂ ਦਾ ਪੱਕਾ ਸਾਥੀ ਸੀ। ਹੁਣ ਲੋਕਾਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਲਈ ਫਲਸਫੇ ਨੂੰ ਅਤਿ ਸੋਹਣੇ ਸ਼ਬਦਾਂ ਅਤੇ ਕਲਾ ਵਿਚ ਉਤਾਰ ਕੇ, ਗਾਇਨ ਕਰਕੇ ਉਨ੍ਹਾਂ ਨੂੰ ਸਰਵਣ ਕਰਾਉਣਾ ਪਹਿਲਾਂ ਤੋਂ ਵੀ ਜ਼ਰੂਰੀ ਸੀ। ਪਹਿਲਾਂ ਸ਼ਾਇਦ ਕੀਰਤੀ ਦਾ ਅਮਲ ਇਕ ਸਵੈ-ਪ੍ਰਗਟਾਵੇ ਅਤੇ ਸਵੈ-ਅਨੰਦ ਤੱਕ ਸੀਮਤ ਹੋਵੇ। ਇਸ ਲਈ ਚੱਲਣ ਤੋਂ ਪਹਿਲਾਂ ਗੁਰੂ ਜੀ ਨੇ ਮਰਦਾਨੇ ਨੂੰ ਇਕ-ਦੋ ਵਧੀਆ ਰਬਾਬਾਂ ਪ੍ਰਾਪਤ ਕਰਨ ਲਈ ਕਿਹਾ। ਉਸ ਸਮੇਂ ਸੁਲਤਾਨਪੁਰ ਇਕ ਵਿਸ਼ਾਲ ਕਸਬਾ ਸੀ ਅਤੇ ਉਥੇ 32 ਬਾਜ਼ਾਰਾਂ ਵਿਚੋਂ ਇਕ ਬਾਜ਼ਾਰ 'ਬਜ਼ਾਰ ਨਗਮਾਂ-ਸਾਜ਼ਾਂ' ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਪਰ ਇੱਥੋਂ ਲਿਆਂਦੀ ਰਬਾਬ ਗੁਰੂ ਜੀ ਨੂੰ ਪਸੰਦ ਨਾ ਆਈ। ਭਾਈ ਬਾਲੇ ਵਾਲੀ ਜਨਮ-ਸਾਖੀ ਅਨੁਸਾਰ, 'ਗੁਰੂ ਨਾਨਕ ਜੀ ਆਖਿਆ ਮਰਦਾਨਾ ਜੰਗਲ ਵਿਚ ਗਿਰਾਓ ਜਟ ਦਾ ਹੈਈ। ਦੁਹਾਂ ਨਦੀਆਂ ਦੇ ਵਿਚ। ਗਿਰਾਓ ਦਾ ਨਾਂ ਆਸਿਕਪੁਰ ਹੈ। ਉਸ ਵਿਚਿ ਏਕ ਰਬਾਬੀ ਰਹਿੰਦਾ ਹਈ। ਨਾਉ ਉਸਦਾ ਫਿਰੰਦਾ ਹਿੰਦੂ ਸੱਦਦੇ ਹੈਨਿ ਅਤੇ ਨਾਲੇ ਫੇਰੂ ਭੀ ਸਦੀਂਦਾ ਹੈਣ। ਤੂ ਉਥੇ ਜਾਇਕੇ ਸਾਡਾ ਨਾਉ ਲਏਂ...'

ਸੁਆਲ ਪੈਦਾ ਹੁੰਦਾ ਹੈ ਕਿ ਇਹ ਦੋ ਨਦੀਆਂ ਕਿਹੜੀਆਂ ਹੋਣਗੀਆਂ ਅਤੇ ਪਿੰਡ ਆਸਿਕਪੁਰ ਕਿਹੜਾ ਹੋਵੇਗਾ? ਪੁਰਾਤਨ ਜਨਮ ਸਾਖੀਆਂ ਵਿਚ ਕਾਲੀ ਵੇਈਂ ਲਈ ਲਫ਼ਜ਼ 'ਦਰਿਆਓ' ਜਾ 'ਵੇਈਂ' ਵਰਤਿਆ ਹੈ। ਇਥੇ ਦੋ ਨਦੀਆਂ ਸਤਲੁਜ ਅਤੇ ਬਿਆਸ ਦਰਿਆ ਹੋ ਸਕਦੇ ਹਨ ਪਰ ਜਾਣਕਾਰ ਜਾਣਦੇ ਹਨ ਕਿ ਗੁਰੂ ਜੀ ਦੇ ਸਮੇਂ ਸਤਲੁਜ ਸੁਲਤਾਨਪੁਰ ਤੋਂ ਬਹੁਤ ਦੂਰ ਵਹਿੰਦਾ ਸੀ, ਸ਼ਾਇਦ ਘੱਗਰ ਵਿਚ ਹੀ ਵਹਿੰਦਾ ਸੀ। ਇਸ ਲਈ ਇਹ ਦੋ ਨਦੀਆਂ ਬਿਆਸ ਅਤੇ ਵੇਈਂ ਹੀ ਹੋ ਸਕਦੀਆਂ ਹਨ। ਪਰ ਮੌਜੂਦਾ ਸਮਿਆਂ ਵਿਚ ਇਨ੍ਹਾਂ ਵਿਚਕਾਰ ਆਸਿਕਪੁਰ ਨਾਂਅ ਦਾ ਕੋਈ ਪਿੰਡ ਨਹੀਂ ਤੇ ਨਾ ਹੀ ਇਸ ਨਾਂਅ ਦਾ ਕੋਈ ਬੇ-ਚਿਰਾਗ ਪਿੰਡ ਮਾਲ ਰਿਕਾਰਡ ਵਿਚ ਮੌਜੂਦ ਮਿਲਦਾ ਹੈ। ਹਾਂ ਸਥਿਤੀ ਤਕਰੀਬਨ ਭਰੋਆਣਾ ਵਾਲੀ ਹੀ ਬਣਦੀ ਹੈ।

ਭਾਈ ਫਰਿੰਦਾ ਭਾਵੇਂ ਇਸ ਪਿੰਡ ਨਾਲ ਸਬੰਧਿਤ ਸਨ ਪਰ ਜਿਵੇਂ ਕਿ ਉਨ੍ਹਾਂ ਦੇ ਨਾਂਅ ਤੋਂ ਲਗਦਾ ਹੈ, ਉਹ ਅਲਮਸਤ ਬੰਦੇ ਸਨ ਅਤੇ ਰਬਾਬ ਵਜਾਉਂਦੇ ਭਰਮਣ ਕਰਦੇ ਰਹਿੰਦੇ ਹੋਣਗੇ। ਇਹੀ ਵਜ੍ਹਾ ਹੈ ਕਿ ਭਾਈ ਫਰਿੰਦੇ ਨੂੰ ਲੱਭਦਿਆਂ ਭਾਈ ਮਰਦਾਨੇ ਨੂੰ ਕਈ ਦਿਨ ਲੱਗ ਗਏ। ਜਦ ਉਹ ਮਿਲੇ ਤਾਂ ਭਾਈ ਫਰਿੰਦਾ ਗੁਰੂ ਜੀ ਦਾ ਨਾਂਅ ਸੁਣ ਕੇ ਨਿਹਾਲ ਹੋ ਗਿਆ ਅਤੇ ਖੁਦ ਰਬਾਬ ਸੁਗਾਤ ਵਜੋਂ ਭੇਟ ਕਰਨ ਲਈ ਮਰਦਾਨੇ ਦੇ ਨਾਲ ਹੀ ਸੁਲਤਾਨਪੁਰ ਨੂੰ ਚੱਲ ਪਿਆ। ਖੁਦ ਆ ਕੇ ਗੁਰੂ ਜੀ ਦੇ ਚਰਨਾਂ ਵਿਚ ਇਕ ਵਿਲੱਖਣ ਕਿਸਮ ਦੀ ਰਬਾਬ ਭੇਟ ਕੀਤੀ। ਰਬਾਬ ਇੰਨੀ ਸੁਰੀਲੀ ਸੀ ਕਿ ਜਦ ਮਰਦਾਨੇ ਵਜਾਈ ਤਾਂ ਇਲਾਹੀ ਮਾਹੌਲ ਸਿਰਜਿਆ ਗਿਆ। ਸਭ ਪਸ਼ੂ-ਪੰਛੀ ਮੋਹੇ ਗਏ-

ਤਰਵਰ ਤੇ ਰਸ ਨਿਚਰਨ ਲਾਗਯੋ
ਵਿਸਰਾ ਸਭਨ ਅਪਾਨਾ

ਇਹ ਰਬਾਬ 'ਚੜ੍ਹਿਆ ਸੋਧਣਿ ਧਰਤ ਲੋਕਾਈ' ਦੇ ਪ੍ਰਯੋਜਨ ਵਿਚ ਭਾਈ ਮਰਦਾਨੇ ਤੇ ਗੁਰੂ ਜੀ ਦੇ ਸੰਦੇਸ਼ ਦਾ ਮਾਧਿਅਮ ਬਣੀ ਅਤੇ ਕਈ ਦੇਸ਼ਾਂ-ਦੇਸ਼ਾਂਤਰਾਂ ਵਿਚ ਭਰਮਣ ਕਰਦੀ ਰਹੀ। ਇਸ ਤਰ੍ਹਾਂ ਦੁਨੀਆ ਦੇ ਇਤਿਹਾਸ ਵਿਚ ਭਾਈ ਫਰਿੰਦੇ ਨਾਂਅ ਵੀ ਅਮਰ ਹੋ ਗਿਆ। ਬਾਅਦ ਵਿਚ ਰਬਾਬੀ ਭਾਈ ਫਰਿੰਦੇ ਦੇ ਖ਼ਾਨਦਾਨ ਵਿਚੋਂ ਹੀ ਪ੍ਰਸਿੱਧ ਰਬਾਬੀ ਭਾਈ ਅਮਰ ਬਖ਼ਸ਼ ਹੋਏ ਅਤੇ ਅੱਗੋਂ ਇਨ੍ਹਾਂ ਦੇ ਪੁੱਤਰ ਭਾਈ ਮਹਿਬੂਬ ਅਲੀ 19ਵੀਂ ਸਦੀ ਦੇ ਪ੍ਰਸਿੱਧ ਸਿਤਾਰ ਵਾਦਕ ਹੋਏ ਹਨ। ਗੁਰਦੁਆਰਾ ਰਬਾਬਸਰ ਭਰੋਆਣਾ ਭਾਈ ਬਾਲੇ ਦੀ ਜਨਮ ਸਾਖੀ ਵਿਚ ਆਈ ਰਬਾਬ ਸੰਬੰਧੀ ਸਾਖੀ ਨੂੰ ਰੂਪਮਾਨ ਕਰਦਾ ਹੈ।



Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
ਬਾਲਟੀਮੋਰ ਸਿੱਖ ਸੁਸਾਇਟੀ
Baltimore Sikh Society Inc.
Receipt Books
Customized with your information and design. 2 part carbonless with numbering and perforation.
Call for Price
LOVE
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
YOUR LOGO HERE
1 color in 1 position. Min Qty. 100
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW




# ਪਾਠਕਾਂ ਦਾ ਨਜ਼ਰੀਆ

## ਰੂਹਾਨੀ ਖਿੜਾਓ ਹੀ ਗੁਰੂ ਨਾਨਕ, ਗੁਰਮਤਿ ਦਾ ਸੁਪਨਾ

ਤੁਹਾਡੇ ਘਰ/ਦੇਸ਼ ਦੀ ਆਰਥਿਕਤਾ ਕਿਹੋ ਜਿਹੀ ਹੋਵੇ, ਇਸ ਬਾਬਤ ਵੀ ਗੁਰਬਾਣੀ ਵਿਚੋਂ ਸੰਕੇਤ ਹੀ ਮਿਲਦੇ ਹਨ। ਇਨ੍ਹਾਂ ਸੰਕੇਤਾਂ ਦੀ ਵਿਆਖਿਆ ਸਿੱਖ ਵਿਦਵਾਨਾਂ ਨੂੰ ਆਪ ਕਰਨੀ ਪੈਣੀ ਹੈ। ਇਹ ਆਰਥਿਕ ਸੰਕੇਤ ਅਸਲ ਵਿਚ ਬੰਦੇ ਦੇ ਰੂਹਾਨੀ ਵਿਕਾਸ ਨੂੰ ਬੇਰੋਕ-ਟੋਕ ਮੌਲਣ ਦੀ ਦ੍ਰਿਸ਼ਟੀ ਤੋਂ ਹੀ ਪ੍ਰਗਟ ਕੀਤੇ ਗਏ ਹਨ। ਗੁਰਬਾਣੀ ਉਸ ਆਰਥਿਕਤਾ ਨੂੰ ਵੀ ਠੀਕ ਨਹੀਂ ਸਮਝਦੀ ਜਿਸ ਵਿਚ ਖੁੜਾਂ ਮਾਰੇ ਗਰੀਬ ਬੰਦੇ ਨੂੰ ਆਪਣੀ ਰੋਜ਼ੀ ਰੋਟੀ ਦਾ ਹੀ ਸੰਸਾ ਪਿਆ ਰਹਿੰਦਾ ਹੈ। ਇਸ ਦੇ ਉਲਟ ਬੇਓੜਕ ਧਨ ਇਕੱਠਾ ਕਰਨ ਦੀ ਹੋੜ ਨੂੰ ਵੀ ਗੁਰਮਤਿ ਵਿਚ ਠੀਕ ਨਹੀਂ ਸਮਝਿਆ ਗਿਆ, ਚਿੰਤਾਵਾਂ ਭਰੀ ਇਹ ਦੌੜ ਉਂਜ ਹੀ ਬੰਦੇ ਦੀ ਮੱਤ ਮਾਰ ਦਿੰਦੀ ਹੈ। ਸੋ ਗੁਰਮਤਿ ਦਰਮਿਆਨੀ ਆਰਥਿਕਤਾ ਦੀ ਸ਼ਾਹਦੀ ਭਰਦੀ ਹੈ ਜਿਸ ਨਾਲ ਬੰਦੇ ਦੀਆਂ ਲੋੜਾਂ ਚੱਜ ਨਾਲ ਪੂਰੀਆਂ ਹੋਣ ਅਤੇ ਜ਼ਿੰਦਗੀ ਸੋਹਣੀ ਚੱਲੇ; ਪੈਸੇ ਦੀ ਇਜਾਰੇਦਾਰੀ ਲਈ ਹੋੜ ਨਾ ਹੋਵੇ। ਸਪਸ਼ਟ ਰੂਪ ਵਿਚ ਅਜਿਹੀ ਗੁਰਮਤਿ ਆਰਥਿਕ ਸੇਧ, ਅਜਾਰੇਦਾਰੀ, ਆਰਥਿਕ ਸਿਆਸੀ ਇਜਾਰੇਦਾਰੀ (ਕੌਰਨੀ ਕੈਪੀਟਲਿਜ਼ਮ) ਰਾਹੀਂ ਜ਼ਿੰਦਗੀ ਨੂੰ ਗੁਲਾਮ ਕਰਨ ਦੇ ਸਖਤ ਖ਼ਿਲਾਫ਼ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਅੱਜ ਜਦੋਂ ਆਰਥਿਕ ਇਜਾਰੇਦਾਰੀ ਆਪਣੇ ਸਿਖਰ ਨੂੰ ਪਹੁੰਚੀ ਹੋਈ ਹੈ, ਦੁਨੀਆ ਪੱਧਰ 'ਤੇ ਹੀ ਪੂੰਜੀ ਕੁਝ ਕੁ ਹੱਥਾਂ ਵਿਚ ਕੇਂਦਰਤ ਹੋ ਰਹੀ ਹੈ ਅਤੇ ਗਰੀਬ ਅਮੀਰ ਦਾ ਪਾੜਾ ਬਹੁਤ ਜ਼ਿਆਦਾ ਵਧ ਗਿਆ ਹੈ ਤਾਂ ਪੈਸੇ ਅਤੇ ਸਾਧਨਾਂ ਦੀ ਦਰਮਿਆਨੀ ਮਾਨਵੀ ਵੰਡ ਕਿਸ ਤਰ੍ਹਾਂ ਸੰਭਵ ਹੈ? ਇਸ ਤੋਂ ਵੀ ਅਗਾਂਹ ਮਸਨੂਈ ਬੌਧਿਕਤਾ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਆਧਾਰ 'ਤੇ ਪੈਦਾ ਹੋਈਆਂ ਮਸ਼ੀਨਾਂ, ਰੋਬੋਟਾਂ ਨੇ ਮਨੁੱਖੀ ਸ਼ਕਤੀ ਨੂੰ ਰੁਜ਼ਗਾਰ ਤੋਂ ਵੀ ਬਾਹਰ ਕਰਨਾ ਸ਼ੁਰੂ ਕਰ ਦਿੱਤਾ ਹੈ ਜਿਸ ਕਾਰਨ ਵਿਕਸਤ ਦੇਸ਼ਾਂ ਵਿਚ ਵੀ ਬੇਰੁਜ਼ਗਾਰੀ ਦਾ ਵਿਆਪਕ ਖ਼ਤਰਾ ਖੜ੍ਹਾ ਹੋ ਗਿਆ ਹੈ ਤਾਂ ਕਿਸੇ ਆਦਰਸ਼ਕ ਮਾਨਵੀ ਆਰਥਿਕ-ਸਮਾਜਿਕ ਵਿਵਸਥਾ ਦੀ ਹੋਂਦ ਕਿਵੇਂ ਸੰਭਵ ਹੈ?

ਇਸ ਵਰਤਾਰੇ ਨੂੰ ਸੰਪੂਰਨ ਰੂਪ ਵਿਚ ਸਮਝਣ ਲਈ ਸਾਨੂੰ ਇਸ ਦੇ ਨਾਲ ਜੁੜਵੇਂ ਦੂਜੇ ਵਰਤਾਰੇ ਵੱਲ ਵੀ ਧਿਆਨ ਮਾਰਨਾ ਪਵੇਗਾ। ਵਿਕਸਤ ਦੇਸ਼ਾਂ ਦੇ ਆਰਥਿਕ ਖੇਤਰ ਵਿਚ ਜਿਉਂ ਜਿਉਂ ਆਰਟੀਫੀਸ਼ੀਅਲ ਇੰਟੈਲੀਜੈਂਸ, ਆਟੋਮੇਸ਼ਨ ਅਤੇ ਬੇਰੁਜ਼ਗਾਰੀ ਵਧ ਰਹੇ ਹਨ, ਤਿਉਂ ਤਿਉਂ ਇਨ੍ਹਾਂ ਦੇਸ਼ਾਂ ਦੇ ਸਾਰੇ ਨਾਗਰਿਕਾਂ ਲਈ ਘੱਟੋ-ਘੱਟ ਸਥਾਈ ਆਮਦਨ (ਯੂਨੀਵਰਸਲ ਇਨਕਮ) ਦੀ ਮੰਗ ਵੀ ਜ਼ੋਰ ਫੜ ਰਹੀ ਹੈ। ਇਸ ਤੋਂ ਬਿਨਾ ਇਹ ਧਾਰਨਾ ਵੀ ਉਭਰਦੀ ਦਿਖਾਈ ਦੇ ਰਹੀ ਹੈ ਕਿ ਕਿਸੇ ਕਾਰਪੋਰੇਟ ਜਾਂ ਵਿਅਕਤੀਗਤ ਆਮਦਨ/ਜਾਇਦਾਦ ਦੀ ਵੀ ਕੋਈ ਸੀਮਾ ਹੋਣੀ ਚਾਹੀਦੀ ਹੈ। ਇਸ ਸੀਮਾ ਨੂੰ ਪਾਰ ਕਰਨ ਤੋਂ ਬਾਅਦ ਕਾਰਪੋਰੇਟ ਜਾਂ ਵਿਅਕਤੀ ਦੀ ਸਮੁੱਚੀ ਆਮਦਨ ਟੈਕਸ ਦੇ ਰੂਪ ਵਿਚ ਜਨਤਕ ਮਾਲਕੀ ਅਧੀਨ ਆ ਜਾਣੀ ਚਾਹੀਦੀ ਹੈ।

ਅਜਿਹੀ ਆਰਥਿਕਤਾ ਨਾ ਤਾਂ ਸਮਾਜਵਾਦੀ ਨਿਜ਼ਾਮ ਵਾਂਗ ਮੁਕੰਮਲ ਤੌਰ 'ਤੇ ਸਟੇਟ ਦੇ ਅਧੀਨ ਹੋਵੇਗੀ ਅਤੇ ਨਾ ਪੂਰਨ ਤੌਰ 'ਤੇ ਖੁੱਲ੍ਹੀ ਮੰਡੀ ਦੇ ਹਵਾਲੇ ਹੋਏਗੀ। ਇਸ ਵਿਚ ਇਕ ਪਾਸੇ ਤਾਂ ਖੁੱਲ੍ਹੀ ਮੰਡੀ ਵਰਗੇ ਨਿੱਜੀ ਉਦਮ ਨੂੰ ਉਤਸ਼ਾਹਿਤ ਕੀਤਾ ਜਾਵੇਗਾ, ਦੂਜੇ ਪਾਸੇ ਮੰਡੀ ਦੇ ਜ਼ੋਰ ਅਤੇ ਸਿਆਸੀ ਸਰਪ੍ਰਸਤੀ ਅਧੀਨ ਸਰਮਾਏ ਦੇ ਪੈਦਾ ਹੋਣ ਵਾਲੇ ਅੰਤਹੀਣ ਇਕੱਤਰੀਕਰਨ 'ਤੇ ਵੀ ਸੀਮਾ ਤੋਂ ਅੱਗੇ ਰੋਕ ਹੋਵੇਗੀ। ਅਜਿਹੀ ਵਿਵਸਥਾ ਵਿਚ ਇਕ ਪਾਸੇ ਸਮਰਿੱਧੀ ਨੂੰ ਪੈਦਾ ਕਰਨ ਵਿਚ ਮੁੱਖ ਭੂਮਿਕਾ ਅਦਾ ਕਰਨ ਵਾਲੀ ਮਨੁੱਖੀ ਸ਼ਕਤੀ (ਉਦਮੀਆਂ) ਦੇ ਰਾਹ ਵਿਚ ਵੀ ਵਿਘਨ ਨਹੀਂ ਪਏਗਾ, ਦੂਜੇ ਪਾਸੇ ਇਸ ਉਦਮ ਦੇ ਅਜਾਰੇਦਾਰੀ ਵਿਚ ਤਬਦੀਲ ਹੋਣ ਅਤੇ ਮਨੁੱਖੀ ਗੁਲਾਮੀ ਪੈਦਾ ਕਰਨ ਉੱਪਰ ਵੀ ਰੋਕ ਲੱਗ ਜਾਏਗੀ। ਸਰਮਾਇਆ ਪੈਦਾ ਹੁੰਦਾ ਰਹੇਗਾ ਪਰ ਸਿਖਰਲੀਆਂ ਰੋਕਾਂ ਨਾਲ ਇਹ ਮਨੁੱਖੀ ਭਲਾਈ ਦੇ ਦਰਮਿਆਨੇ ਆਰਥਿਕ ਚੈਨਲਾਂ ਵਲ ਮੋੜ ਦਿੱਤਾ ਜਾਏਗਾ। ਅਜਿਹਾ ਸਰਮਾਇਆ ਸਮਾਜ ਦੀ ਸਿੱਖਿਆ, ਸਿਹਤ, ਸਿਹਤਮੰਦ ਮਨੋਰੰਜਨ, ਭਾਵ ਮਨੁੱਖੀ ਅਤੇ ਸਮਾਜੀ ਸਮਰਥਾ ਵਧਾਉਣ ਵਾਲੀਆਂ ਸੰਸਥਾਵਾਂ ਵਿਚ ਖਪਤ ਹੋਵੇਗਾ। ਇਸ ਨਾਲ ਪੂਰਾ ਸਮਾਜ ਵਿਕਾਸ/ਵਿਗਾਸ ਦਾ ਹਿੱਸਾ ਬਣੇਗਾ।

ਪੈਦਾ ਹੋਣ ਅਤੇ ਸਿਖਰ ਛੂਹਣ ਤੋਂ ਬਾਅਦ ਸਰਮਾਏ ਦਾ ਅਜਿਹਾ ਦਰਮਿਆਨਾ ਸਮਾਜਿਕ ਘੁਮਾਓ ਹੀ ਗੁਰਮਤਿ ਅਨਕੂਲ ਮਨੁੱਖੀ ਮਨ ਦੇ ਰੂਹਾਨੀ ਵਿਗਾਸ ਵਿਚ ਸਹਾਈ ਸਿੱਧ ਹੋਵੇਗਾ। ਅਜਿਹਾ ਰੂਹਾਨੀ ਖਿੜਾਓ ਹੀ ਗੁਰੂ ਨਾਨਕ, ਗੁਰਮਤਿ ਦਾ ਸੁਪਨਾ ਹੈ। ਇਸ ਦੇ ਉਲਟ ਤਿੱਖੇ ਆਰਥਿਕ ਸਮਾਜਿਕ ਪਾੜਿਆਂ ਵਾਲੇ ਸਮਾਜਾਂ ਵਿਚ ਕਲਿਆਣਕਾਰੀ ਧਰਮ ਘਟ ਪਨਪੇਗਾ, ਪਾਖੰਡ ਜ਼ਿਆਦਾ ਪਨਪਣਗੇ ਜਿਨ੍ਹਾਂ ਦੀ ਸਾਡੇ ਇਥੇ ਕੋਈ ਤੋਟ ਨਹੀਂ।

**- ਜਸਵੀਰ ਸਿੰਘ**

## ਪੰਜਾਬ ਦਾ ਨੌਜਵਾਨ ਵੀ ਪੰਜਾਬ ਦੇ ਮੌਜੂਦਾ ਹਾਲਾਤ ਤੋਂ ਪਰੇਸ਼ਾਨ

ਅੱਜ ਦੇ ਪੰਜਾਬ ਦਾ ਨੌਜਵਾਨ ਵੀ ਪੰਜਾਬ ਦੇ ਮੌਜੂਦਾ ਹਾਲਾਤ ਤੋਂ ਪਰੇਸ਼ਾਨ ਹੋ ਕੇ ਚੰਗੀ ਜ਼ਿੰਦਗੀ ਦੇ ਸੁਪਨੇ ਸਜਾ ਕੇ ਵਿਦੇਸ਼ ਵੱਲ ਜਾ ਰਿਹਾ ਹੈ। ਪਿੱਛੇ ਰਹਿੰਦੇ ਪਰਿਵਾਰਾਂ ਲਈ ਇਹ ਬਸਰੇ ਦੀ ਲਾਮ ਤੋਂ ਘੱਟ ਨਹੀਂ ਹੈ। ਪਰ ਇਹ ਸਭ ਕੁਝ ਪਰਿਵਾਰਾਂ ਦੇ ਸਹਿਯੋਗ ਨਾਲ ਹੀ ਸੰਭਵ ਹੋਇਆ ਹੈ। ਇਸਦੇ ਭਵਿੱਖੀ ਨਤੀਜੇ ਕੀ ਹੋਣਗੇ, ਕਿਸੇ ਨੂੰ ਨਹੀਂ ਪਤਾ। ਹਰ ਕੋਈ ਆਪਣੇ ਹਿਸਾਬ ਕਿਤਾਬ ਨਾਲ ਇਸ ਨੂੰ ਦੇਖ ਰਿਹਾ ਹੈ ਤੇ ਪੇਸ਼ ਕਰ ਰਿਹਾ ਹੈ। ਅਖੌਤੀ ਬੁੱਧੀਜੀਵੀਆਂ ਮੁਤਾਬਿਕ ਨੌਜਵਾਨ ਵਿਦੇਸ਼ ਜਾ ਕੇ ਦਿਹਾੜੀਆਂ ਕਰਦੇ ਹਨ ਜੇ ਇੱਥੇ ਕੰਮ ਕਰਨ ਤਾਂ ਦੇਸ਼ ਤਰੱਕੀ ਕਰ ਸਕਦਾ ਹੈ। ਕਈਆਂ ਦੇ ਵਿਚਾਰ ਨੇ ਕਿ ਸਾਡੇ ਲੋਕ ਗੋਰਿਆਂ ਦੀ ਗੁਲਾਮੀ ਵਿਦੇਸ਼ਾਂ ਵਿੱਚ ਜਾ ਕੇ ਕਰ ਰਹੇ ਹਨ। ਕਈਆਂ ਦੇ ਵਿਚਾਰਾਂ ਅਨੁਸਾਰ ਇੱਥੇ ਰਹਿ ਕੇ ਹੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਸਭ ਤੋਂ ਪਹਿਲੀ ਗੱਲ ਕਿ ਪੰਜਾਬ ਦੇ ਕਿਸਾਨੀ ਤਬਕੇ ਵਿੱਚ ਵਿਦੇਸ਼ ਭੱਜਣ ਦੀ ਹੋੜ ਲੱਗੀ ਹੈ, ਕਾਰਨ ਸਾਫ ਜਾਹਰ ਹੈ ਕਿ ਬੁਰੋਜਗਾਰੀ, ਨਸ਼ਾ ਤੇ ਸਮਾਜਿਕ ਅਸੁਰੱਖਿਆ ਦੀ ਭਾਵਨਾ। ਕਿਸਾਨ ਦਾ ਪੁੱਤ ਖੇਤੀ ਕਰਕੇ ਕਰਜ ਦਾ ਬੋਝ ਵਧਾਉਣਾ ਨਹੀਂ ਚਾਹੁੰਦਾ ਤੇ ਜਮੀਨ ਕਰਜੇ ਵਿੱਚ ਵੀ ਵੇਚਣਾ ਨਹੀਂ ਚਾਹੁੰਦਾ, ਹਰ ਹੀਲੇ ਜਮੀਨ ਬਚਾਉਣਾ ਚਾਹੁੰਦਾ ਹੈ। ਸਾਡੇ ਲੋਕਾਂ ਨੂੰ ਜਮੀਨ ਨਾਲ ਅੱਤ ਦਾ ਮੋਹ ਹੈ। ਕਰਜੇ ਦੀ ਵੱਡੀ ਪੰਡ ਉਤਾਰਨ ਲਈ ਸਰਕਾਰ ਦੀ ਕੋਈ ਨੀਤੀ ਨਹੀਂ। ਖੇਤੀ ਵਾਸਤੇ ਏ ਸੀ ਵਿੱਚ ਬੈਠ ਕੇ ਸਕੀਮਾਂ ਘੜ ਲਈਆਂ ਜਾਂਦੀਆਂ ਹਨ ਪਰ ਇਹ ਸਕੀਮਾਂ ਧਰਾਤਲ 'ਤੇ ਕੁਝ ਨਹੀਂ ਸੰਵਾਰਦੀਆਂ। ਕਿਸਾਨ ਪਰਿਵਾਰਾਂ ਨਾਲ ਸੰਬੰਧਤ ਨੌਜਵਾਨਾਂ ਦੀ ਸਭ ਤੋਂ ਪਹਿਲੀ ਸੋਚ ਹੀ ਕੰਮ ਕਰ ਕੇ ਕਰਜ਼ਾ ਉਤਾਰਣ ਦੀ ਹੁੰਦੀ ਹੈ। ਅਖੌਤੀ ਬੁੱਧੀਜੀਵੀਆਂ ਦੇ ਦਿਮਾਗ ਵਿੱਚ ਆ ਜਾਣਾ ਚਾਹੀਦਾ ਹੈ ਕਿ ਇਸ ਨਾਲ ਵਿਦੇਸ਼ੀ ਧਨ ਦੇਸ਼ ਵਿੱਚ ਆਵੇਗਾ ਤੇ ਇਸ ਤੋਂ ਵੱਡੀ ਦੇਸ਼ ਸੇਵਾ ਕੋਈ ਨਹੀਂ। ਵਿਦੇਸ਼ ਵਸਣ ਵਾਲੇ ਨੌਜਵਾਨਾਂ ਦੇ ਖਿਲਾਫ ਜ਼ਿਆਦਾ ਚੀਕਾਂ ਉਹਨਾਂ ਲੋਕਾਂ ਦੀਆਂ ਨਿਕਲ ਰਹੀਆਂ ਹਨ, ਜਿਨ੍ਹਾਂ ਦੇ ਵਪਾਰ ਬੰਦ ਹੋ ਰਹੇ ਹਨ। ਇਹਨਾਂ ਵਿੱਚ ਸਿੱਖਿਆ ਸੰਸਥਾਵਾਂ ਮੋਹਰੀ ਹਨ, ਕਿਉਂਕਿ ਮੋਟੀਆਂ ਫੀਸਾਂ ਲੈ ਕੇ ਪੜ੍ਹਾਈਆਂ ਕਰਾਉਣ ਵਾਲੇ ਇਹਨਾਂ ਦੇ ਵਪਾਰਕ ਅਦਾਰੇ ਬੰਦ ਹੋਣ ਕਿਨਾਰੇ ਹਨ। ਜੇ ਇਹਨਾਂ ਲੋਕਾਂ ਨੇ ਲਾਲਚ ਵੱਸ ਗੈਰ ਮਿਆਰੀ ਸਿੱਖਿਆ ਨਾ ਦਿੱਤੀ ਹੁੰਦੀ ਤਾਂ ਸਥਿਤੀ ਕੁਝ ਹੋਰ ਹੁੰਦੀ। ਨੌਜਵਾਨਾਂ ਨੂੰ ਤੇ ਉਹਨਾਂ ਦੇ ਪਰਿਵਾਰਾਂ ਨੂੰ ਲੁੱਟ ਕੇ ਆਪਣੇ ਸੁਪਨੇ ਸਾਕਾਰ ਕਰਨ ਵਾਲੇ ਜ਼ਿਆਦਾ ਚੀਕ ਚਿਹਾੜਾ ਪਾ ਰਹੇ ਹਨ।

ਵਿਦੇਸ਼ ਵਿੱਚ ਬੈਠਾ ਨੌਜਵਾਨ ਆਪਣੇ ਅਤੇ ਆਪਣੇ ਪਰਿਵਾਰ ਦੇ ਸੁਪਨੇ ਸਾਕਾਰ ਕਰਨਾ ਚਾਹੁੰਦਾ ਹੈ। ਰਹੀ ਗੱਲ ਵਿਦੇਸ਼ ਵਿੱਚ ਦਿਹਾੜੀ ਕਰਨ ਦੀ, ਵਿਦੇਸ਼ ਦੀ ਦਿਹਾੜੀ ਹਜ਼ਾਰਾਂ ਰੁਪਇਆਂ ਬਰਾਬਰ ਹੋਣ ਕਰਕੇ ਸਾਡੇ ਨੌਜਵਾਨ ਭਾਰਤ ਦੇ ਰਾਸ਼ਟਰਪਤੀ ਦੀ ਤਨਖਾਹ ਤੋਂ ਵੱਧ ਕਮਾ ਰਹੇ ਹਨ। ਕੰਮ ਦੇ ਹਿਸਾਬ ਨਾਲ ਹੀ ਉੱਥੇ ਉਹਨਾਂ ਦੀ ਕਦਰ ਹੈ। ਉਹ ਨੌਜਵਾਨ ਡਾਲਰਾਂ ਵਿੱਚ ਹਾਸਲ ਕਰਕੇ ਗੁਣਾ ਆਪਣੇ ਦੇਸ਼ ਦੀ ਕਰੰਸੀ ਨਾਲ ਕਰਦਾ ਹੈ, ਕਿਉਂ ਜੋ ਦੇਸ਼ ਵਿੱਚ ਬੈਠੇ ਉਹਨਾਂ ਦੇ ਪਰਿਵਾਰਾਂ ਦੀ ਉਹੋ ਉਮੀਦ ਹਨ। ਅਤੇ ਇਹ ਡਾਲਰ ਰੁਪਏ ਬਣ ਕੇ ਦੇਸ਼ ਵਿੱਚ ਆਉਣੇ ਹਨ, ਇਸ ਤੋਂ ਵੱਡੀ ਦੇਸ਼ ਭਗਤੀ ਕੀ ਹੋਵੇਗੀ। ਸਾਡੀ ਈਰਖਾ ਨੇ ਨਾ ਤਾਂ ਉਹਨਾਂ ਨੌਜਵਾਨਾਂ ਦਾ ਕੁਝ ਵਿਗਾੜਿਆ ਹੈ ਨਾ ਹੀ ਵਿਗਾੜ ਸਕੇਗੀ। ਈਰਖਾ ਪੰਜਾਬੀਆਂ ਦੇ ਸੁਭਾਅ ਦੀ ਅੱਤ ਮਾੜੀ ਫਿਤਰਤ ਹੈ।

ਇੱਕ ਹੋਰ ਪਹਿਲੂ, ਗੋਰਿਆਂ ਦੀ ਗੁਲਾਮੀ ਤੇ ਵਿਚਾਰ ਜਰੂਰ ਕੀਤਾ ਜਾਣਾ ਬਣਦਾ ਹੈ। ਵਿਦੇਸ਼ ਵਿੱਚ ਅਸੀਂ ਅਜਾਦ ਦੇਸ਼ ਦੇ ਨਾਗਰਿਕ ਬਣ ਕੇ ਜਾਂਦੇ ਹਾਂ, ਉਹਨਾਂ ਦੇ ਕਾਨੂੰਨ ਅਸੀਂ ਮੰਨਦੇ ਹਾਂ। ਜੇ ਨਾ ਮੰਨਾਗੇ ਤਾਂ ਉਹਨਾਂ ਨੂੰ ਮਨਾਉਣੇ ਆਉਂਦੇ ਹਨ, ਜੋ ਕਿ ਸਾਡੇ ਦੇਸ਼ ਵਿੱਚ ਅਸੀਂ ਅੱਜ ਤੱਕ ਨਹੀਂ ਕਰ ਸਕੇ। ਦੇਸ਼ ਵਿੱਚ ਰਹਿ ਕੇ ਨਸ਼ਿਆਂ ਦੇ ਗੁਲਾਮ ਹੋਣ ਨਾਲੋਂ ਤੇ ਕਰਜ ਨਾਲ ਫਾਹੇ ਲੈਣ ਨਾਲੋਂ ਗੋਰਿਆਂ ਦੇ ਕਾਨੂੰਨ ਮੰਨਣ ਵਿੱਚ ਹੀ ਭਲਾਈ ਹੈ। ।

**-ਸਤਪਾਲ ਸਿੰਘ ਦਿਓਲ**

## ਮੁੱਦਾ ਮਨਜੀਤ ਸਿੰਘ ਧਨੇਰ ਦੀ ਰਿਹਾਈ ਦਾ

ਪਿਛਲੇ ਕਈ ਦਿਨਾਂ ਤੋਂ ਬਰਨਾਲਾ ਦੀ ਜੇਲ੍ਹ ਦੇ ਬਾਹਰ ਸ਼ਹੀਦ ਕਿਰਨਜੀਤ ਕੌਰ ਕਾਂਡ ਐਕਸ਼ਨ ਕਮੇਟੀ ਦੇ ਆਗੂ ਮਨਜੀਤ ਸਿੰਘ ਧਨੇਰ ਦੀ ਰਿਹਾਈ ਨੂੰ ਲੈ ਕੇ ਵੱਖ-ਵੱਖ ਜੱਥੇਬੰਦੀਆਂ ਵੱਲੋਂ ਲਗਾਤਾਰ ਦਿਨ-ਰਾਤ ਦਾ ਧਰਨਾ ਦਿੱਤਾ ਜਾ ਰਿਹਾ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਆਦਮੀ ਦੀ ਰਿਹਾਈ ਲਈ ਜੇਲ੍ਹ ਦੇ ਬਾਹਰ ਇੰਨੀ ਵੱਡੀ ਗਿਣਤੀ ਵਿਚ ਲੋਕਾਂ ਵੱਲੋਂ ਲਗਾਤਾਰ ਧਰਨਾ ਦਿੱਤਾ ਜਾ ਰਿਹਾ ਹੈ।

ਜਦ ਅਸੀਂ ਇਸ ਮਾਮਲੇ ਦੇ ਪਿਛੋਕੜ ਵੱਲ ਜਾਈਏ ਤਾਂ ਪਤਾ ਲੱਗਦਾ ਹੈ ਕਿ 29 ਜੁਲਾਈ 1997 ਨੂੰ 17 ਸਾਲ ਦੀ ਮਹਿਲ ਕਲਾਂ ਦੀ 12ਵੀਂ ਜਮਾਤ ਦੀ ਵਿਦਿਆਰਥਣ ਕਿਰਨਜੀਤ ਕੌਰ ਨੂੰ ਅਗਵਾ ਕਰ ਕੇ ਉਸ ਦੇ ਸਮੂਹਿਕ ਜਬਰ-ਜਨਾਹ ਮਗਰੋਂ ਕਤਲ ਕਰ ਦਿੱਤਾ ਗਿਆ। ਜਦ ਪੁਲਿਸ ਨੇ ਕੋਈ ਕਾਰਵਾਈ ਨਾ ਕੀਤੀ ਤਾਂ 2 ਅਗਸਤ 1997 ਨੂੰ ਇਕ ਐਕਸ਼ਨ ਕਮੇਟੀ ਬਣਾਈ ਗਈ। ਉਸ ਦੀ ਲਾਸ਼ 11 ਅਗਸਤ ਨੂੰ ਲੱਭੀ ਜਿਸ ਨੂੰ ਖੇਤ ਵਿਚ ਦੱਬ ਦਿੱਤਾ ਗਿਆ ਸੀ। ਬਾਰਾਂ ਅਗਸਤ ਨੂੰ ਉਸ ਦਾ ਸਸਕਾਰ ਕੀਤਾ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਉਸ ਦੇ ਹੱਥ ਵਿਚ ਕੁਝ ਵਾਲ ਸਨ ਜਿਨ੍ਹਾਂ ਨੂੰ ਡੀਐੱਨਏ ਦੀ ਪਰਖ ਲਈ ਭੇਜਿਆ ਗਿਆ। ਰਿਪੋਰਟ ਮਿਲਣ 'ਤੇ ਕਥਿਤ ਦੋਸ਼ੀਆਂ ਨੂੰ ਕਾਬੂ ਕੀਤਾ ਗਿਆ ਭਾਵੇਂ ਕਿ ਉਨ੍ਹਾਂ ਬਾਰੇ ਲੋਕਾਂ ਨੂੰ ਪਹਿਲਾਂ ਹੀ ਜਾਣਕਾਰੀ ਸੀ। ਮਨਜੀਤ ਸਿੰਘ ਧਨੇਰ ਇਸ ਕੇਸ ਵਿਚ ਮੌਕੇ ਦਾ ਗਵਾਹ ਸੀ। ਸੈਸ਼ਨ ਕੋਰਟ ਨੇ 16 ਅਗਸਤ 2001 ਨੂੰ ਚਾਰ ਦੋਸ਼ੀਆਂ ਨੂੰ ਬਾਮੁਸ਼ੱਕਤ ਸਜ਼ਾ ਸੁਣਾਈ ਸੀ ਜਿਸ ਨੂੰ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੇ ਵੀ ਬਹਾਲ ਰੱਖਿਆ। ਸਾਰੇ ਦੋਸ਼ੀ ਸਜ਼ਾ ਕੱਟ ਕੇ ਆ ਗਏ ਹਨ। ਜਿੱਥੋਂ ਤੀਕ ਮਨਜੀਤ ਸਿੰਘ ਧਨੇਰ ਦੇ ਮਾਮਲੇ ਦਾ ਸਬੰਧ ਹੈ, 3 ਮਾਰਚ 2001 ਨੂੰ ਅਦਾਲਤ ਦੀ ਹਦੂਦ ਅੰਦਰ ਦੋ ਧੜਿਆਂ ਦਰਮਿਆਨ ਝਗੜਾ ਹੋਇਆ ਜਿਸ ਵਿਚ ਦੋਸ਼ੀਆਂ ਦੇ ਇਕ 85 ਸਾਲਾ ਰਿਸ਼ਤੇਦਾਰ ਦਲੀਪ ਸਿੰਘ ਦੀ ਮੌਤ ਹੋ ਗਈ। ਕਿਰਨਜੀਤ ਕੌਰ ਐਕਸ਼ਨ ਕਮੇਟੀ ਦੇ ਤਿੰਨ ਮੈਂਬਰ ਮਨਜੀਤ ਸਿੰਘ ਧਨੇਰ, ਨਰਾਇਣ ਦੱਤ ਅਤੇ ਪ੍ਰੇਮ ਕੁਮਾਰ ਵਿਰੁੱਧ ਇਸ ਮਾਮਲੇ 'ਚ ਪਰਚਾ ਦਰਜ ਹੋ ਗਿਆ। ਜਨਤਕ ਦਬਾਅ ਕਾਰਨ ਸਰਕਾਰ ਨੇ ਸੈਸ਼ਨ ਕੋਰਟ 'ਚੋਂ ਇਹ ਕੇਸ ਵਾਪਸ ਲੈ ਲਿਆ ਪਰ ਅਦਾਲਤ ਨੇ ਇਸ ਮੰਗ ਨੂੰ ਖਾਰਜ ਕਰ ਦਿੱਤਾ। ਇਸ ਤਰ੍ਹਾਂ ਇਨ੍ਹਾਂ ਤਿੰਨਾਂ ਆਗੂਆਂ ਵਿਰੁੱਧ ਕੇਸ ਚੱਲਿਆ ਤੇ ਤਿੰਨਾਂ ਨੂੰ 30 ਅਗਸਤ 2005 ਨੂੰ ਉਮਰ ਕੈਦ ਦੀ ਸਜ਼ਾ ਹੋ ਗਈ। ਉਹ ਤਿੰਨੋਂ ਲਗਪਗ ਡੇਢ ਸਾਲ ਜੇਲ੍ਹ ਵਿਚ ਰਹੇ।

ਜੁਲਾਈ 2007 ਵਿਚ ਜਨਤਕ ਦਬਾਅ ਕਾਰਨ ਪੰਜਾਬ ਦੇ ਗਵਰਨਰ ਨੇ ਤਿੰਨਾਂ ਆਗੂਆਂ ਦੀ ਸਜ਼ਾ ਮਾਫ਼ ਕਰ ਦਿੱਤੀ। ਇਸ ਵਿਰੁੱਧ ਦੋਸ਼ੀਆਂ ਵੱਲੋਂ ਹਾਈ ਕੋਰਟ ਵਿਚ ਕੇਸ ਕਰ ਦਿੱਤਾ ਗਿਆ। ਗਿਆਰਾਂ ਮਾਰਚ 2008 ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗਵਰਨਰ ਵੱਲੋਂ ਦਿੱਤੀ ਮਾਫ਼ੀ ਵਿਰੁੱਧ ਫ਼ੈਸਲਾ ਦੇ ਦਿੱਤਾ। ਐਕਸ਼ਨ ਕਮੇਟੀ ਦੇ ਮੈਂਬਰਾਂ ਨੇ ਸਜ਼ਾ ਵਿਰੁੱਧ ਅਪੀਲ ਕੀਤੀ। ਹਾਈ ਕੋਰਟ ਨੇ ਨਰਾਇਣ ਦੱਤ ਤੇ ਪ੍ਰੇਮ ਕੁਮਾਰ ਦੀ ਰਿਹਾਈ ਦੇ ਆਦੇਸ਼ ਦਿੱਤੇ ਪਰ ਧਨੇਰ ਦੀ ਸਜ਼ਾ ਨੂੰ ਬਰਕਰਾਰ ਰੱਖਿਆ। ਮਨਜੀਤ ਸਿੰਘ ਧਨੇਰ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਜਿਸ ਨੂੰ 3 ਸਤੰਬਰ 2019 ਨੂੰ ਖਾਰਜ ਕਰਦੇ ਹੋਏ ਸਰਬਉੱਚ ਅਦਾਲਤ ਨੇ ਆਦੇਸ਼ ਦਿੱਤੇ ਕਿ ਉਹ 4 ਹਫ਼ਤਿਆਂ ਵਿੱਚ ਅਦਾਲਤ ਅੱਗੇ ਆਤਮ ਸਮਰਪਣ ਕਰੇ।

ਮਨਜੀਤ ਸਿੰਘ ਧਨੇਰ ਇਸ ਸਮੇਂ ਜੇਲ੍ਹ ਵਿਚ ਹੈ ਜਿਸ ਨੂੰ ਰਿਹਾਅ ਕਰਾਉਣ ਲਈ 42 ਧਿਰਾਂ 'ਤੇ ਆਧਾਰਤ ਐਕਸ਼ਨ ਕਮੇਟੀ ਨੇ ਜੇਲ੍ਹ ਅੱਗੇ ਪੱਕਾ ਮੋਰਚਾ ਲਾਇਆ ਹੋਇਆ ਹੈ। ਕਮੇਟੀ ਦੇ ਕਨਵੀਨਰ ਅਤੇ ਭਾਕਿਊ ਡਕੌਂਦਾ ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਪੰਜਾਬ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਕਰਨ ਵਾਲੇ ਚਾਰ ਪੁਲਿਸ ਮੁਲਾਜ਼ਮਾਂ ਦੀ ਸਜ਼ਾ ਮਾਫ਼ ਕੀਤੀ ਜਾ ਚੁੱਕੀ ਹੈ। ਹੁਣ ਮੁੜ 15 ਦੇ ਕਰੀਬ ਹੋਰ ਝੂਠੇ ਮੁਕਾਬਲਿਆਂ ਦੇ ਦੋਸ਼ੀ ਪੁਲਿਸ ਮੁਲਾਜ਼ਮ ਜੋ ਜੇਲ੍ਹਾਂ 'ਚ ਸਜ਼ਾ ਕੱਟ ਰਹੇ ਹਨ, ਦੀ ਸਜ਼ਾ ਮਾਫ਼ੀ ਲਈ ਕੇਂਦਰ ਸਰਕਾਰ ਨੂੰ ਨਾਂ ਭੇਜੇ ਗਏ ਹਨ ਪਰ ਝੂਠੇ ਕਤਲ ਕੇਸ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਲੋਕ ਆਗੂ ਮਨਜੀਤ ਧਨੇਰ ਦੀ ਸਜ਼ਾ ਨੂੰ ਰੱਦ ਕਰਨ ਲਈ ਸਰਕਾਰ ਨੇ ਸਾਜ਼ਿਸ਼ੀ ਚੁੱਪ ਧਾਰੀ ਹੋਈ ਹੈ। ਹੁਣ ਉਸ ਦੀ ਹਮਾਇਤ ਵਿਚ ਕੇਂਦਰੀ ਪੰਜਾਬੀ ਲੇਖਕ ਸਭਾ, ਰੰਗਕਰਮੀ, ਸੱਭਿਆਚਾਰਕ ਕਾਮੇ, ਪੱਤਰਕਾਰ, ਬੁੱਧੀਜੀਵੀ, ਕਿਰਤੀ, ਮੁਲਾਜ਼ਮ ਜੱਥੇਬੰਦੀਆਂ ਆਦਿ ਆ ਗਈਆਂ ਹਨ। ਪੰਜਾਬ ਸਰਕਾਰ ਨੂੰ ਕੇਂਦਰ ਸਰਕਾਰ 'ਤੇ ਦਬਾਅ ਪਾ ਕੇ ਉਸ ਨੂੰ ਰਿਹਾਅ ਕਰਵਾਉਣਾ ਚਾਹੀਦਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ 62 ਸਾਲ ਦਾ ਮਨਜੀਤ ਸਿੰਘ ਧਨੇਰ ਇਕ ਆਮ ਕਿਸਾਨ ਹੈ ਜੋ ਮਹਿਲ ਕਲਾਂ ਦਾ ਵਸਨੀਕ ਹੈ। ਉਸ ਪਾਸ ਕੇਵਲ ਡੇਢ ਏਕੜ ਜ਼ਮੀਨ ਹੈ। ਉਹ ਚਾਰ-ਪੰਜ ਏਕੜ ਜ਼ਮੀਨ ਠੇਕੇ 'ਤੇ ਲੈ ਕੇ ਗੁਜ਼ਾਰਾ ਕਰਦਾ ਹੈ। ਉਸ ਨੇ ਸ਼ਹੀਦ ਕਿਰਨਜੀਤ ਕੌਰ ਦੇ ਸਮੂਹਿਕ ਜਬਰ-ਜਨਾਹ ਨੂੰ ਲੈ ਕੇ ਐਕਸ਼ਨ ਕਮੇਟੀ ਬਣਾ ਕੇ ਇਕ ਮਿਸਾਲ ਕਾਇਮ ਕੀਤੀ ਹੈ। ਪਿਛਲੇ 22 ਸਾਲਾਂ ਤੋਂ ਐਕਸ਼ਨ ਕਮੇਟੀ ਵੱਲੋਂ ਕਿਰਨਜੀਤ ਕੌਰ ਦਾ ਸ਼ਹੀਦੀ ਸਮਾਗਮ ਹਰ ਸਾਲ 12 ਅਗਸਤ ਨੂੰ ਕਰਵਾਇਆ ਜਾਂਦਾ ਹੈ ਜਿੱਥੇ ਇਲਾਕੇ ਦੇ ਵਿਧਾਇਕ, ਸੰਸਦ ਮੈਂਬਰ ਭਗਵੰਤ ਮਾਨ, ਸੁਖਪਾਲ ਸਿੰਘ ਖਹਿਰਾ ਤੇ ਹਰਪਾਲ ਸਿੰਘ ਚੀਮਾ ਆਦਿ ਆ ਕੇ ਭਾਸ਼ਣ ਦਿੰਦੇ ਹਨ ਪਰ ਸੁਪਰੀਮ ਕੋਰਟ ਵੱਲੋਂ ਸੁਣਾਈ ਸਜ਼ਾ ਵਿਰੁੱਧ ਕੋਈ ਵੀ ਵੱਡਾ ਆਗੂ ਅੱਗੇ ਨਹੀਂ ਆਇਆ ਅਤੇ ਨਾ ਹੀ ਹਾਅ ਦਾ ਨਾਅਰਾ ਮਾਰਿਆ ਹੈ। ਆਮ ਜਨਤਾ ਵੱਲੋਂ ਸੰਘਰਸ਼ ਲੜਿਆ ਜਾ ਰਿਹਾ ਹੈ ਜਿਸ ਦੀ ਦਾਦ ਦੇਣੀ ਬਣਦੀ ਹੈ।

**-ਡਾ. ਚਰਨਜੀਤ ਸਿੰਘ ਗੁਮਟਾਲਾ**

## ਧੀਆਂ-ਪੁੱਤ ਵਲੈਤ ਨੇ ਖਾ ਲਏ

ਪਿਛਲੀ ਪੀੜ੍ਹੀ ਦੇ ਮਿਹਨਤੀ ਸੁਭਾਅ ਨੂੰ ਅੰਗਰੇਜ਼ ਵੀ ਮੰਨਦੇ ਸਨ। ਮਿਹਨਤਾਂ ਕਾਹਦੀਆਂ ਬਸ, ਕੰਮ ਦੀ ਜਿਵੇਂ ਹਨੇਰੀ ਲਿਆ ਦਿੱਤੀ। ਫੈਕਟਰੀਆਂ ਦੇ ਚੰਗੇ-ਮਾੜੇ ਕੰਮਾਂ ਨੂੰ ਅੱਗੇ ਲਾ ਲਿਆ। ਚਾਲੀ-ਪੰਜਾਹ ਸਾਲਾਂ ਦੀਆਂ ਇਨ੍ਹਾਂ ਮਿਹਨਤਾਂ ਨੇ ਪਿਛਲੀਆਂ ਗ਼ਰੀਬੀਆਂ ਕੱਢ ਦਿੱਤੀਆਂ। ਗਹਿਣੇ ਪਏ ਖੇਤ ਛੁਡਾ ਲਏ। ਘਰਾਂ 'ਤੇ ਪੱਕੇ ਚੁਬਾਰੇ ਪਾ ਲਏ। ਜੀਹਦੀ ਗੱਲ ਬਣੀ, ਕਾਗਜ਼ ਭੇਜ-ਭੇਜ ਆਪਣੇ ਬਾਹਰ ਬੁਲਾ ਲਏ। ਸ਼ਹਿਰਾਂ ਵਿਚ ਕੋਠੀਆਂ ਲੈ ਲਈਆਂ। ਸਮੇਂ ਦਾ ਗੇੜ ਚੱਲਦਾ ਰਿਹਾ ਅਤੇ ਵਿੰਹਦਿਆਂ-ਵਿੰਹਦਿਆਂ ਇਨ੍ਹਾਂ ਚੋਬਰਾਂ ਦੀਆਂ ਦਾਹੜੀਆਂ ਬੱਗੀਆਂ ਹੋਣ ਲੱਗੀਆਂ। ਇੰਡੀਆ ਤੋਂ ਵਿਆਹ ਕਰਵਾ ਕੇ ਲਿਆਂਦੀਆਂ ਸੋਹਣੀਆਂ-ਸੁਨੱਖੀਆਂ ਮੁਟਿਆਰਾਂ ਹੁਣ ਬੇਬੇ ਬਣੀਆਂ ਹੋਈਆਂ ਹਨ। ਜਵਾਨੀ ਵਿਚ ਇਨ੍ਹਾਂ ਨੇ ਬੱਚੇ ਵੀ ਜੰਮੇ, ਘਰ ਵੀ ਸਾਂਭੇ ਅਤੇ ਮਰਦਾਂ ਵਾਂਗ ਫੈਕਟਰੀਆਂ ਵਿਚ ਚੰਗੇ-ਭਾਰੇ ਕੰਮ ਵੀ ਕੀਤੇ। ਬੱਚੇ ਜਿਵੇਂ ਹੋਇਆ ਗੋਰੀਆਂ 'ਬੇਬੀ ਮਾਈਂਡਰਾਂ' ਕੋਲ ਪਲਦੇ ਰਹੇ। ਬੱਚੇ ਵੱਡੇ ਹੋ ਕੇ ਆਪਣੇ ਘਰੀਂ ਚਲੇ ਗਏ ਅਤੇ ਪਿੱਛੇ ਰਹਿ ਗਏ ਇਕੱਲੇ ਬੇਬੇ ਅਤੇ ਬਾਪੂ। ਬੁਢਾਪੇ ਵਿਚ ਉਨ੍ਹਾਂ ਨੂੰ ਕੌਣ ਸਹਾਰਾ ਦੇਵੇ? ਪਾਰਕ ਦੀ ਸੈਰ ਕਰਦਿਆਂ ਬੇਬੇ-ਬਾਪੂ ਦੀਆਂ ਕਹਾਣੀਆਂ ਵੀ ਤੁਰਦੀਆਂ ਹਨ। ਕਈ ਵਾਰ ਪਾਰਕ ਵਿਚ ਬਣੀ ਕੰਟੀਨ ਵਿਚ ਚਾਹ ਪੀਂਦੇ ਦੁੱਖ-ਸੁੱਖ ਵੀ ਸਾਂਝਾ ਕਰਦੇ ਹਾਂ। ਜਿਹੜੇ ਧੀਆਂ-ਪੁੱਤਾਂ ਨੇ ਦੂਰ ਪਿੰਡਾਂ-ਸ਼ਹਿਰਾਂ ਵਿਚ ਵੱਡੇ ਘਰ ਲੈ ਲਏ, ਉਹ ਨਾਲ ਰਹਿਣ ਨੂੰ ਵੀ ਕਹਿੰਦੇ ਹਨ ਪਰ ਜਿਵੇਂ ਸਿਆਣੇ ਕਹਿੰਦੇ ਹੁੰਦੇ ਨੇ ਕਿ ਬੁਢਾਪੇ ਵਿਚ ਕਿੱਲਾ ਨਹੀਂ ਬਦਲਣਾ ਚਾਹੀਦਾ। ਉੱਥੇ ਸਾਨੂੰ ਕੋਈ ਜਾਣਦਾ ਨਹੀਂ, ਕੋਈ ਮੰਦਰ-ਗੁਰਦੁਆਰਾ ਨਹੀਂ। ਕੀ ਕਰਾਂਗੇ? ਵੱਡੇ ਘਰ ਤਾਂ ਠੀਕ ਹਨ ਪਰ ਹੈ ਤਾਂ ਨਿੱਗ੍ਹੀ ਕੈਦ। ਸਾਊਥਾਲ ਵਰਗੇ ਇਲਾਕੇ ਵਿਚ ਬਹੁਤ ਫ਼ਾਇਦੇ ਹਨ ਪਰ ਘਰ ਵਿਚ ਇਕਲਾਪਾ ਭੋਗਣਾ ਪੈਂਦਾ ਹੈ। ਇੰਡੀਆ ਹੁੰਦੇ ਤਾਂ ਸਾਂਝੇ ਪਰਿਵਾਰ ਵਿਚ ਰਹਿੰਦੇ। ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਦੀ ਰੌਣਕ ਹੁੰਦੀ। ਸ਼ਾਇਦ ਸਭ ਖ਼ਿਆਲੀ ਸੁਪਨੇ ਹਨ। ਜਿਹੜੇ ਆਪਣੇ ਪੁੱਤਾਂ-ਨੂੰਹਾਂ ਨਾਲ ਰਹਿੰਦੇ ਹਨ, ਉੱਥੇ ਆਪਣੇ ਮਸਲੇ ਹਨ। ਇੰਡੀਆ ਤੋਂ ਲਿਆਂਦੀਆਂ ਨੂੰਹਾਂ ਨਾਲ ਬਹੁਤਾ ਤਾਂ ਧੱਕਾ ਹੀ ਹੁੰਦੈ ਪਰ ਘੱਟ ਨੂੰਹਾਂ ਵੀ ਨਹੀਂ ਕਰਦੀਆਂ। ਕਈ ਦੱਸਦੇ ਐ, ਭਾਈ ਸਾਡੀ ਨੂੰਹ ਤਾਂ ਗਿਆਰਾਂ ਵਜੇ ਤੋਂ ਪਹਿਲਾਂ ਹੇਠਾਂ ਹੀ ਨਹੀਂ ਉਤਰਦੀ। ਚਾਹ-ਪਾਣੀ ਨੂੰ ਤਰਸ ਜਾਈਦਾ। ਫਿਰ ਨਿਆਣਿਆਂ ਨੂੰ ਸਕੂਲ ਛੱਡਣ ਅਤੇ ਲਿਆਉਣ ਦੀ ਡਿਊਟੀ ਕਰਨੀ ਪੈਂਦੀ ਹੈ। ਨੂੰਹਾਂ ਦੇ ਤੇਵਰ ਚੜ੍ਹੇ ਰਹਿੰਦੇ ਹਨ। ਬੇਬੇ ਨੂੰ ਹੁਕਮ ਹੋ ਜਾਂਦੈ... ਬੇਬੇ ਮੇਰੀ ਅੱਜ ਲੇਟ ਸ਼ਿਫਟ ਏ। ਤੂੰ ਸ਼ਾਪਿੰਗ ਕਰ ਕੇ ਸ਼ਾਮ ਨੂੰ ਦਾਲ-ਸਬਜ਼ੀ ਬਣਾ ਲਈਂ। ਮੁੰਡਾ ਕੰਮ ਤੋਂ ਆਉਂਦਾ ਹੀ ਆਪਣੇ ਕਮਰੇ ਵਿਚ ਚਲਾ ਜਾਂਦੈ। ਦੁੱਖ-ਸੁੱਖ ਦੀ ਕੋਈ ਗੱਲ ਨਹੀਂ ਕਰਦਾ।

ਇੰਡੀਆ ਬਣਾ ਕੇ ਦਿੱਤੀਆਂ ਕੋਠੀਆਂ ਹੁਣ ਭੈਣ-ਭਰਾ ਖ਼ਾਲੀ ਨਹੀਂ ਕਰਦੇ। ਸਭ ਕਾਸੇ ਦੀ ਮਦਦ ਕੀਤੀ ਪਰ ਹੁਣ ਇੰਡੀਆ ਜਾਂਦੇ ਹਨ ਤਾਂ ਰਿਸ਼ਤੇਦਾਰਾਂ ਨੂੰ ਡਰ ਪੈ ਜਾਂਦੈ ਕਿ ਕੋਠੀ ਖ਼ਾਲੀ ਕਰਵਾਉਣ ਆਇਆ ਜਾਂ ਪਿੰਡ ਵਾਲੀ ਜ਼ਮੀਨ ਦਾ ਹਿੱਸਾ ਮੰਗਣ ਆਇਆ।

ਇਕ ਭਾਈਬੰਦ ਨੇ ਦੱਸਿਆ ਕਿ ਮੈਂ ਪਿੰਡ ਗਿਆ ਕਿ ਆਪਣੇ ਭਤੀਜੇ ਨੂੰ ਮਿਲ ਜਾਵਾਂ। ਭਤੀਜਾ ਅੱਗਿਓਂ ਸੁੱਤਾ ਪਿਆ ਸੀ। ਜਗਾਇਆ ਤਾਂ ਉਹਨੇ ਕੋਈ ਫ਼ਤਹਿ ਨਹੀਂ ਬੁਲਾਈ। ਨਾ ਕੋਈ ਚਾਹ-ਪਾਣੀ ਪੁੱਛਿਆ। ਸ਼ਰਾਬੀ ਸੀ। ਕਹਿੰਦਾ...ਤਾਇਆ ਆ ਗਿਆ ਫਿਰ ਖੇਤ ਲੈਣ। ਜਿਨ੍ਹਾਂ ਨੂੰ ਖੇਤ ਲੈ ਦਿੱਤੇ, ਕੋਠੀਆਂ ਪਾ ਦਿੱਤੀਆਂ, ਉਹੋ ਰਿਸ਼ਤੇਦਾਰ ਹੁਣ ਦੁਸ਼ਮਣ ਬਣੇ ਹੋਏ ਹਨ।

ਸਭ ਤੋਂ ਮਾੜਾ ਹਾਲ ਉਨ੍ਹਾਂ ਦਾ ਹੈ ਜਿਨ੍ਹਾਂ ਦੇ ਸਾਥੀ ਤੁਰ ਗਏ। ਬੰਦਾ ਜਾਂ ਘਰ ਵਾਲੀ ਇਕੱਲੇ ਰਹਿ ਗਏ। 'ਕੱਲਾ ਤਾਂ ਇਕ ਹੀ ਹੁੰਦੈ, ਦੋ ਗਿਆਰਾਂ। ਭਾਵੇਂ ਬਿਮਾਰ ਹੀ ਹੋਣ। 'ਕੱਲੇ ਨੂੰ ਰਾਤ-ਬਰਾਤੇ ਕੋਈ ਐਮਰਜੈਂਸੀ ਪੈ ਜਾਵੇ ਤਾਂ ਕੀ ਕਰੇ। ਹਸਪਤਾਲ ਜਾਣਾ ਪਵੇ ਤਾਂ ਕੌਣ ਲਿਜਾਏ? ਦਵਾਈ ਕੌਣ ਲਿਆ ਕੇ ਦੇਵੇ? ਫਿਰ ਅੱਜਕੱਲ੍ਹ ਚੋਰੀਆਂ-ਡਕੈਤੀਆਂ ਦਾ ਅਲੱਗ ਡਰ ਹੈ। ਸਰਦੀਆਂ ਦੀਆਂ ਲੰਬੀਆਂ ਹਨੇਰੀਆਂ ਰਾਤਾਂ ਕਿਵੇਂ ਕੱਟਣ? ਦੂਰ ਰਹਿੰਦੇ ਧੀਆਂ-ਪੁੱਤ ਠੀਕ ਹੈ ਫੋਨ ਜ਼ਰੂਰ ਕਰ ਲੈਂਦੇ ਹਨ ਪਰ ਰਹਿਣਾ ਤਾਂ ਫਿਰ ਵੀ ਇਕੱਲਿਆਂ ਹੀ ਹੈ। ਕੌਂਸਲਾਂ ਨੇ ਬਿਰਧ ਸੈਂਟਰ ਬਣਾਏ ਹੋਏ ਹਨ ਜਿੱਥੇ ਰੋਟੀ ਵੀ ਮਿਲਦੀ ਹੈ, ਕੱਪੜੇ ਧੋ ਕੇ ਸੁਕਾ ਦਿੰਦੇ ਹਨ। ਸਭ ਕੁਝ ਹੈ ਪਰ ਕੋਲ ਬਹਿਣ ਵਾਲਾ ਕੋਈ ਨਹੀਂ। ਇਸੇ ਤਰ੍ਹਾਂ ਇਕ ਦਿਨ ਸੈਰ ਕਰਦਿਆਂ ਇਕ ਭਾਈਬੰਦ ਕਹਿੰਦਾ, ਤੇਰੇ ਨਾਲ ਗੱਲ ਕਰਨੀ ਹੈ। ਅਸੀਂ ਕੰਟੀਨ ਵਿਚ ਆ ਬੈਠੇ। ਕਹਿੰਦਾ... ਬਾਈ, ਕਿਸੇ ਨਾਲ ਗੱਲ ਨਾ ਕਰੀਂ। ਮੈਨੂੰ ਸਲਾਹ ਦੇ। ਮੈਂ ਸਾਰੀ ਉਮਰ ਬੇਕਰੀ ਵਿਚ ਮਜ਼ਦੂਰੀ ਕੀਤੀ ਅਤੇ ਤਿੰਨ ਘਰ ਲੈ ਲਏ। ਦੋ ਘਰ ਮੈਂ ਦੋਹਾਂ ਮੁੰਡਿਆਂ ਨੂੰ ਦੇ ਦਿੱਤੇ। ਵਿਆਹ ਕਰ ਦਿੱਤੇ। ਵੱਡੇ ਦਾ ਚੰਗਾ ਕੰਮ ਹੈ, ਬੱਚੇ ਹਨ ਅਤੇ ਵਧੀਆ ਰਹਿੰਦੈ। ਆਹ, ਮੇਰੇ ਘਰ ਦੇ ਨੇੜੇ ਹੀ ਹੈ। ਰੋਟੀ ਮੈਂ ਦੋ ਵੇਲੇ ਉਹਦੇ ਘਰ ਖਾ ਲੈਂਦਾ ਹਾਂ।

ਪਰ ਛੋਟੇ ਦਾ ਤਲਾਕ ਹੋ ਗਿਆ ਹੈ। ਆਪਣੀ ਘਰ ਵਾਲੀ ਨੂੰ ਕੁੱਟਦਾ-ਮਾਰਦਾ ਸੀ। ਅਦਾਲਤ ਨੇ ਉਹਦੇ ਵਾਲਾ ਘਰ ਉਹਦੀ ਘਰ ਵਾਲੀ ਨੂੰ ਦੇ ਦਿੱਤਾ। ਬੱਚਿਆਂ ਨੂੰ ਮਿਲਣ 'ਤੇ ਪਾਬੰਦੀ ਲਾ ਦਿੱਤੀ ਕਿਉਂਕਿ ਮਾਰਦਾ-ਕੁੱਟਦਾ ਸੀ। ਉਹਨੂੰ ਹੁਣ ਡਿਪ੍ਰੈਸ਼ਨ ਹੋਇਆ ਪਿਆ। ਘਰ ਗੁਆ ਲਿਆ, ਬੱਚੇ-ਬੀਵੀ ਗੁਆ ਲਏ। ਮੇਰੇ ਨਾਲ ਰਹਿੰਦਾ ਹੈ। ਪਿਛਲੇ ਵੀਕ ਵੱਡਾ ਮੁੰਡਾ ਕਹਿੰਦਾ... ਬਾਪੂ ਆਪਣੀ ਰੋਟੀ ਦਾ ਕੰਮ ਹੁਣ ਤੂੰ ਆਪ ਹੀ ਕਰ ਲਿਆ ਕਰ। ਘਰ ਵਾਲੀ ਕਹਿੰਦੀ ਉਹ ਕੰਮ ਵੀ ਕਰਦੀ ਅਤੇ ਬੱਚੇ ਵੀ ਸਾਂਭਦੀ ਹੈ। ਕਹਿੰਦਿਆਂ-ਕਹਿੰਦਿਆਂ ਉਹ ਅੱਖਾਂ ਭਰ ਆਇਆ। ...ਤੇ ਛੋਟਾ ਮੁੰਡਾ ਕਹਿੰਦੈ, ਬਾਪੂ ਮੈਂ ਨਵੀਂ ਜੌਬ ਲੱਭ ਲਈ ਹੈ। ਆਪਾਂ ਇਹ ਘਰ ਵੇਚ ਕੇ ਬਾਹਰ ਘਰ ਲੈ ਲਈਏ। ਅਖੇ, ਮੌਰਗੇਜ ਮੇਰੇ ਨਾਲ ਮਿਲ ਜਾਊਗੀ। ਤੂੰ ਮੇਰੇ ਨਾਲ ਰਹੀ ਜਾਈਂ। ਵੱਡਾ ਮੁੰਡਾ ਤਾਂ ਰੋਟੀ ਦੇਣ ਵੀ ਭੱਜ ਗਿਆ। ਘਰ ਵਾਲੀ ਤੁਰ ਗਈ। ਮੇਰੀ ਉਮਰ 83 ਸਾਲ ਦੀ ਹੋ ਗਈ ਹੈ। ਦੂਜੇ ਨੇ ਸਭ ਕੁਝ ਗੁਆ ਲਿਆ। ਹੁਣ ਜੇ ਆਪਣੇ ਵਾਲਾ ਘਰ ਵੀ ਇਹਨੂੰ ਦੇ ਦਿਆਂ ਤਾਂ ਸਲਾਹ ਦੇ ਮੈਨੂੰ। ਪੋਤੇ-ਪੋਤੀਆਂ ਨੂੰ ਵੀ ਮਿਲਣ ਨਹੀਂ ਜਾ ਸਕਦਾ। ਬਹੁਤ ਯਾਦ ਆਉਂਦੇ ਹਨ...। ਬੱਚਿਆਂ ਨੂੰ ਯਾਦ ਕਰ ਕੇ ਉਹਦਾ ਦਿਲ ਭਰ ਆਇਆ। ਉਸ ਦੀ ਕਹਾਣੀ ਸੁਣ ਕੇ ਮੇਰਾ ਮਨ ਵੀ ਪਸੀਜ ਗਿਆ। ਮੈਂ ਉਹਦਾ ਹੱਥ ਫੜ ਕੇ ਘੁੱਟ ਲਿਆ। ਕਹਿੰਦਾ, ਜੇ ਇਹਨੇ ਵੀ ਕੱਲ੍ਹ ਨੂੰ ਕਹਿ ਦਿੱਤਾ ਕਿ ਬਾਪੂ ਤੂੰ ਹੁਣ ਆਪਣੀ ਆਪ ਹੀ ਸੋਚ ਤਾਂ ਮੈਂ ਕਿਹੜੇ ਖੂਹ ਵਿਚ ਮਰੂੰ! ਵੇਖ ਲਓ ਵਲਾਇਤ ਦੀਆਂ ਬਰਕਤਾਂ।

**-ਰਣਜੀਤ ਧੀਰ**

# ਗ਼ਦਰ ਅਖ਼ਬਾਰ ਦੀ ਸਥਾਪਨਾ ਦਾ ਮਹੱਤਵ

**ਬਲਵਿੰਦਰ ਸਿੰਘ ਭੁੱਲਰ**

ਗੁਲਾਮੀ ਤੋਂ ਤੰਗ ਭਾਰਤੀਆਂ ਨੇ ਜਦੋਂ ਬਗ਼ਾਵਤ ਦਾ ਝੰਡਾ ਚੁੱਕ ਕੇ ਆਜ਼ਾਦੀ ਦਾ ਰਾਹ ਫੜਿਆ ਤਾਂ ਮੁਲਕ ਤੋਂ ਬਾਹਰ ਬੈਠੇ ਦੇਸ਼ ਵਾਸੀਆਂ ਵਿੱਚ ਵੀ ਆਜ਼ੀਦੀ ਦੀ ਤੜਪ ਪੈਦਾ ਹੋ ਗਈ। ਵਿਦੇਸ਼ਾਂ ਵਿੱਚ ਬੈਠੇ ਭਾਰਤੀਆਂ ਖ਼ਾਸਕਰ ਪੰਜਾਬੀਆਂ ਨੇ ਆਪਣੇ ਵਤਨ ਲਈ ਕੰਮਕਾਰ, ਜ਼ਮੀਨਾਂ, ਜਾਇਦਾਦਾਂ ਤਾਂ ਕੀ ਜਾਨ ਤਕ ਦੀ ਪ੍ਰਵਾਹ ਨਾ ਕਰਦਿਆਂ ਆਜ਼ਾਦੀ ਲਹਿਰ ਵਿੱਚ ਕੁੱਦਣ ਨੂੰ ਆਪਣਾ ਫ਼ਰਜ਼ ਸਮਝਿਆ। ਅਜਿਹੇ ਸਮੇਂ ਉਨ੍ਹਾਂ ਜਿੱਥੇ ਜਥੇਬੰਦੀ ਬਣਾ ਕੇ ਹੈੱਡਕੁਆਰਟਰ ਸਥਾਪਿਤ ਕਰਨ ਦਾ ਫ਼ੈਸਲਾ ਲਿਆ, ਉੱਥੇ ਵੱਖ ਵੱਖ ਦੇਸ਼ਾਂ ਵਿੱਚ ਬੈਠੇ ਭਾਰਤੀਆਂ ਨੂੰ ਜਾਗਰੂਕ ਕਰਨ ਲਈ ਅਖ਼ਬਾਰ ਪ੍ਰਕਾਸ਼ਿਤ ਕਰਨ ਦੀ ਲੋੜ ਵੀ ਮਹਿਸੂਸ ਕੀਤੀ।

21 ਅਪਰੈਲ 1913 ਨੂੰ ਉਨ੍ਹਾਂ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਂ ਦੀ ਜਥੇਬੰਦੀ ਕਾਇਮ ਕੀਤੀ, ਜੋ ਬਾਅਦ ਵਿੱਚ 'ਗ਼ਦਰ ਪਾਰਟੀ' ਦੇ ਨਾਂ ਨਾਲ ਪ੍ਰਸਿੱਧ ਹੋਈ। ਇਸ ਜਥੇਬੰਦੀ ਦੇ ਪ੍ਰਧਾਨ ਸੋਹਨ ਸਿੰਘ ਭਕਨਾ, ਮੀਤ ਪ੍ਰਧਾਨ ਭਾਈ ਕੇਸਰ ਸਿੰਘ ਠਠਵਾਲ, ਜਨਰਲ ਸਕੱਤਰ ਲਾਲਾ ਹਰਦਿਆਲ, ਖ਼ਜ਼ਾਨਚੀ ਪੰਡਤ ਕਾਂਸ਼ੀ ਰਾਮ ਮੜੌਲੀ, ਮੀਤ ਖ਼ਜ਼ਾਨਚੀ ਹਰਨਾਮ ਸਿੰਘ ਕੋਟਲਾ ਨੌਧ ਸਿੰਘ ਤੇ ਆਰਗੇਨਾਈਜ਼ਿੰਗ ਸਕੱਤਰ ਕਰੀਮ ਬਖ਼ਸ਼ ਤੇ ਮੁਨਸ਼ੀ ਰਾਮ ਚੁਣੇ ਗਏ। ਇਸ ਜਥੇਬੰਦੀ ਨੇ ਹਥਿਆਰਬੰਦ ਇਨਕਲਾਬ ਰਾਹੀਂ ਦੇਸ਼ ਆਜ਼ਾਦ ਕਰ ਕੇ ਧਰਮ ਨਿਰਪੇਖ ਜਮਹੂਰੀ ਰਾਜ ਕਾਇਮ ਕਰਨ ਦਾ ਨਿਸ਼ਾਨਾ ਮਿੱਥਦਿਆਂ ਆਪਣਾ ਹੈੱਡਕੁਆਰਟਰ 436 ਹਿੱਲ ਸਟਰੀਟ ਸਾਂ ਫਰਾਂਸਿਸਕੋ ਅਮਰੀਕਾ ਵਿੱਚ ਬਣਾਇਆ, ਜੋ ਬਾਅਦ ਵਿੱਚ ਬਦਲ ਕੇ 5 ਵੁੱਡ ਸਟਰੀਟ ਵਿੱਚ ਲਿਜਾਇਆ ਗਿਆ। ਲਾਲਾ ਹਰਦਿਆਲ ਨੂੰ ਇਸ ਕੇਂਦਰੀ ਦਫ਼ਤਰ ਦਾ ਇੰਜਾਰਜ ਥਾਪਿਆ ਗਿਆ। ਇਹ ਦਫ਼ਤਰ ਬਾਅਦ ਵਿੱਚ 'ਗ਼ਦਰ ਆਸ਼ਰਮ' ਦੇ ਨਾਂ ਨਾਲ ਪ੍ਰਸਿੱਧ ਹੋਇਆ।

ਜਥੇਬੰਦੀ ਤੇ ਦਫ਼ਤਰ ਬਣ ਜਾਣ ਪਿੱਛੋਂ ਇਨ੍ਹਾਂ ਆਜ਼ਾਦੀ ਪ੍ਰਵਾਨਿਆਂ ਨੇ ਵੱਖ ਵੱਖ ਦੇਸ਼ਾਂ ਵਿੱਚ ਬੈਠੇ ਭਾਰਤੀਆਂ ਨਾਲ ਸੰਪਰਕ ਕਾਇਮ ਕਰਨ ਤੇ ਉਨ੍ਹਾਂ ਨੂੰ ਜਾਗਰੂਕ ਕਰਨ ਲਈ ਅਖ਼ਬਾਰ ਕੱਢਣ ਦਾ ਫ਼ੈਸਲਾ ਲਿਆ। ਉਨ੍ਹਾਂ ਕੇਂਦਰੀ ਦਫ਼ਤਰ ਵਿੱਚ ਹੀ ਇੱਕ ਪ੍ਰੈਸ ਲਗਾਈ, ਜਿਸ ਨੂੰ ਚਲਾਉਣ ਲਈ ਇੱਕ ਅੰਗਰੇਜ਼ ਨੂੰ ਬਤੌਰ ਮਸ਼ੀਨਮੈਨ ਭਰਤੀ ਕੀਤਾ ਗਿਆ। ਇਸ ਕਾਰਜ ਨੂੰ ਸਫ਼ਲ ਬਣਾਉਣ ਲਈ ਉਸ




ਸਮੇਂ ਬਰਕਲੇ ਯੂਨੀਵਰਸਿਟੀ ਵਿੱਚ ਪੜ੍ਹਾਈ ਕਰ ਰਿਹਾ ਕਰਤਾਰ ਸਿੰਘ ਸਰਾਭਾ ਕੇਂਦਰੀ ਦਫ਼ਤਰ ਵਿੱਚ ਪਹੁੰਚ ਗਿਆ। ਛੇਤੀ ਹੀ ਉਸ ਨੇ ਪ੍ਰੈਸ ਦਾ ਕੰਮ ਸਿੱਖ ਲਿਆ ਤੇ ਅੰਗਰੇਜ਼ ਮਸ਼ੀਨਮੈਨ ਦੀ ਛੁੱਟੀ ਕਰ ਦਿੱਤੀ। ਗੁਪਤਵਾਸ ਆਜ਼ੀਦੀ ਪ੍ਰਵਾਨਿਆਂ ਦੀਆਂ ਸੂਚਨਾਵਾਂ ਨੂੰ ਛੁਪਾ ਕੇ ਰੱਖਣ ਲਈ ਅਜਿਹਾ ਕਰਨਾ ਜ਼ਰੂਰੀ ਵੀ ਸੀ। ਇਸੇ ਦੌਰਾਨ ਯੂ.ਪੀ ਦਾ ਇੱਕ ਨੌਜਵਾਨ ਰਘਵੀਰ ਦਿਆਲ ਵੀ ਮਦਦ ਲਈ ਪਹੁੰਚ ਗਿਆ।

ਜਥੇਬੰਦੀ ਦੇ ਫ਼ੈਸਲੇ ਅਨੁਸਾਰ ਅਖ਼ਬਾਰ ਦਾ ਨਾਂ 'ਗ਼ਦਰ' ਰੱਖਦਿਆਂ ਪਹਿਲਾ ਹਫ਼ਤਾਵਾਰੀ ਪੇਪਰ 1, ਨਵੰਬਰ 1913 ਨੂੰ ਕੱਢਿਆ ਗਿਆ। ਇਹ ਅਖ਼ਬਾਰ ਉਰਦੂ ਭਾਸ਼ਾ ਵਿੱਚ ਪ੍ਰਕਾਸ਼ਿਤ ਹੋਇਆ। ਇਸ ਅਖ਼ਬਾਰ ਦੀਆਂ ਪਹਿਲੀਆਂ ਲਾਈਨਾਂ ਵਿੱਚ 'ਵਿਦੇਸ਼ੀ ਧਰਤੀ ਤੋਂ ਦੇਸੀ ਜ਼ਬਾਨਾਂ ਵਿੱਚ' ਲਿਖਿਆ ਹੋਇਆ ਸੀ, ਜੋ ਅੰਗਰੇਜ਼ ਸਰਕਾਰ ਵਿਰੁੱਧ ਇੱਕ ਤਰ੍ਹਾਂ ਚੁਣੌਤੀ ਸੀ। ਪਹਿਲੇ ਪੰਨੇ ਉੱਤੇ ਇਹ ਐਲਾਨ ਵੀ ਦਰਜ ਸੀ, "ਅੱਜ ਪਹਿਲੀ ਨਵੰਬਰ 1913 ਭਾਰਤ ਦੀ ਤਵਾਰੀਖ ਵਿੱਚ ਇੱਕ ਨਵਾਂ ਸੰਮਤ ਚਲਦਾ ਹੈ, ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁੱਧ ਪਰਦੇਸ ਵਿੱਚੋਂ ਦੇਸੀ ਜ਼ਬਾਨ ਵਿੱਚ ਜੰਗ ਛਿੜਦੀ ਹੈ।" ਕੁਝ ਹਫ਼ਤਿਆਂ ਬਾਅਦ ਇਹ ਬੰਗਾਲੀ, ਹਿੰਦੀ, ਗੁਜਰਾਤੀ ਤੇ ਗੁਰਮੁਖੀ ਭਾਸ਼ਾ ਵਿੱਚ ਵੀ ਪ੍ਰਕਾਸ਼ਿਤ ਹੋਣਾ ਸ਼ੁਰੂ ਹੋ ਗਿਆ। ਇਸ ਸਮੇਂ ਅੰਗਰੇਜ਼ ਹਕੂਮਤ ਪੰਜਾਬੀਆਂ ਤੇ ਪੰਜਾਬੀ ਭਾਸ਼ਾ ਤੋਂ ਡਰੀ ਹੋਈ ਸੀ। ਇਸੇ ਕਰਕੇ ਪੰਜਾਬ ਉੱਤੇ ਕਬਜ਼ਾ ਕਰਨ ਪਿੱਛੋਂ ਅੰਗਰੇਜ਼ ਹਕੂਮਤ ਨੇ ਪੰਜਾਬੀਆਂ ਲਈ ਵਿਸ਼ੇਸ਼ ਹੁਕਮ ਜਾਰੀ ਕੀਤਾ ਸੀ ਕਿ ਜਿਹੜਾ ਵਿਅਕਤੀ ਆਪਣਾ ਹਥਿਆਰ ਜਮ੍ਹਾਂ ਕਰਵਾਏਗਾ, ਉਸ ਨੂੰ ਇੱਕ ਆਨਾ ਇਨਾਮ ਦਿੱਤਾ ਜਾਵੇਗਾ ਤੇ ਜਿਹੜਾ ਪੰਜਾਬੀ ਆਪਣੇ ਕੋਲ ਪਿਆ ਪੰਜਾਬੀ ਸਿੱਖਣ ਵਾਲਾ ਮੁਢਲਾ ਕੈਦਾ ਜਮ੍ਹਾਂ ਕਰਵਾਏਗਾ, ਉਸ ਨੂੰ ਛੇ ਆਨੇ ਇਨਾਮ ਦਿੱਤਾ ਜਾਵੇਗਾ। ਇਸ ਤੋਂ ਸਪੱਸ਼ਟ ਸੀ ਕਿ ਅੰਗਰੇਜ਼ ਸਰਕਾਰ ਪੰਜਾਬੀਆਂ ਨੂੰ ਹਥਿਆਰਾਂ ਤੋਂ ਵਾਂਝਾ ਕਰਨ ਦੇ ਨਾਲ ਨਾਲ ਪੰਜਾਬੀ ਭਾਸ਼ਾ ਨੂੰ ਘਾਤਕ ਹਥਿਆਰ ਸਮਝਦਿਆਂ ਉਸ ਨੂੰ ਵੀ ਖ਼ਤਮ ਕਰਨ ਲਈ ਯਤਨਸ਼ੀਲ ਸੀ।

ਵਿਦੇਸ਼ਾਂ ਵਿੱਚ ਬੈਠੇ ਗ਼ਦਰੀ ਬਾਬਿਆਂ ਨੇ ਅਖ਼ਬਾਰ ਸ਼ੁਰੂ ਕਰ ਕੇ ਅੰਗਰੇਜ਼ ਸਰਕਾਰ ਨੂੰ ਚਿਤਾਵਨੀ ਦੇ ਦਿੱਤੀ ਸੀ। ਅਖ਼ਬਾਰ ਦਾ ਮਜ਼ਮੂਨ ਲਾਲਾ ਹਰਦਿਆਲ ਲਿਖ ਦਿੰਦੇ, ਉਰਦੂ ਦਾ ਮੈਟਰ ਰਘਵੀਰ ਦਿਆਲ ਇਕੱਠਾ ਕਰਦਾ ਤੇ ਕਰਤਾਰ ਸਿੰਘ ਸਰਾਭਾ ਉਸ ਦਾ ਗੁਰਮੁਖੀ ਵਿੱਚ ਉਲੱਥਾ ਕਰ ਦਿੰਦਾ। ਇਸ ਅਖ਼ਬਾਰ ਵਿੱਚ ਇਨਕਲਾਬੀ ਲੇਖ ਛਾਪੇ ਜਾਂਦੇ, ਆਜ਼ਾਦੀ ਘੁਲਾਟੀਆਂ ਨੂੰ ਜਾਗਰੂਕ ਕਰਨ ਤੇ ਆਜ਼ਾਦੀ ਦੀ ਪ੍ਰਾਪਤੀ ਲਈ ਸੁਨੇਹੇ ਦਿੱਤੇ ਜਾਂਦੇ, ਜਿਨ੍ਹਾਂ ਨੇ ਭਾਰਤ ਨੂੰ ਆਜ਼ਾਦ ਕਰਾਉਣ ਲਈ ਭਾਂਬੜ ਬਾਲ ਦਿੱਤੇ। ਇਸ ਅਖ਼ਬਾਰ ਵਿੱਚ ਜਿੱਥੇ ਕਰਤਾਰ ਸਿੰਘ ਸਰਾਭਾ ਖ਼ੁਦ ਇਨਕਲਾਬੀ ਲੇਖ ਤੇ ਕਵਿਤਾਵਾਂ ਲਿਖਦੇ, ਉੱਥੇ ਭਗਤ ਸਿੰਘ ਆਪਣੇ ਅਸਲੀ ਨਾਂ ਦੀ ਥਾਂ ਬਲਵੰਤ ਸਿੰਘ ਦੇ ਨਾਂ ਹੇਠ ਲਿਖਦੇ ਸਨ। ਇਸ ਸਮੇਂ ਇੱਕ ਸਾਜ਼ਿਸ਼ ਤਹਿਤ ਅਮਰੀਕਾ ਨੇ ਲਾਲਾ ਹਰਦਿਆਲ ਨੂੰ ਅਮਰੀਕਾ ਛੱਡਣ ਲਈ ਦਬਾਅ ਪਾਇਆ। ਉਨ੍ਹਾਂ ਵੱਲੋਂ ਕੇਂਦਰੀ ਦਫ਼ਤਰ ਛੱਡ ਦੇਣ ਉੱਤੇ ਭਾਈ ਸੰਤੋਖ ਸਿੰਘ ਜਨਰਲ ਸਕੱਤਰ ਥਾਪੇ ਗਏ। ਇਸੇ ਦੌਰਾਨ ਮੌਲਵੀ ਬਰਕਤੁੱਲਾ ਜਪਾਨ ਅਤੇ ਭਾਈ ਭਗਵਾਨ ਸਿੰਘ ਫਿਲਪੀਨਜ਼ ਤੋਂ ਉੱਥੇ ਆ ਪਹੁੰਚੇ। ਉਨ੍ਹਾਂ ਤੋਂ ਇਲਾਵਾ ਸੋਹਣ ਸਿੰਘ ਪਾਠਕ, ਪੰਡਿਤ ਕਾਂਸ਼ੀ ਰਾਮ, ਹਰਨਾਮ ਸਿੰਘ ਟੁੰਡੀਲਾਟ, ਹਰਨਾਮ ਸਿੰਘ ਸਾਹਰੀ ਤੇ ਰਾਮ ਚੰਦ ਵੀ ਅਖ਼ਬਾਰ ਲਈ ਕੰਮ ਕਰਦੇ ਰਹੇ।

ਇਸ ਗ਼ਦਰ ਅਖ਼ਬਾਰ ਵੱਲੋਂ ਆਜ਼ਾਦੀ ਦੀ ਲਹਿਰ ਲਈ ਨਿਭਾਈ ਭੂਮਿਕਾ ਮਹੱਤਵਪੂਰਨ ਮੰਨੀ ਜਾਂਦੀ ਹੈ। ਅੱਜ ਦੇ ਮੀਡੀਆ ਵੱਲੋਂ ਵੀ ਇਸ ਅਖ਼ਬਾਰ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦਿਆਂ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਤੇ ਲੋਕ ਹੱਕਾਂ ਦੀ ਪ੍ਰਾਪਤੀ ਲਈ ਸਹਿਯੋਗੀ ਬਣਨ ਦੀ ਜਾਚ ਸਿੱਖਣੀ ਸਮੇਂ ਦੀ ਲੋੜ ਹੈ।

# ਫ਼ਖ਼ਰ-ਏ-ਕੌਮ ਮਾਸਟਰ ਤਾਰਾ ਸਿੰਘ

**ਡਾ. ਹਰਦੀਪ ਸਿੰਘ**

ਮਾਸਟਰ ਤਾਰਾ ਸਿੰਘ 20 ਵੀਂ ਸਦੀ ਵਿੱਚ ਪੰਜਾਬੀਆਂ, ਖਾਸ ਕਰਕੇ ਸਿੱਖਾਂ ਦੇ ਸਿਆਸੀ ਤੇ ਧਾਰਮਿਕ ਨੇਤਾ ਹੋਏ ਹਨ। ਉਨ੍ਹਾਂ ਦਾ ਪਹਿਲਾ ਨਾਮ ਨਾਨਕ ਚੰਦ ਸੀ। ਉਨ੍ਹਾਂ ਦਾ ਜਨਮ 24 ਜੂਨ 1885 ਨੂੰ ਰਾਵਲਪਿੰਡੀ ਜ਼ਿਲ੍ਹੇ ਦੇ ਪਿੰਡ ਹਰਾਂ ਹਰਿਆਲ ਵਿੱਚ ਪਿਤਾ ਬਖ਼ਸ਼ੀ ਗੋਪੀ ਚੰਦ ਤੇ ਮਾਤਾ ਮੂਲਾਂ ਦੇਵੀ ਦੇ ਘਰ ਹੋਇਆ। ਮੁੱਢਲੀ ਪੜ੍ਹਾਈ ਆਪਣੇ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਕੇ ਮਿਸ਼ਨ ਸਕੂਲ ਰਾਵਲਪਿੰਡ ਵਿੱਚ ਦਾਖਲਾ ਲਿਆ। ਦਸਵੀਂ ਪਾਸ ਕਰਕੇ ਉਨ੍ਹਾਂ ਨੇ ਅਗਲੀ ਪੜ੍ਹਾਈ ਜਾਰੀ ਰੱਖਣ ਲਈ ਪ੍ਰਿੰਸੀਪਲ ਜੋਧ ਸਿੰਘ ਦੀ ਸਹਾਇਤਾ ਨਾਲ 2 ਜਨਵਰੀ 1904 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿੱਚ ਦਾਖਲਾ ਲਿਆ। 1907 ਵਿੱਚ ਖ਼ਾਲਸਾ ਕਾਲਜ ਤੋਂ ਬੀ.ਏ. ਕਰਕੇ ਐਸ.ਏ.ਵੀ. ਦੀ ਵਿੱਦਿਆ ਲਈ ਸੈਂਟ੍ਰਲ ਟ੍ਰੇਨਿੰਗ ਕਾਲਜ ਵਿੱਚ ਦਾਖਲਾ ਲਿਆ ਤੇ 1908 ਵਿੱਚ ਪ੍ਰੀਖਿਆ ਪਾਸ ਕਰਕੇ ਲਾਇਲਪੁਰ ਚਲੇ ਗਏ ਜਿੱਥੇ ਉਨ੍ਹਾਂ ਸਥਾਨਕ ਸਿੱਖਾਂ ਦੀ ਸਹਾਇਤਾ ਨਾਲ ਖ਼ਾਲਸਾ ਹਾਈ ਸਕੂਲ ਖੋਲ੍ਹਿਆ। ਇਹ ਸਕੂਲ ਚਲਾਉਣ ਕਰਕੇ ਆਪ ਦੇ ਨਾਂ ਨਾਲ 'ਮਾਸਟਰ' ਸ਼ਬਦ ਸਦਾ ਲਈ ਜੁੜ ਗਿਆ।



ਮਾਸਟਰ ਤਾਰਾ ਸਿੰਘ ਨੇ 1920 ਵਿੱਚ ਗੁਰਦੁਆਰਾ ਸੁਧਾਰ ਲਹਿਰ ਵਿੱਚ ਆਪਣੀ ਅਹਿਮ ਭੂਮਿਕਾ ਨਿਭਾਈ। ਸ਼੍ਰੋਮਣੀ ਕਮੇਟੀ ਨੇ ਗੁਰਮੁਖੀ 'ਅਕਾਲੀ' ਅਖ਼ਬਾਰ ਦੇ ਐਡੀਟਰ ਬਣਾਇਆ। ਉਨ੍ਹਾਂ ਨੇ ਨਨਕਾਣਾ ਸਾਹਿਬ ਦੇ ਸਾਕੇ 20 ਫ਼ਰਵਰੀ 1921 ਸਮੇਂ ਹਾਲਾਤ ਨੂੰ ਵਧੇਰੇ ਖ਼ਰਾਬ ਹੋਣ ਤੋਂ ਬਚਾਉਣ ਲਈ ਬਹੁਤ ਯਤਨ ਕੀਤੇ ਪ੍ਰੰਤੂ ਸਿੱਖ ਜੱਥਾ ਨਨਕਾਣਾ ਸਾਹਿਬ ਪਹੁੰਚਦੇ ਹੀ ਮਹੰਤ ਨਰੈਣ ਦਾਸ ਨੇ ਹਮਲਾ ਕਰਵਾ ਕੇ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ। ਉਸ ਦਿਨ ਤੋਂ ਹੀ ਮਾਸਟਰ ਜੀ ਨੇ ਆਪਣਾ ਸਾਰਾ ਜੀਵਨ ਪੰਥ ਦੀ ਸੇਵਾ ਲਈ ਲਾਉਣ ਦਾ ਪ੍ਰਣ ਕਰ ਲਿਆ। 26 ਨਵੰਬਰ1921 ਨੂੰ 'ਚਾਬੀਆਂ ਦੇ ਮੋਰਚੇ' ਵਿੱਚ ਅਜਨਾਲੇ ਤਕਰੀਰ ਕਰਨ ਦੇ ਦੋਸ਼ ਵਿੱਚ ਅੰਗਰੇਜ਼ ਸਰਕਾਰ ਨੇ ਦਸੰਬਰ 1921 ਨੂੰ 6 ਮਹੀਨੇ ਸਖ਼ਤ ਕੈਦ ਤੇ ਇਕ ਹਜ਼ਾਰ ਰੁਪਏ ਜੁਰਮਾਨਾ ਕੀਤਾ। ਨਾਭੇ ਦੇ ਮਹਾਰਾਜਾ ਹੀਰਾ ਸਿੰਘ ਦੇ ਪੁੱਤਰ ਮਹਾਰਾਜਾ ਰਿਪੁਦਮਨ ਸਿੰਘ ਕੋਲੋਂ ਅੰਗਰੇਜ਼ਾਂ ਦੁਆਰਾ ਰਾਜਗੱਦੀ ਖੋਹਣ ਮਗਰੋਂ ਕੋਡਾਈ ਕਨਾਲ ਵਿੱਚ ਨਜ਼ਰਬੰਦ ਕਰਨ 'ਤੇ ਮਾਸਟਰ ਜੀ ਦੇ ਦਿਲ ਉੱਤੇ ਬੜਾ ਡੂੰਘਾ ਅਸਰ ਹੋਇਆ। 13 ਅਕਤੂਬਰ 1923 ਨੂੰ 'ਜੈਤੋਂ ਦਾ ਮੋਰਚਾ' ਵਧੇਰੇ ਭਖ਼ਣ ਕਰਕੇ ਆਪ ਨੂੰ ਬਾਕੀ ਸਾਥੀਆਂ ਦੇ ਨਾਲ ਧਾਰਾ 121 ਤੇ124 ਅਧੀਨ ਗ੍ਰਿਫ਼ਤਾਰ ਕਰਕੇ ਅੰਮ੍ਰਿਤਸਰ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਜਿੱਥੋਂ 6 ਮਹੀਨੇ ਮਗਰੋਂ ਸ਼ਾਹੀ ਕਿਲ੍ਹਾ ਲਾਹੌਰ ਬਦਲ ਦਿੱਤਾ ਗਿਆ। 1927 ਵਿੱਚ ਮੋਤੀ ਲਾਲ ਨਹਿਰੂ ਰਿਪੋਰਟ ਆਉਣ ਵਿੱਚ ਸਿੱਖ ਘੱਟਗਿਣਤੀ ਸੰਬੰਧੀ ਕੋਈ ਜ਼ਿਕਰ ਤੱਕ ਨਾ ਆਉਣ 'ਤੇ ਤਾਰਾ ਸਿੰਘ ਨੇ ਕਾਂਗਰਸ ਪਾਰਟੀ ਦੀ ਉੱਕਾ ਪ੍ਰਵਾਹ ਨਾ ਕਰਦਿਆਂ ਰਿਪੋਰਟ ਦਾ ਜ਼ੋਰਦਾਰ ਵਿਰੋਧ ਕੀਤਾ। 1929 ਵਿੱਚ ਆਪ ਅਕਾਲੀ ਦਲ ਅਤੇ ਸੈਂਟਰਲ ਸਿੱਖ ਲੀਗ ਦੇ ਪ੍ਰਧਾਨ ਰਹੇ। ਮੁਸਲਿਮ ਲੀਗ ਵੱਲੋਂ 1940 ਵਿੱਚ ਪਾਕਿਸਤਾਨ ਦੀ ਮੰਗ ਕੀਤੇ ਜਾਣ ਦਾ ਉਨ੍ਹਾਂ ਨੇ ਪੂਰੇ ਜ਼ੋਰ ਨਾਲ ਵਿਰੋਧ ਕੀਤਾ ਅਤੇ 1941 ਵਿੱਚ ਕਰਾਚੀ ਵਿਖੇ ਅਕਾਲੀ ਕਾਨਫ਼ਰੰਸ ਬੁਲਾ ਕੇ ਸਿੱਖਾਂ ਦੇ ਭਾਵਾਂ ਦਾ ਪ੍ਰਗਟਾਵਾ ਕੀਤਾ। ਮਾਸਟਰ ਜੀ ਦੀ ਪੜ੍ਹਾਈ ਦੇ ਖੇਤਰ ਵਿੱਚ ਖ਼ਾਲਸਾ ਕਾਲਜ ਅੰਮ੍ਰਿਤਸਰ, ਸਿੱਖ ਨੈਸ਼ਨਲ ਕਾਲਜ ਲਾਹੌਰ ਅਤੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਲੁਧਿਆਣਾ ਨੂੰ ਵੱਡੀ ਦੇਣ ਹੈ। ਉਨ੍ਹਾਂ ਨੇ ਪੰਜਾਬੀ ਤੇ ਉਰਦੂ ਪੱਤਰਕਾਰੀ ਵਿੱਚ ਵੀ ਨਾਂ ਪੈਦਾ ਕੀਤਾ। ਦੇਸ਼ ਆਜ਼ਾਦ ਹੋਣ ਮਗਰੋਂ ਉਰਦੂ 'ਪ੍ਰਭਾਤ' ਤੋਂ ਇਲਾਵਾ ਮਾਸਿਕ ਪੱਤਰ 'ਸੰਤ ਸਿਪਾਹੀ' ਵੀ ਕੱਢਦੇ ਰਹੇ। ਉਹ ਇੱਕ ਚੰਗੇ ਸਾਹਿਤ ਰਚੇਤਾ ਵੀ ਸਨ। ਉਨ੍ਹਾਂ ਦੀਆਂ ਪੁਸਤਕਾਂ 'ਬਾਬਾ ਤੇਗਾ ਸਿੰਘ','ਪ੍ਰੇਮ ਲਗਨ'(ਦੋਵੇਂ ਨਾਵਲ), 'ਕਿਉਂ ਵਰਨੀ ਕਿਵ ਜਾਣਾਂ', 'ਪੰਥਕ ਨਿਸ਼ਾਨਾਂ', 'ਮੇਰੀ ਯਾਦ' ਆਦਿ ਹਨ।

ਮਾਸਟਰ ਤਾਰਾ ਸਿੰਘ ਨੂੰ ਆਜ਼ਾਦ ਭਾਰਤ ਵਿੱਚ ਸਿੱਖਾਂ ਦੀ ਰਾਖੀ ਲਈ ਵੀਹ ਸਾਲ ਨਿਰੰਤਰ ਸੰਘਰਸ਼ ਕਰਨਾ ਪਿਆ। 1956 ਵਿੱਚ ਮਾਸਟਰ ਜੀ ਦੀ ਆਸ਼ਾ ਅਨੁਸਾਰ ਰਿਜਨਲ ਫ਼ਾਰਮੂਲੇ ਦਾ ਸਮਝੌਤਾ ਹੋਇਆ ਤੇ ਸਿੱਖ ਪੱਛੜੀਆਂ ਜਾਤੀਆਂ ਦੇ ਹਿੱਤਾਂ ਲਈ ਮੋਰਚਾ ਲਾਇਆ ਗਿਆ। 'ਪੰਜਾਬੀ ਸੂਬਾ ਜ਼ਿੰਦਾਬਾਦ' ਦਾ ਨਾਅਰਾ ਲਗਾਉਣ 'ਤੇ ਸ਼੍ਰੀ ਸੱਚਰ (ਮੁੱਖ ਮੰਤਰੀ, ਪੰਜਾਬ) ਨੇ ਪਾਬੰਦੀ ਲਾਈ ਅਤੇ 1955 ਤੋਂ 1960 ਵਿੱਚ ਪੰਜਾਬੀ ਸੂਬਾ ਮੋਰਚਾ ਲੱਗਾ। ਮਾਸਟਰ ਜੀ ਨੇ ਪੰਜਾਬੀ ਭਾਸ਼ਾ ਦੀ ਰੱਖਿਆ ਵਾਸਤੇ ਇੱਕ ਵੱਖਰੇ ਸੂਬੇ ਦੀ ਮੰਗ ਲਈ ਸੰਘਰਸ਼ ਸ਼ੁਰੂ ਕੀਤਾ। ਉਨ੍ਹਾਂ ਨੂੰ ਇਸ ਮੰਤਵ ਲਈ ਕਈ ਵਾਰ ਜੇਲ੍ਹ ਜਾਣਾ ਪਿਆ ਅਤੇ ਕਈ ਹੜਤਾਲਾਂ, ਮੋਰਚੇ ਲਗਾਉਣੇ ਪਏ। ਆਖਿਰ 1966 ਵਿੱਚ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਨਵਾਂ ਪੰਜਾਬ ਹੋਂਦ ਵਿੱਚ ਆਇਆ। 82 ਸਾਲ ਦੀ ਉਮਰ ਵਿੱਚ ਉਹ 22 ਨਵੰਬਰ1967 ਨੂੰ ਦਿਲ ਦਾ ਦੌਰਾ ਪੈ ਜਾਣ ਕਾਰਨ ਚੰਡੀਗੜ੍ਹ ਦੇ ਪੀਜੀਆਈ. ਵਿੱਚ ਰਾਤ ਨੂੰ ਡੇਢ ਵਜੇ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

# ਮੂਲ ਮੰਤਰ ਅਤੇ ਰੱਬ ਦਾ ਸਰੂਪ

**ਅਛਰੂ ਸਿੰਘ ਪ੍ਰੋ.**

ਕਿਸੇ ਵੀ ਸਿੱਖ ਗੁਰੂ ਸਾਹਿਬ ਨੇ ਨਾ ਤਾਂ ਰਬ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਮਿਲਣ ਦਾ ਅਤੇ ਨਾ ਹੀ ਉਸ ਨੂੰ ਦੇਖਣ ਦਾ ਦਾਅਵਾ ਕੀਤਾ ਹੈ। ਸਿਖ ਚਿੰਤਨ ਅਨੁਸਾਰ ਉਹ ਹਰ ਜੀਵ ਅਤੇ ਹਰ ਵਸਤ ਦਾ ਸਿਰਜਣਹਾਰ ਹੈ ਪਰ ਉਸ ਨੂੰ ਕਿਸੇ ਨੇ ਨਹੀਂ ਸਿਰਜਿਆ। ਆਪਣੀ ਅਮਰ ਬਾਣੀ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ :

ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥ (ਅੰਗ 2)

ਭਾਵੇਂ ਉਹ ਹਰ ਜੀਵ ਅਤੇ ਹਰ ਵਸਤ ਵਿਚ ਮੌਜੂਦ ਹੈ ਪਰ ਫਿਰ ਵੀ ਦਿਖਾਈ ਨਹੀਂ ਦਿੰਦਾ। ਉਹ ਸਰਬ-ਸ਼ਕਤੀਮਾਨ, ਸਰਬ-ਵਿਆਪਕ ਅਤੇ ਸਰਬ-ਗਿਆਤਾ ਹੈ ਪਰ ਮਨੁੱਖ ਫਿਰ ਵੀ ਉਸ ਨੂੰ ਪਹਿਚਾਨਣ ਵਿਚ ਅਸਮਰੱਥ ਰਹਿੰਦਾ ਹੈ। ਉਸ ਦਾ ਵਰਣਨ ਕਰਨਾ ਤਾਂ ਇਕ ਪਾਸੇ ਰਿਹਾ, ਮਨੁੱਖ ਤਾਂ ਉਸ ਦੀ ਤਿਲ-ਮਾਤਰ ਉਪਮਾ ਵੀ ਨਹੀਂ ਕਰ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁਰੂ ਵਿਚ ਹੀ ਦਿੱਤੇ ਅਤੇ ਇਸ ਵਿਚ ਕੁੱਲ 21 ਵਾਰ ਦੁਹਰਾਏ ਗਏ 'ਮੂਲ-ਮੰਤਰ' ਵਿਚ ਗੁਰੂ ਨਾਨਕ ਸਾਹਿਬ ਨੇ ਪ੍ਰਮਾਤਮਾ ਦਾ ਜੋ ਸਰੂਪ ਚਿਤਵਿਆ ਹੈ, ਉਹ ਇਸ ਪ੍ਰਕਾਰ ਹੈ :




ੴਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ੴ ਦੀ ਵਿਆਖਿਆ

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸ਼ੁਰੂਆਤ ੴ ਨਾਲ ਹੁੰਦੀ ਹੈ ਅਤੇ ਇਹ ਸ਼ਬਦ ਹਰ ਸਿੱਖ ਦੁਆਰਾ ਵਾਰ-ਵਾਰ ਦੁਹਰਾਇਆ ਜਾਂਦਾ ਹੈ। ਇਹ ਅਕਾਲ ਪੁਰਖ ਬਾਰੇ ਇਕ ਅਜਿਹਾ ਸੰਕਲਪ ਹੈ, ਜਿਸ ਦੁਆਲੇ ਸਮੁੱਚਾ ਸਿੱਖ ਚਿੰਤਨ ਘੁੰਮਦਾ ਹੈ ਅਤੇ ਸਾਡਾ ਮਾਰਗ ਦਰਸ਼ਨ ਕਰਦਾ ਹੈ। ਇਸ ਦੀ ਵਿਆਖਿਆ ਕਰਦੇ ਹੋਏ ਗੁਰਬਾਣੀ ਦੇ ਪ੍ਰਸਿੱਧ ਵਿਦਵਾਨ ਅਤੇ ਟੀਕਾਕਾਰ ਪ੍ਰੋ: ਸਾਹਿਬ ਸਿੰਘ ਲਿਖਦੇ ਹਨ : ਇਸ ਸ਼ਬਦ ਦੇ ਤਿੰਨ ਹਿੱਸੇ ਹਨ-ਗੁਰਮੁਖੀ ਦਾ ਅੰਕ ਇਕ (੧); ਗੁਰਮੁਖੀ ਲਿਪੀ ਦਾ ਪਹਿਲਾ ਅੱਖਰ 'ੳ' ਜੋ ਖੁੱਲ੍ਹੇ ਮੂੰਹ ਵਾਲਾ 'ਓ' ਹੈ; ਅਤੇ (ਕਾਰ) ਅੰਕ '੧' ਅਕਾਲ ਪੁਰਖ ਦੇ ਇਕ ਹੋਣ ਦਾ ਬੋਧਕ ਹੈ ਜਦ ਕਿ ਖੁੱਲ੍ਹੇ ਮੂੰਹ ਵਾਲਾ 'ਓ' ਓਅੰ ਦਾ ਬੋਧਕ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਓਅੰ' ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਲਈ ਵਰਤਿਆ ਗਿਆ ਹੈ। ਇਸ ਤਰ੍ਹਾਂ ਨਾਲ ਜਦ 'ਓਅੰ ਨਮ', 'ਓਅੰ ਨਮਹ' ਜਾਂ 'ਓਅੰਨਮੋ' ਕਿਹਾ ਜਾਂਦਾ ਹੈ ਤਾਂ ਉਸ ਦਾ ਭਾਵ ਸਭ ਦੀ ਰੱਖਿਆ ਕਰਨ ਵਾਲੇ ਕਰਤਾਰ ਨੂੰ ਨਮਸਕਾਰ ਕਰਨਾ ਹੁੰਦਾ ਹੈ। ਸੰਸਕ੍ਰਿਤ ਦੇ ਵਿਦਵਾਨਾਂ ਨੇ ਉ ਅ ਮ ਅੱਖਰਾਂ ਨੂੰ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵ ਮੰਨ ਕੇ 'ਓਅੰ' ਨੂੰ ਤਿੰਨੋਂ ਦੇਵਤਿਆਂ ਦਾ ਰੂਪ ਕਲਪਿਆ ਹੈ। ਇਸ ਤਰ੍ਹਾਂ ਪ੍ਰਸਿੱਧ ਹਿੰਦੂ ਪੰਚਾਕਸ਼ਰ ਮੰਤਰ ਓਮ ਨਮੋ ਸ਼ਿਵਾ ਦਾ ਅਰਥ ਹੈ ਭਗਵਾਨ ਸ਼ਿਵ ਨੂੰ ਨਮਸਕਾਰ। ਪਰ ਗੁਰਮਤਿ ਵਿਚ ਇਸ ਅੱਗੇ ਅੰਕ ਇਕ '੧' ਲਿਖ ਕੇ ਸਪੱਸ਼ਟ ਕੀਤਾ ਹੈ ਕਿ ਸਾਡਾ ਰੱਖਿਅਕ ਕਰਤਾਰ ਇਕ ਹੀ ਹੈ। (ਕਾਰ) ਸੰਸਕ੍ਰਿਤ ਦਾ ਇਕ ਪਿਛੇਤਰ ਹੈ, ਜਿਸ ਦਾ ਅਰਥ 'ਇਕ-ਰਸ, ਜਿਸ ਵਿਚ ਤਬਦੀਲੀ ਨਾ ਆਵੇ' ਹੁੰਦਾ ਹੈ।

ੴ ਦਾ ਸਹੀ ਉਚਾਰਣ 'ਇਕ ਓਅੰਕਾਰ' ਹੈ, ਏਕਮਕਾਰ ਨਹੀਂ, ਜਿਵੇਂ ਕਿ ਕੁਝ ਲੋਕਾਂ ਦੁਆਰਾ ਬੋਲਿਆ ਜਾਂਦਾ ਹੈ। ਇਸ ਦਾ ਸੰਖੇਪ ਅਤੇ ਸਰਲ ਅਰਥ ਇਹ ਹੈ ਕਿ ਅਕਾਲ ਪੁਰਖ ਇਕ ਹੈ ਅਤੇ ਉਹ ਹਰ ਥਾਂ ਇਕ-ਰਸ ਵਿਆਪਕ ਹੈ। ਭਾਰਤ ਵਿਚ ਭੂਦਾਨ ਲਹਿਰ ਦੇ ਮੋਢੀ ਅਤੇ ਪ੍ਰਸਿੱਧ ਸਰਵੋਦਿਆ ਨੇਤਾ ਵਿਨੋਵਾ ਭਾਬੇ ਜਪੁ ਜੀ ਸਾਹਿਬ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ-ੴ ਇਕ ਨਾਦਾਤਮਿਕ ਚਿੰਨ੍ਹ ਅਤੇ ਨਾਦ-ਰੂਪੀ ਧੁਨੀ ਹੈ। ਇਸ ਪ੍ਰਕਾਰ ਦੇ ਸ਼ਬਦ ਨਾਲ ਚਿੰਤਨ ਵਿਚ ਸਹਾਇਤਾ ਮਿਲਦੀ ਹੈ। ਓਅੰਕਾਰ ਨੂੰ ਵੇਦਾਂ ਦਾ ਸਾਰ ਮੰਨਿਆ ਜਾਂਦਾ ਹੈ। ਉਪਨਿਸ਼ਦ ਅਤੇ ਗੀਤਾ ਵਿਚ ਵੀ ਇਸੇ ਦਾ ਹੀ ਉਪਯੋਗ ਕੀਤਾ ਗਿਆ ਹੈ। ਗੁਰੂ ਨਾਨਕ ਸਾਹਿਬ ਨੇ ਪੁਰਾਣੇ ਵਿਚਾਰ ਦਾ ਆਧਾਰ ਲੈ ਕੇ ਇਕ ਨਵਾਂ ਵਿਚਾਰ ਦਿੱਤਾ ਹੈ ਅਤੇ ਪ੍ਰੰਪਰਾ ਵਿਚ ਨਵੀਨਤਾ ਸ਼ਾਮਲ ਕਰਕੇ ਇਸ ਨੂੰ ਨਵੇਂ ਅਰਥ ਪ੍ਰਦਾਨ ਕੀਤੇ ਹਨ।

ਵਿਦਵਾਨ ਖੁੱਲ੍ਹੇ ਮੂੰਹ ਵਾਲੇ 'ਓ' ਅਤੇ ਇਸ ਅੱਗੇ ਲੱਗੀ ਕਾਰ ਦਾ ਅਰਥ ਇਹ ਵੀ ਕਰਦੇ ਹਨ ਕਿ ਇਸ ਕਾਇਨਾਤ ਦੀ ਹਰ ਦਿਖਾਈ ਜਾਂ ਨਾ-ਦਿਖਾਈ ਦੇਣ ਵਾਲੀ ਸ਼ੈਅ ਇਸ ਅੰਦਰ ਸਮਾਈ ਹੋਈ ਹੈ ਅਤੇ ਕੁਝ ਵੀ ਇਸ ਤੋਂ ਬਾਹਰ ਨਹੀਂ ਹੈ। ਇਸ ਤਰ੍ਹਾਂ ਨਾਲ ੴ ਜਿੱਥੇ ਅਕਾਲ ਪੁਰਖ ਦਾ ਸੂਚਕ ਬਣਦਾ ਹੈ, ਉੱਥੇ ਹੀ ਇਹ ਸਾਰੀ ਕਾਇਨਾਤ ਨੂੰ ਆਪਣੇ ਕਲਾਵੇ ਵਿਚ ਲੈ ਕੇ ਸਮੂਹ ਸ੍ਰਿਸ਼ਟੀ ਦੇ ਰੱਖਿਅਕ ਹੋਣ ਦਾ ਲਖਾਇਕ ਵੀ ਬਣਦਾ ਹੈ।

ਮੂਲ ਮੰਤਰ ਦੀ ਵਿਆਖਿਆ

ਰੱਬ ਇਕ ਹੈ। ਉਸ ਦਾ ਨਾਮ ਸੱਚਾ ਅਰਥਾਤ ਸਦੀਵੀ ਹੋਂਦ ਵਾਲਾ ਹੈ। ਉਹ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਤੇ ਉਸ ਵਿਚ ਇਕ-ਰਸ ਵਿਆਪਕ ਹੈ। ਉਹ ਭੈਅ ਅਤੇ ਵੈਰ ਤੋਂ ਮੁਕਤ ਹੈ। ਉਹ ਕਾਲ ਤੋਂ ਬਾਹਰ ਹੈ ਅਰਥਾਤ ਉਸ ਉੱਪਰ ਨਾ ਤਾਂ ਸਮੇਂ ਦਾ ਕੋਈ ਅਸਰ ਹੁੰਦਾ ਹੈ ਤੇ ਨਾ ਹੀ ਉਸ ਨੂੰ ਕਾਲ (ਮੌਤ) ਛੂਹ ਸਕਦਾ ਹੈ। ਉਹ ਜੂਨਾਂ ਤੋਂ ਰਹਿਤ ਹੈ ਅਰਥਾਤ ਉਹ ਨਾ ਜੰਮਦਾ ਹੈ, ਨਾ ਮਰਦਾ ਹੈ। ਉਹ ਆਪਣੇ-ਆਪ ਹੀ ਹੋਂਦ ਵਿਚ ਆਇਆ ਹੈ ਅਰਥਾਤ ਉਹ ਕਿਸੇ ਹੋਰ ਸ਼ਕਤੀ ਦੁਆਰਾ ਨਹੀਂ ਸਿਰਜਿਆ ਗਿਆ। ਅਜਿਹੇ ਪਰਮਾਤਮਾ ਦੀ ਪ੍ਰਾਪਤੀ ਸੱਚੇ ਗੁਰੂ ਦੀ ਕਿਰਪਾ ਅਤੇ ਮਿਹਰ ਸਦਕਾ ਹੀ ਹੋ ਸਕਦੀ ਹੈ।

ਜਪੁਜੀ ਸਾਹਿਬ ਦੇ ਆਰੰਭ ਵਿਚ ਹੀ ਅੰਕਿਤ ਮੰਗਲਾਚਰਣ ਰੂਪੀ ਸਲੋਕ ਵਿਚ ਪ੍ਰਮਾਤਮਾ ਦੇ ਸਰੂਪ ਬਾਰੇ ਹੋਰ ਸਪੱਸ਼ਟ ਕਰਦੇ ਹੋਏ ਗੁਰੂ ਸਾਹਿਬ ਲਿਖਦੇ ਹਨ ਕਿ ਉਹ ਆਦਿ ਕਾਲ ਅਰਥਾਤ ਜਗਤ ਦੀ ਉਤਪਤੀ ਤੋਂ ਪਹਿਲਾਂ ਵੀ ਮੌਜੂਦ ਸੀ,

**ਬਾਕੀ ਸਫ਼ਾ 36 'ਤੇ**

## 157 ਸੀਟਾਂ ਜਿੱਤ ਕੇ ਟਰੂਡੋ ਮੁੜ ਬਣੇ ਕੈਨੇਡਾ ਦੇ ਪ੍ਰਧਾਨ ਮੰਤਰੀ

ਅਤੇ ਇੱਕ ਸੰਤੁਲਿਤ ਬੱਜਟ ਪੇਸ਼ ਕਰਨ ਵਿੱਚ ਸਫ਼ਲਤਾ ਹਾਸਲ ਨਹੀਂ ਹੋ ਸਕੀ।

### ਐਨਡੀਪੀ ਆਗੂ ਜਗਮੀਤ ਸਿੰਘ ਦੀ ਵੱਡੀ ਜਿੱਤ

ਕੈਨੇਡਾ ਚੋਣਾਂ ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਬਰਨਬੀ ਦੱਖਣੀ ਹਲਕੇ ਤੋਂ ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ. ਡੀ. ਪੀ.) ਆਗੂ ਜਗਮੀਤ ਸਿੰਘ ਨੇ ਜਿੱਤ ਹਾਸਲ ਕੀਤੀ ਹੈ। ਇਲੈਕਸ਼ਨਜ਼ ਕਨੇਡਾ ਦੇ ਤਾਜ਼ਾ ਨਤੀਜਿਆਂ ਅਨੁਸਾਰ ਜਗਮੀਤ ਸਿੰਘ ਨੂੰ 15, 532 ਵੋਟਾਂ ਮਿਲੀਆਂ ਹਨ। ਕੰਜ਼ਰਵੇਟਿਵ ਦੀ ਜੈ ਸ਼ਿਨ ਤੋਂ 12, 929 ਵੋਟਾਂ ਅਤੇ ਲਿਬਰਲ ਉਮੀਦਵਾਰ ਨੀਲਮ ਬਰਾੜ ਨੇ 9,898 ਵੋਟਾਂ ਪ੍ਰਾਪਤ ਕੀਤੀਆਂ। ਦੱਸ ਦਈਏ ਕਿ ਬਰਨਬੀ ਬ੍ਰਿਟਿਸ਼ ਕੋਲੰਬੀਆ ਦਾ ਇਲਾਕਾ ਹੈ। ਉਥੇ ਹੀ ਬ੍ਰਿਟਿਸ਼ ਕੋਲੰਬੀਆ ਵਿਚ ਐੱਨ. ਡੀ. ਪੀ. ਦਾ ਬੋਲਬਾਲਾ ਹੈ। ਐੱਨ. ਡੀ. ਪੀ. ਆਗੂ ਜਗਮੀਤ ਸਿੰਘ ਵੀ ਬਰਨਬੀ ਤੋਂ ਚੋਣ ਮੈਦਾਨ ਉਤਰੇ ਸਨ।

ਜਦ ਤੋਂ ਜਗਮੀਤ ਸਿੰਘ ਨੇ ਐਨਡੀਪੀ ਦੀ ਵਾਗਡੋਰ ਸੰਭਾਲੀ ਹੈ, ਤਦ ਤੋਂ ਹੀ ਇਸ ਪਾਰਟੀ ਦੇ ਆਧਾਰ ਵਿੱਚ 20 ਫ਼ੀਸਦੀ ਦਾ ਵਾਧਾ ਹੋਇਆ ਹੈ। ਇਸ ਵੇਲੇ ਦੇਸ਼ ਵਿੱਚ ਇਹ ਤੀਜੇ ਨੰਬਰ ਦੀ ਸਭ ਤੋਂ ਵੱਡੀ ਕੈਨੇਡੀਅਨ ਪਾਰਟੀ ਹੈ। ਜਗਮੀਤ ਸਿੰਘ ਨੇ ਆਪਣੇ ਚੋਣ-ਮੈਨੀਫ਼ੈਸਟੋ ਵਿੱਚ ਵਾਅਦਾ ਕੀਤਾ ਸੀ ਕਿ ਜੇ ਉਨ੍ਹਾਂ ਦੀ ਪਾਰਟੀ ਸੱਤਾ ਵਿਚ ਆਉਂਦੀ ਹੈ, ਤਾਂ ਉਹ ਕਰੋੜਪਤੀਆਂ ਤੇ ਅਰਬਪਤੀਆਂ 'ਤੇ ਟੈਕਸ ਲਾਏਗੀ ਤੇ ਉਸ ਨਾਲ ਦੰਦਾਂ ਦਾ ਇਲਾਜ ਤੇ ਡਾਕਟਰੀ ਪਰਚੀਆਂ ਰਾਹੀਂ ਮਿਲਣ ਵਾਲੀਆਂ ਦਵਾਈਆਂ ਆਮ ਜਨਤਾ ਲਈ ਮੁਫ਼ਤ ਕਰ ਦਿੱਤੀਆਂ ਜਾਣਗੀਆਂ।

ਜਗਮੀਤ ਸਿੰਘ ਦੀ ਜਿੱਤ ਤੋਂ ਵਿਸ਼ਵ ਭਰ ਵਿਚ ਸਿੱਖਾਂ ਵਲੋਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਇਸ ਨੂੰ ਸਿੱਖ ਭਾਈਚਾਰਾ ਆਪਣੀ ਵੱਡੀ ਜਿੱਤ ਸਮਝ ਰਿਹਾ ਹੈ।

### ਕੀ ਕਹਿੰਦਾ ਹੈ ਵਿਦੇਸ਼ੀ ਮੀਡੀਆ ਜਗਮੀਤ ਬਾਰੇ

ਟੋਰਾਂਟੋ ਦੇ ਬ੍ਰਾਇਨ ਲਿੱਲੀ ਦਾ ਮੰਨਣਾ ਹੈ ਕਿ ਜਗਮੀਤ ਸਿੰਘ ਦੇ ਵੇਗ ਨੂੰ ਰੋਕਣਾ ਔਖਾ ਹੈ। ਕੋਰਸ ਰੇਡੀਓ ਦੇ ਚਾਰਲਸ ਐਡਲਰ ਅਨੁਸਾਰ ਕੈਨੇਡਾ ਨੂੰ ਜਗਮੀਤ ਸਿੰਘ ਦੇ ਰੂਪ ਵਿੱਚ ਨਵਾਂ ਸਿਆਸੀ ਰਾਕ ਸਟਾਰ ਮਿਲ ਗਿਆ ਹੈ। ਕੈਂਪੇਨ ਰਿਸਰਚ ਦੇ ਨਿਕ ਕੁਵਾਲਿਸ ਨੇ ਆਖਿਆ ਕਿ ਐੱਨਡੀਪੀ ਆਗੂ ਵਜੋਂ ਜਗਮੀਤ ਸਿੰਘ ਵੱਲੋਂ ਕੀਤੇ ਜਾ ਰਹੇ ਕੰਮ ਨੂੰ 50 ਫ਼ੀਸਦੀ ਕੈਨੇਡੀਅਨ ਮਨਜ਼ੂਰੀ ਦੇ ਚੁੱਕੇ ਹਨ। ਅਬੈਕਸ ਡਾਟਾ ਦੇ ਬਰੂਸ ਐਂਡਰਸਨ ਤੇ ਡੇਵਿਡ ਕੋਲੇਟੋ ਅਨੁਸਾਰ ਸਿਆਸੀ ਪਿੜ ਵਿਚ ਜਗਮੀਤ ਸਿੰਘ ਦਾ ਕੱਦ ਕਾਫੀ ਉੱਚਾ ਹੋਇਆ ਹੈ।

### ਟਰੂਡੋ ਨੇ ਕੀਤਾ ਧੰਨਵਾਦ

ਜਸਟਿਨ ਟਰੂਡੋ ਨੇ ਟਵੀਟ ਕਰਕੇ ਦੇਸ਼ ਵਾਸੀਆਂ ਦਾ ਧੰਨਵਾਦ ਕਰਦੇ ਲਿਖਿਆ "ਸਾਡੀ ਟੀਮ ਵਿਚ ਆਪਣਾ ਵਿਸ਼ਵਾਸ ਰੱਖਣ ਅਤੇ ਇਸ ਦੇਸ਼ ਨੂੰ ਸਹੀ ਦਿਸ਼ਾ ਵਿੱਚ ਲੈ ਕੇ ਜਾਣ ਲਈ ਸਾਡੇ 'ਤੇ ਵਿਸ਼ਵਾਸ ਰੱਖਣ 'ਤੇ ਕੈਨੇਡਾ ਤੁਹਾਡਾ ਧੰਨਵਾਦ, ਤੁਸੀਂ ਵੋਟ ਕਿਸੇ ਤਰ੍ਹਾਂ ਵੀ ਦਿਓ ਸਾਡੀ ਟੀਮ ਸਾਰੇ ਕੈਨੇਡੀਅਨ ਲੋਕਾਂ ਲਈ ਸਖਤ ਮਿਹਨਤ ਕਰੇਗੀ।"

### ਪੰਜਾਬੀਆਂ ਨੇ ਗੱਡੇ ਝੰਡੇ

ਕੈਨੇਡਾ ਵਿਚ ਵੱਡੀ ਗਿਣਤੀ ਵਿਚ ਪੰਜਾਬੀ ਵੀ ਉਮੀਦਵਾਰ ਸਨ। ਇਨ੍ਹਾਂ ਚੋਂ 18 ਪੰਜਾਬੀਆਂ ਨੇ ਵੱਖੋ ਵੱਖ ਪਾਰਟੀਆਂ ਵਿਚ ਜਿੱਤ ਹਾਸਲ ਕੀਤੀ ਹੈ।

### ਲਿਬਰਲ ਪਾਰਟੀ ਦੇ ਪੰਜਾਬੀ

1. ਹਰਜੀਤ ਸਿੰਘ ਸੱਜਣ (ਹਲਕਾ ਵੈਨਕੂਵਰ ਸਾਊਥ/ਬ੍ਰਿਟਿਸ਼ ਕੋਲੰਬੀਆ )
2. ਰਣਦੀਪ ਸਿੰਘ ਸਰਾਏ (ਹਲਕਾ ਸਰੀ ਸੈਂਟਰ/ ਬ੍ਰਿਟਿਸ਼ ਕੋਲੰਬੀਆ )
3. ਸੁੱਖ ਧਾਲੀਵਾਲ (ਹਲਕਾ ਸਰੀ ਸੈਂਟਰ/ ਬ੍ਰਿਟਿਸ਼ ਕੋਲੰਬੀਆ )

## ਜਗਮੀਤ ਸਿੰਘ ਦਾ ਜਿੱਤਣਾ ਵਿਸ਼ਵ ਦੇ ਇਤਿਹਾਸ ਵਿਚ ਵੱਡੀ ਘਟਨਾ

ਜਗਮੀਤ ਸਿੰਘ ਦਾ ਜਿੱਤਣਾ ਵਿਸ਼ਵ ਦੇ ਇਤਿਹਾਸ ਵਿਚ ਜਿੱਥੇ ਵੱਡੀ ਘਟਨਾ ਹੈ, ਉੱਥੇ ਖਾਲਸਾ ਪੰਥ ਦੇ ਇਕੀਵੀਂ ਸਦੀ ਦੇ ਇਤਿਹਾਸ ਵਿਚ ਵੱਡਾ ਮਾਅਰਕਾ ਹੈ ਜਦੋਂ ਕਿ ਸਿੱਖ ਰਵਾਇਤੀ ਲੀਡਰਸ਼ਿਪ ਨੇ ਪੰਥ ਦੀ ਪਿਠ ਵਿਚ ਛੁਰਾ ਮਾਰਿਆ ਹੈ ਤੇ ਮਨੂਵਾਦ ਦਾ ਅੰਗ ਬਣ ਗਏ। ਹੁਣ ਤੱਕ ਪੂਰੇ ਸਿਖ ਸੰਸਾਰ ਵਿਚ ਕਬਰਾਂ ਵਰਗੀ ਚੁਪ ਛਾਈ ਹੋਈ ਹੈ। ਪੰਜ ਸਿੰਘ ਸਾਹਿਬਾਨ ਲਿਫਾਫਿਆਂ ਰਾਹੀਂ ਬਾਦਲ ਦੇ ਹੁਕਮ ਪੇਸ਼ ਕਰਦੇ ਰਹੇ। ਪੰਜਾਬ ਦੇ ਕੁਝ ਸਿਖਾਂ ਦੀ ਬੁਧ ਇਸ ਰਵਾਇਤੀ ਸਿਖ ਲੀਡਰਸ਼ਿਪ ਖਲਾਅ ਵਿਚ ਭਟਕਦੀ ਰਹੀ ਤੇ ਬਾਦਲ ਵਿਰੋਧੀ ਸਿੱਖ ਲੀਡਰਸ਼ਿਪ ਵੀ ਪੰਥ ਨੂੰ ਕੋਈ ਸੇਧ ਨਾ ਦੇ ਸਕੀ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੋ ਸਿੱਖੀ ਦਾ ਦਮ ਭਰਦੇ ਸਨ, ਉਹ ਵੀ ਸਿੱਖ ਵਿਰੋਧੀ ਹਲਕਿਆਂ ਦੇ ਹੱਕ ਵਿਚ ਭੁਗਤਦੇ ਗਏ। ਹਾਲਾਂਕਿ ਪੰਜਾਬ ਦੇ ਕੁਝ ਮਸਲਿਆਂ 'ਤੇ ਉਨ੍ਹਾਂ ਦੀ ਦ੍ਰਿੜਤਾ ਕਾਰਨ ਸਿੱਖ ਪੰਥ ਨੇ ਉਨ੍ਹਾਂ ਨੂੰ ਸਤਿਕਾਰ ਦਿੱਤਾ ਸੀ, ਜਦ ਕਿ ਸਿੱਖ ਜੂਨ 84 ਤੇ ਨਵੰਬਰ 84 ਦੇ ਘੱਲੂਘਾਰਿਆਂ ਕਾਰਨ ਕਾਂਗਰਸ ਤੋਂ ਨਰਾਜ਼ ਸਨ। ਪਰ ਕੈਪਟਨ ਸਰਕਾਰ ਦੀ ਡੰਗ ਟਪਾਊ ਤੇ ਪੰਜਾਬ ਤੇ ਪੰਥ ਨਾਲ ਕੀਤੇ ਝੂਠੇ ਵਾਅਦਿਆਂ ਕਾਰਨ ਤੇ ਸਿੱਖ ਵਿਰੋਧੀ ਨੀਤੀ ਕਾਰਨ ਸਿੱਖ ਭਾਈਚਾਰਾ ਹੁਣ ਤੱਕ ਕੈਪਟਨ ਅਮਰਿੰਦਰ ਸਿੰਘ ਤੋਂ ਨਰਾਜ਼ ਹੈ। ਜਗਮੀਤ ਦੀ ਇਹ ਜਿੱਤ ਖਾਲਸਾ ਪੰਥ ਦੀ ਤੇ ਪੰਜਾਬ ਦੀ ਨਿਰਾਸ਼ਤਾ ਜ਼ਰੂਰ ਤੋੜੇਗੀ। ਸਮੁੱਚਾ ਸਿੱਖ ਜਗਤ ਦੇਸਾਂ ਵਿਦੇਸ਼ਾਂ ਵਿਚ ਸੱਤਾ ਵਲ ਜਾਵੇਗਾ ਤੇ ਸਰਬੱਤ ਦੇ ਭਲੇ ਦਾ ਸੁਨੇਹਾ ਦੇਵੇਗਾ।



ਜਿਹੜੇ ਸਾਧ, ਸੰਪਰਦਾ ਵਾਲੇ ਆਮ ਕਹਿੰਦੇ ਤੇ ਕਥਾ ਰਾਹੀਂ ਭਾਸ਼ਨ ਪ੍ਰਵਚਨ ਕਰਦੇ ਹਨ ਕਿ ਦੁਨਿਆਵੀ ਗਿਆਨ ਦਾ ਫਾਇਦਾ ਨਹੀਂ ਤਾਂ ਉਹ ਹੁਣ ਜਗਮੀਤ ਦੇ ਗਿਆਨ ਵਲ ਧਿਆਨ ਮਾਰਨ ਕਿ ਗੁਰੂ ਗਰੰਥ ਦਾ ਫਲਸਫਾ ਅਮਲੀ ਤੌਰ ਤੇ ਰਾਜਨੀਤੀ ਵਿਚ ਪਸਾਰ ਕੇ ਕੈਨੇਡਾ ਦੇ ਲੋਕਾਂ ਦਿਲ ਜਿਤਣ ਵਿਚ ਕਾਮਯਾਬ ਹੋਇਆ। ਬਰਨਬੀ ਦੱਖਣੀ ਹਲਕੇ ਤੋਂ ਗੁਰੂ ਘਰ ਰਵੀਦਾਸ, ਅੰਬੇਦਕਰੀ ਤੇ ਰਵਿਦਾਸੀਆਂ ਨੇ ਉਸਦੀ ਜਿਤ ਵਿਚ ਵੱਡੀ ਭੂਮਿਕਾ ਨਿਭਾਈ ਹੈ। ਉਹ ਅਸੀਸਾਂ ਦਿੰਦੇ ਉਨ੍ਹਾਂ ਦੀ ਮੁਹਿੰਮ ਦਾ ਹਿੱਸਾ ਬਣਦੇ ਰਹੇ। ਮੈਂ ਜਦੋਂ ਪਿਛਲੇ ਸਾਲ ਕੈਨੇਡਾ ਵਿਚ ਤਾਂ ਅੰਬੇਡਕਰੀ ਬੀਬੀ ਕਮਲੇਸ਼ ਅਹੀਰ ਜਗਮੀਤ ਸਿੰਘ ਦੀ ਮੁਹਿੰਮ ਗੁਰੂ ਘਰਾਂ ਤੇ ਆਪਣੇ ਭਾਈਚਾਰੇ ਵਿਚ ਚਲਾ ਰਹੀ ਸੀ। ਮੈਂ ਵੀ ਉਨ੍ਹਾਂ ਦੇ ਨਾਲ ਗੁਰੂ ਰਵੀਦਾਸ ਗੁਰਦੁਆਰੇ ਬਰਨਬੀ ਵਿਚ ਗੁਰੂ ਘਰ ਦੇ ਸੱਦੇ 'ਤੇ ਗਿਆ, ਜਿੱਥੇ ਜਗਮੀਤ ਸਿੰਘ ਪੁਜੇ ਹੋਏ ਸਨ। ਦਲਿਤ ਭਾਈਚਾਰਾ ਵੱਡੀ ਪੱਧਰ 'ਤੇ ਇਕੱਠਾ ਹੋਇਆ ਉਨ੍ਹਾਂ ਨੂੰ ਸੁਣਨ ਆਇਆ ਸੀ। ਉਨ੍ਹਾਂ ਦਾ ਸੁਨੇਹਾ ਸੀ ਕਿ ਅਸੀਂ ਗੁਰੂ ਨਾਨਕ ਦੀਆਂ ਸੰਗਤਾਂ ਇਕੱਠੇ ਹਾਂ ਤੇ ਇਕੱਠੇ ਹੀ ਰਹਾਂਗੇ। ਅਸੀਂ ਪਿਆਰ ਵੰਡਾਂਗੇ, ਨਫ਼ਰਤਾਂ ਤੋੜਾਂਗੇ। ਕਮਲੇਸ਼ ਅਹੀਰ ਕਹਿਣ ਲੱਗੀ ਇਸੇ ਕਰਕੇ ਸਾਡਾ ਭਾਈਚਾਰਾ ਇਹਨੂੰ ਆਪਣਾ ਲੀਡਰ ਮੰਨਦਾ ਹੈ ਕਿ ਇਹ ਗੁਰੂ ਨਾਨਕ ਦੀ ਗੱਲ ਕਰਦਾ ਹੈ ਤੇ ਇਹ ਸਾਡੀ ਗੱਲ ਕਰਦਾ ਹੈ। ਅਸੀਂ ਇਹਨੂੰ ਹਰ ਹਾਲਤ ਵਿਚ ਜਿਤਾਵਾਂਗੇ। ਇਹ ਸਾਡਾ ਨਾਇਕ ਹੈ। ਸੱਚ ਜਾਣਿਓ ਮੈਨੂੰ ਇੰਝ ਲੱਗਾ ਕਿ ਪੰਜਾਬ ਵਿਚ ਵੀ ਅਜਿਹੇ ਸਿੱਖ ਲੀਡਰ ਪੈਦਾ ਹੋਣ ਤਾਂ ਸਾਡੀਆਂ ਸਮੱਸਿਆਵਾਂ ਹੀ ਖਤਮ ਹੋ ਜਾਣ। ਅਸੀਂ ਹਾਲੇ ਤੱਕ ਆਪਣੀ ਨਸਲ ਵਿਚੋਂ ਬਾਹਰ ਹੀ ਨਹੀਂ ਆ ਸਕੇ। ਜਿੱਥੇ ਗੁਰੂ ਨਾਨਕ ਸਾਹਿਬ ਨੇ ਖੜਾ ਕੀਤਾ, ਉਥੇ ਅਸੀਂ ਨਹੀਂ ਖਲੌਤੇ। ਜਗਮੀਤ ਸਿੰਘ ਅਸਲ ਵਿਚ ਗੁਰੂ ਨਾਨਕ ਦਾ ਸਿਖ ਹੈ ਜਿਸਨੇ ਨਸਲਵਾਦ ਤੇ ਜਾਤਪਾਤ ਵਿਰੁਧ ਵੱਡੀ ਲਹਿਰ ਚਲਾਈ ਹੈ ਕਿ ਸਭਨਾਂ ਨਾਲ ਪਿਆਰ ਕਰੋ, ਅਸੀਂ ਸਾਂਝੀਵਾਲਤਾ ਦੇ ਹੱਕ ਵਿਚ ਹਾਂ। ਜੇ ਜਗਮੀਤ ਸਿੰਘ ਕੈਨੇਡਾ ਦਾ ਦਿਲ ਜਿਤ ਸਕਦਾ ਹੈ ਤਾਂ ਪੰਜਾਬ ਦੇ ਸਿੱਖ ਲੀਡਰਾਂ ਨੂੰ ਕੀ ਹੋਇਆ ਹੈ। ਤੁਸੀਂ ਦੇਖਣਾ ਕਿ ਅਸੀਂ ਗੁਰੂ ਨਾਨਕ ਸਾਹਿਬ ਦੀ ਸਾਢੇ ਪੰਜ ਸੌ ਸਾਲਾ ਸ਼ਤਾਬਦੀ ਮਨਾਉਦਿਆਂ ਜਿਤ ਵਲ ਤੇ ਆਪਣੀ ਚੜ੍ਹਦੀ ਕਲਾ ਵਲ ਜਾ ਰਹੇ ਹਾਂ। ਪੂਰਾ ਵਿਸ਼ਵ ਸਿੱਖ ਜਗਤ ਤੋਂ ਪ੍ਰਭਾਵਿਤ ਹੋ ਰਿਹਾ। ਖੁਲਾ ਲਾਂਘਾ ਨਫਰਤ ਦੀਆਂ ਕੰਧਾਂ ਤੋੜੇਗਾ ਤੇ ਹਉਮੈਂ ਦੇ ਪੁੱਤ, ਨਫਰਤ ਫੈਲਾਉਣ ਵਾਲੇ ਭ੍ਰਿਸ਼ਟਾਚਾਰੀ ਲੋਕਾਂ ਦਾ ਖ਼ੂਨ ਚੂਸਣ ਵਾਲੇ ਹਾਰਣਗੇ। ਅਮਰੀਕਾ, ਕੈਨੇਡਾ, ਭਾਰਤ, ਆਸਟਰੇਲੀਆ ਸਭ ਥਾਂ ਜਗਮੀਤ ਜੰਮਣਗੇ। ਪੂਰਾ ਵਿਸ਼ਵ ਖਾਲਸਾ ਜੀ ਦੇ ਗੁਣ ਗਾਏਗਾ। ਗੁਰੂ ਨਾਨਕ ਦੇ ਬੋਲ ਮਰਦਾਨੇ ਦੇ ਰਬਾਬ ਸੰਗ ਜਰੇ ਜਰੇ ਵਿਚ ਗੂੰਜਣਗੇ।

4. ਨਵਦੀਪ ਸਿੰਘ ਬੈਂਸ (ਹਲਕਾ ਮਿਸੀਸਾਗਾ-ਮਾਲਟਨ/ ਓਂਟਾਰੀਓ )
5. ਰਾਮੇਸ਼ਵਰ ਸਿੰਘ ਸੰਘਾ (ਹਲਕਾ ਬਰੈਂਪਟਨ ਸੈਂਟਰ/ ਓਂਟਾਰੀਓ)
6. ਮਨਿੰਦਰ ਸਿੰਘ ਸਿੱਧੂ (ਹਲਕਾ ਬਰੈਂਪਟਨ ਈਸਟ/ ਓਂਟਾਰੀਓ )
7. ਰੂਬੀ ਸਹੋਤਾ (ਹਲਕਾ ਬਰੈਂਪਟਨ ਨੌਰਥ/ ਓਂਟਾਰੀਓ)
8. ਸੋਨੀਆ ਸਿੱਧੂ (ਹਲਕਾ ਬਰੈਂਪਟਨ ਸਾਊਥ/ ਓਂਟਾਰੀਓ)
9. ਕਮਲ ਖਹਿਰਾ (ਹਲਕਾ ਬਰੈਂਪਟਨ ਵੈਸਟ/ ਓਂਟਾਰੀਓ)
10. ਬਰਦੀਸ਼ ਚੱਘਰ (ਹਲਕਾ ਵਾਟਰਲੂ, ਓਂਟਾਰੀਓ )
11. ਗਗਨ ਸਿਕੰਦ (ਹਲਕਾ ਮਿਸੀਸਾਗਾ-ਸਟਰੀਟਸਵਿਲ/ ਓਂਟਾਰੀਓ)
12. ਰਾਜ ਸੈਣੀ (ਹਲਕਾ ਕਿਚਨਰ ਸੈਂਟਰ/ ਓਂਟਾਰੀਓ)
13. ਅੰਜੂ ਢਿੱਲੋਂ (ਹਲਕਾ ਲਛੀਨ-ਲਾਸਾਨ / ਕਿਊਬੈੱਕ)

### ਐਨਡੀਪੀ ਦੇ ਪੰਜਾਬੀ

14. ਜਗਮੀਤ ਸਿੰਘ (ਹਲਕਾ ਬਰਨਬੀ ਸਾਊਥ/ ਬ੍ਰਿਟਿਸ਼ ਕੋਲੰਬੀਆ)

### ਕੰਜ਼ਰਵੇਟਿਵ ਦੇ ਪੰਜਾਬੀ

15. ਟਿਮ ਉੱਪਲ (ਹਲਕਾ ਐਡਮਿੰਟਨ-ਮਿੱਲਵੁੱਡਜ਼/ ਅਲਬਰਟਾ)
16. ਜਸਰਾਜ ਸਿੰਘ ਹੱਲਣ (ਹਲਕਾ ਕੈਲਗਰੀ ਮੈਕਾਲ/ਅਲਬਰਟਾ)
17. ਬੌਬ ਸਰੋਏ (ਹਲਕਾ ਮਾਰਖਮ ਯੂਨੀਅਨਵਿਲ/ ਓਂਟਾਰੀਓ )
18. ਜੈਗ ਸਹੋਤਾ (ਹਲਕਾ ਕੈਲਗਰੀ ਸਕਾਈਵਿਊ / ਅਲਬਰਟਾ)

### ਭਾਰਤੀ ਏਜੰਸੀਆਂ ਦੀ ਨਾ ਬਣੀ ਗੱਲ

ਲੋਕਲ ਮੀਡੀਆ ਵੱਲੋਂ ਪ੍ਰਚਾਰੀ ਭਾਰਤੀ ਏਜੰਸੀਆਂ ਦੀ ਚੋਣਾਂ 'ਚ ਦਿਲਚਸਪੀ ਨੂੰ ਸਹੀ ਮੰਨੀਏ ਤਾਂ ਪਤਾ ਲੱਗਦਾ ਹੈ ਕਿ ਭਾਰਤੀ ਲੋਕਾਂ ਉਤੇ ਉਸ ਗੱਲ ਦਾ ਉਲਟਾ ਅਸਰ ਪਿਆ, ਕਿਉਂਕਿ ਜਿਸ ਜਿਸ ਹਲਕੇ 'ਚ ਪੰਜਾਬੀ ਵੋਟਰਾਂ ਦੀ ਹੋਂਦ ਹੈ, ਉਥੇ ਟੋਰੀ ਪਾਰਟੀ ਨੂੰ ਹਾਰ ਵੇਖਣੀ ਪਈ। ਇਲੈਕਸ਼ਨ ਕੈਨੇਡਾ ਦੇ ਅੰਕੜਿਆਂ ਮੁਤਾਬਕ ਬੇਸ਼ੱਕ ਲਿਬਰਲ ਪਾਰਟੀ ਦੇ ਸਭ ਤੋਂ ਵੱਧ ਉਮੀਦਵਾਰ ਜਿੱਤੇ ਹਨ, ਪਰ ਉਸਨੂੰ ਟੋਰੀ ਪਾਰਟੀ ਤੋਂ ਡੇਢ ਫੀ ਸਦੀ ਘੱਟ ਵੋਟਾਂ ਪਈਆਂ ਹਨ। ਕੰਜ਼ਰਵੇਟਿਵ ਨੂੰ 34.5 ਫੀਸਦੀ , ਲਿਬਰਲ ਨੂੰ 33 ਫੀਸਦੀ ਜਦਕਿ ਐੱਨਡੀਪੀ ਨੂੰ 19 ਫੀਸਦੀ ਵੋਟਾਂ ਪਈਆਂ।

## ਮਨੁੱਖੀ ਅਧਿਕਾਰ ਸੰਗਠਨਾਂ ਵੱਲੋਂ ਫ਼ੈਸਲਾ ਗ਼ੈਰ-ਸੰਵਿਧਾਨਕ ਤੇ ਗ਼ੈਰਕਾਨੂੰਨੀ ਕਰਾਰ

ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਨਾਲ ਜੋੜ ਕੇ ਸਿੱਖ ਨੌਜਵਾਨਾਂ ਦੇ ਕਤਲ ਕਰਨ ਦੇ ਦੋਸ਼ੀ ਠਹਿਰਾਏ ਅਫ਼ਸਰਾਂ ਨੂੰ ਰਿਹਾਅ ਕਰਨਾ ਸਿੱਖ ਕੌਮ ਨਾਲ ਵੱਡੀ ਜ਼ਿਆਦਤੀ ਹੋਵੇਗੀ ਅਤੇ ਇਸ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਮੋਦੀ ਸਰਕਾਰ ਦੋਵੇਂ ਬਰਾਬਰ ਦੇ ਦੋਸ਼ੀ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸੰਤਾਪ ਦੇ ਦੌਰ ਦੌਰਾਨ ਸਿੱਖ ਨੌਜਵਾਨਾਂ ਨੂੰ ਕਤਲ ਕਰਨ ਦੇ ਮਾਮਲਿਆਂ ਦੀ ਘੋਖ ਕੀਤੀ ਜਾਵੇ ਤਾਂ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ ਕਿ ਕਈ ਪੁਲੀਸ ਅਫ਼ਸਰਾਂ ਨੇ 'ਫਿਰੌਤੀ' ਲੈਣ ਲਈ ਬੇਕਸੂਰ ਨੌਜਵਾਨਾਂ ਨੂੰ ਅਗਵਾ ਕੀਤਾ, ਔਰਤਾਂ ਨਾਲ ਬਲਾਤਕਾਰ ਕੀਤੇ, ਬਜ਼ੁਰਗਾਂ ਨੂੰ ਗੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ।

ਸੀਨੀਅਰ ਵਕੀਲ ਬੈਂਸ ਨੇ ਕਿਹਾ ਕਿ ਪੁਲੀਸ ਅਫ਼ਸਰਾਂ ਨੂੰ ਸਜ਼ਾਵਾਂ ਦਿਵਾਉਣ ਲਈ ਪੀੜਤ ਪਰਿਵਾਰਾਂ ਨੇ ਢਾਈ-ਤਿੰਨ ਦਹਾਕਿਆਂ ਦੀ ਕਾਨੂੰਨੀ ਲੜਾਈ ਲੜੀ ਹੈ ਤੇ ਸੀਬੀਆਈ ਦੀਆਂ ਪੜਤਾਲਾਂ ਤੋਂ ਬਾਅਦ ਵਿਸ਼ੇਸ਼ ਅਦਾਲਤਾਂ ਨੇ ਤੱਥਾਂ ਤੇ ਠੋਸ ਸਬੂਤਾਂ ਦੇ ਆਧਾਰ 'ਤੇ ਪੁਲੀਸ ਅਫ਼ਸਰਾਂ ਤੇ ਮੁਲਾਜ਼ਮਾਂ ਨੂੰ ਸਖ਼ਤ ਸਜ਼ਾਵਾਂ ਸੁਣਾਈਆਂ ਹਨ। ਉਨ੍ਹਾਂ ਕਿਹਾ ਕਿ ਰਾਜ ਅਤੇ ਕੇਂਦਰ ਸਰਕਾਰ ਵੱਲੋਂ ਸੰਵਿਧਾਨ ਵਿਚ ਮਿਲੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਨਵਕਿਰਨ ਸਿੰਘ ਨੇ ਕਿਹਾ ਕਿ ਪੁਲੀਸ ਵੱਲੋਂ ਕੀਤੀਆਂ ਜ਼ਿਆਦਤੀਆਂ ਦੇ ਬਹੁਤੇ ਮਾਮਲਿਆਂ ਵਿੱਚ ਕਤਲ ਅਤੇ ਅਗਵਾ ਦੇ ਠੋਸ ਸਬੂਤ ਹੋਣ ਕਾਰਨ ਦੋਸ਼ੀ ਪੁਲੀਸ ਅਫ਼ਸਰਾਂ ਨੂੰ ਸੁਪਰੀਮ ਕੋਰਟ ਤੱਕ ਤੋਂ ਰਾਹਤ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਜਦੋਂ ਅਦਾਲਤਾਂ ਨੇ ਰਾਹਤ ਨਾ ਦਿੱਤੀ ਤਾਂ ਸਿਆਸੀ ਤੰਤਰ ਇਨ੍ਹਾਂ ਨੂੰ ਰਾਹਤ ਦੇਣ ਲੱਗ ਪਿਆ, ਜੋ ਕਿ ਬਹੁਤ ਗਲਤ ਸੰਦੇਸ਼ ਹੈ ਤੇ ਲੋਕਾਂ ਦਾ ਅਦਾਲਤਾਂ ਤੇ ਨਿਆਂ ਪ੍ਰਣਾਲੀ ਤੋਂ ਭਰੋਸਾ ਉਠ ਜਾਵੇਗਾ।

ਨਵਕਿਰਨ ਸਿੰਘ ਨੇ ਕਿਹਾ ਕਿ ਉਹ ਪੀੜਤ ਪਰਿਵਾਰਾਂ ਦੀ ਇੱਛਾ ਦੇ ਮੁਤਾਬਕ ਸਰਕਾਰ ਵੱਲੋਂ ਪੁਲੀਸ ਅਫ਼ਸਰਾਂ ਦੀ ਰਿਹਾਈ ਦੇ ਹੁਕਮਾਂ ਨੂੰ ਅਦਾਲਤ ਵਿਚ ਚੁਣੌਤੀ ਦੇਣਗੇ। ਵਕੀਲ ਅਮਰ ਸਿੰਘ ਚਾਹਲ ਨੇ ਕਿਹਾ ਕਿ ਸਿੱਖ ਨੌਜਵਾਨਾਂ ਨੂੰ ਘਰਾਂ ਤੋਂ ਚੁੱਕ ਕੇ ਮਾਰਨ ਨੂੰ ਦੇਸ ਭਗਤੀ ਜਾਂ ਕੌਮੀ ਲੜਾਈ ਨਹੀਂ ਕਿਹਾ ਜਾ ਸਕਦਾ ਸਗੋਂ ਇਹ ਯੋਜਨਾਬੱਧ ਤਰੀਕੇ ਨਾਲ ਕੀਤੇ ਕਤਲ ਸਨ।

ਸਾਬਕਾ ਆਈਏਐੱਸ ਗੁਰਤੇਜ ਸਿੰਘ ਨੇ ਕਿਹਾ ਕਿ ਪੰਜਾਬ ਸੰਤਾਪ ਦੇ ਸਮੇਂ ਪੁਲੀਸ ਵੱਲੋਂ ਕੀਤੇ ਗਏ ਮਨੁੱਖੀ ਅਧਿਕਾਰਾਂ ਦੇ ਘਾਣ ਖ਼ਿਲਾਫ਼ ਇੱਕ ਵਾਰੀ ਕੈਪਟਨ ਅਮਰਿੰਦਰ ਸਿੰਘ ਵੀ ਸਿੱਖ ਜਥੇਬੰਦੀਆਂ ਦੇ ਵਫ਼ਦ ਵਿੱਚ ਸੂਬੇ ਦੇ ਰਾਜਪਾਲ ਨੂੰ ਮਿਲਣ ਗਏ ਸਨ ਪਰ ਹੁਣ ਵੱਖਰਾ ਕਿਰਦਾਰ ਦਿਖਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਜ ਅਤੇ ਕੇਂਦਰ ਸਰਕਾਰ ਦਾ ਇਹ ਫ਼ੈਸਲਾ ਸਮਾਜ ਲਈ ਵੀ ਖ਼ਤਰਨਾਕ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸੰਤਾਪ ਦੇ ਦੌਰ ਦੌਰਾਨ ਬੁੱਚੜ ਪੁਲਸੀਆਂ ਨੇ ਰਿਬੇਰੋ, ਕੇਪੀਐਸ ਗਿੱਲ ਦੀ ਅਗਵਾਈ ਵਿਚ 'ਸੀਰੀਅਲ ਕਿੱਲਰ' ਵਾਲੀ ਭੂਮਿਕਾ ਨਿਭਾਈ।

ਸਤਨਾਮ ਸਿੰਘ ਨੇ ਕਿਹਾ ਕਿ ਪੁਲੀਸ ਜ਼ਿਆਦਤੀਆਂ ਦੇ ਮਾਮਲੇ ਸੰਗੀਨ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦੇ ਹਨ ਕਿਉਂਕਿ ਪੁਲੀਸ ਅਫਸਰਾਂ ਅਤੇ ਮੁਲਾਜ਼ਮਾਂ ਨੇ ਵਰਦੀ ਦੀ ਆੜ ਹੇਠ ਕਤਲ ਕੀਤੇ ਅਤੇ ਪੰਜਾਬੀਆਂ ਨੂੰ ਲੁੱਟਿਆ। ਇਸ ਲਈ ਸਜ਼ਾ ਮੁਆਫ਼ੀ ਦੀ ਕੋਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ।

### ਸੁਖਬੀਰ ਵੱਲੋਂ ਅਮਰਿੰਦਰ ਦੀ ਨਿੰਦਾ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰਨ ਵਾਲੇ ਪੁਲੀਸ ਅਧਿਕਾਰੀਆਂ ਦੀ ਜਲਦੀ ਰਿਹਾਈ ਵਾਸਤੇ ਸਿਫਾਰਿਸ਼ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਿਖੇਧੀ ਕੀਤੀ ਹੈ। ਸੁਖਬੀਰ ਨੇ ਕਿਹਾ ਕਿ ਇਨ੍ਹਾਂ ਪੁਲੀਸ ਅਧਿਕਾਰੀਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਦੇ ਦੋਸ਼ਾਂ ਹੇਠ ਅਦਾਲਤਾਂ ਵੱਲੋਂ ਸਜ਼ਾ ਦਿੱਤੀ ਗਈ ਸੀ ਅਤੇ ਕਈ ਮਾਮਲਿਆਂ ਦੇ ਦੋਸ਼ੀ ਪੁਲੀਸ ਵਾਲਿਆਂ ਨੇ ਮਿਲੀ ਸਜ਼ਾ ਦਾ ਚੌਥਾ ਹਿੱਸਾ ਵੀ ਨਹੀ ਭੁਗਤਿਆ ਹੈ। ਅਕਾਲੀ ਦਲ ਦੇ ਪ੍ਰਧਾਨ ਦੇ ਬਿਆਨ ਦਾ ਦਿਲਚਸਪ ਪਹਿਲੂ ਇਹ ਵੀ ਹੈ ਕਿ ਉਨ੍ਹਾਂ ਨੇ ਮੋਦੀ ਸਰਕਾਰ ਵਿਰੁਧ ਇੱਕ ਸ਼ਬਦ ਵੀ ਨਹੀਂ ਬੋਲਿਆ ਗਿਆ। ਸੁਖਬੀਰ ਨੇ ਸਵਾਲ ਕੀਤਾ ਕਿ ਕਿਸ ਆਧਾਰ 'ਤੇ ਕੈਪਟਨ ਸਰਕਾਰ ਨੇ ਦੋਸ਼ੀ ਪੁਲੀਸ ਅਧਿਕਾਰੀਆਂ ਦੀ ਰਿਹਾਈ ਦੀ ਸਿਫਾਰਿਸ਼ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਦਾਲਤਾਂ ਵੱਲੋਂ ਸੁਣਾਏ ਫੈਸਲਿਆਂ ਖ਼ਿਲਾਫ ਜਾ ਕੇ ਇਸ ਤਰ੍ਹਾਂ ਕਾਤਲਾਂ ਨੂੰ ਰਿਹਾਅ ਕੀਤਾ ਜਾਵੇਗਾ ਤਾਂ ਸਮੁੱਚੀ ਨਿਆਂਇਕ ਪ੍ਰਕਿਰਿਆ ਦਾ ਮਜ਼ਾਕ ਬਣੇਗਾ।

## ਗੁਰੂ ਨਾਨਕ ਸਾਹਿਬ ਦਾ ਧਰਮ ਯੁੱਧ ਤੇ ਰਾਜ ਦਾ ਸੰਕਲਪ

ਵਿਚਾਰਨਯੋਗ ਹੈ ਕਿ ਸਰਬੱਤ ਅਜ਼ਾਦੀ, ਸਰਬੱਤ ਦੇ ਭਲੇ ਦੇ ਹੱਕਾਂ ਲਈ ਖੜੇ ਹੋਣਾ ਹੀ ਗੁਰੂ ਨਾਨਕ ਫਲਸਫੇ ਨੂੰ ਅਮਲ ਵਿਚ ਲਿਆਉਣਾ ਹੈ। ਇਸ ਦੀ ਮਿਸਾਲ ਹੈ ਕਿ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਜਨੇਊ ਪਾਉਣ ਤੋਂ ਇਨਕਾਰ ਕਰਕੇ, ਧੱਕੇ ਨਾਲ ਕੀਤੀ ਜਾਂਦੀ ਬਿਪਰਵਾਦੀ ਰੀਤੀ ਦਾ ਵਿਰੋਧ ਕਰਦੇ ਹਨ ਜਦ ਕਿ ਨੌਵੀ ਪਾਤਸ਼ਾਹੀ ਗੁਰੂ ਤੇਗ ਬਹਾਦਰ ਸਾਹਿਬ ਮੁਗਲ ਸਲਤਨਤ ਵਲੋਂ ਹਿੰਦੂਆਂ ਦੇ ਜਨੇਊ ਉਤਾਰਨ ਦੇ ਖਿਲਾਫ਼ ਆਵਾਜ਼ ਉਠਾਉਂਦੇ ਹੋਏ ਸ਼ਹੀਦੀ ਪਾਉਂਦੇ ਹਨ। ਗੁਰੂ ਨਾਨਕ ਫਲਸਫੇ ਦੀ ਪ੍ਰਸੰਗਿਕਤਾ ਉਦੋਂ ਹੋਰ ਵੀ ਵਧੇਰੇ ਵਧ ਜਾਂਦੀ ਹੈ, ਜਦੋਂ ਸਟੇਟ ਦੀ ਅਗਵਾਈ ਵਿਚ ਜ਼ਬਰੀ ਖਾਣ-ਪਹਿਨਣ ਦੇ ਨਾਂ 'ਤੇ ਧੱਕੇਸ਼ਾਹੀ ਹੋ ਰਹੀ ਹੈ, ਕਿਧਰੇ ਮਨੂਵਾਦੀਆਂ ਵਲੋਂ ਦਲਿਤਾਂ ਤੇ ਮੁਸਲਮਾਨਾਂ ਨੂੰ ਗਾਂ ਦੇ ਵਪਾਰ ਅਤੇ ਮੁਰਦਾ ਪਸ਼ੂ ਢੋਹਣ ਕਾਰਨ ਕਤਲ ਕੀਤਾ ਜਾ ਰਿਹਾ ਹੈ, ਕਿਧਰੇ ਮੁਸਲਿਮ ਲੋਕਾਂ ਨੂੰ ਭਾਰਤ ਮਾਂ ਦੀ ਜੈ ਜਾਂ ਜੈ ਸ੍ਰੀ ਰਾਮ ਨਾ ਬੋਲਣ 'ਤੇ ਮਾਰਿਆ ਜਾ ਰਿਹਾ ਹੈ। ਕਿਧਰੇ ਉੜੀਸਾ ਵਿਚ ਈਸਾਈ ਪਾਦਰੀ ਨੂੰ ਬਜਰੰਗ ਦਲ ਵਲੋਂ ਬੱਚਿਆਂ ਤੇ ਪਰਿਵਾਰ ਸਮੇਤ ਜਿਉਂਦੇ ਸਾੜਿਆ ਜਾਣਾ, ਕਿਧਰੇ ਨਵੰਬਰ 1984 ਵਿਚ ਦਿੱਲੀ ਦੇ ਚਾਂਦਨੀ ਚੌਂਕ ਤੋਂ ਲੈ ਕੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਸਿੱਖਾਂ ਨੂੰ ਹਜ਼ਾਰਾਂ ਦੀ ਗਿਣਤੀ ਵਿਚ ਚੁਣ-ਚੁਣ ਕੇ ਜਿਉਂਦੇ ਸਾੜਨਾ, ਗੈਂਗ-ਰੇਪ ਕਰਨਾ ਅਤੇ ਘਰ-ਬਾਰ ਉਜਾੜ ਦੇਣੇ। ਜੇਕਰ ਕਸ਼ਮੀਰੀ ਪੰਡਤਾਂ ਦੀ ਪੁਕਾਰ ਸੁਣ ਕੇ ਗੁਰੂ ਤੇਗ ਬਹਾਦਰ ਸਾਹਿਬ ਔਰੰਗਜ਼ੇਬ ਦਾ ਵਿਰੋਧ ਕਰਦੇ ਹਨ ਤੇ ਸ਼ਹੀਦੀ ਦਿੰਦੇ ਹਨ, ਕੀ ਦਿੱਲੀ ਵਿਚ ਬਿਪਰਵਾਦੀਆਂ ਵਲੋਂ ਸਰਕਾਰ ਦੀ ਸ਼ਹਿ 'ਤੇ ਹੋਏ ਕਤਲੇਆਮ ਵਿਰੁੱਧ ਆਵਾਜ਼ ਬੁਲੰਦ ਕਰਨਾ ਸਭਨਾਂ ਦਾ ਫਰਜ਼ ਨਹੀਂ ਬਣਦਾ ਕਿ ਉਹ ਮਨੁੱਖੀ ਹੱਕਾਂ ਦੀ ਰਾਖੀ ਲਈ ਅੱਗੇ ਆਉਣ। ਗੁਰੂ ਨਾਨਕ ਰਾਜ ਚਲਾਇਆ ਦਾ ਸਿਧਾਂਤ ਮਨੁੱਖੀ ਹੱਕਾਂ ਦੀ ਆਜ਼ਾਦੀ ਨੂੰ ਲਾਗੂ ਕਰਨ ਲਈ ਸਾਮਾਜਿਕ ਬਰਾਬਰੀ ਨੂੰ ਆਧਾਰ ਬਣਾਉਂਦਾ ਹੈ। ਜੇਕਰ ਸਮਾਜ ਵਿਚ ਬਰਾਬਰੀ ਨਹੀਂ ਤਾਂ ਅਜ਼ਾਦੀ ਦੀ ਪਰਿਭਾਸ਼ਾ ਵੀ ਇਕਸਾਰ ਨਹੀਂ ਹੋ ਸਕਦੀ। ਗੁਰੂ ਨਾਨਕ ਸਿਧਾਂਤ ਤਾਂ ਚਹੁੰ ਵਰਨਾਂ, ਸਭ ਨਸਲਾਂ-ਰੰਗਾਂ ਤੇ ਜਾਤਾਂ-ਲਿੰਗਾਂ ਨੂੰ ਬਰਾਬਰ ਲਿਆ ਕੇ, ਫਿਰ ਉਹਨਾਂ ਨੂੰ ਅਜ਼ਾਦੀ ਦੇ ਰਾਹ ਚੱਲਣ ਲਈ ਪ੍ਰੇਰਿਤ ਕਰਦਾ ਹੈ। ਜਿਸ ਸਮਾਜ ਵਿਚ ਬਰਾਬਰੀ ਨਹੀਂ, ਉੱਥੇ ਸਥਾਪਿਤ ਰਾਜਾਂ ਵਿਚ ਅਜ਼ਾਦੀ ਦਾ ਹੱਕ ਵੀ ਇਕ ਸਮਾਨ ਨਹੀਂ ਹੋ ਸਕਦਾ। ਮੂਲ ਰੂਪ ਵਿਚ ਗੁਰੂ ਨਾਨਕ ਸਾਹਿਬ ਵਲੋਂ ਜਿਸ ਸੱਚੇ ਪਾਤਸ਼ਾਹ ਦਾ ਹਲੇਮੀ, ਨਿਰਮਲ, ਖਾਲਸ ਤੇ ਬੇਗਮਪੁਰਾ (ਜਿੱਥੇ ਦੁੱਖ, ਮੁਸੀਬਤਾਂ ਨਹੀਂ ਤੇ ਸਭ ਨਾਲ ਇਨਸਾਫ਼ ਹੈ) ਰਾਜ ਦਾ ਸਿਧਾਂਤ ਦਿੱਤਾ, ਉਹ ਵਰਗਾਂ-ਵੰਡਾਂ, ਕੌਮਾਂ-ਦੇਸਾਂ ਤੇ ਰਾਸ਼ਟਰਾਂ ਦੀਆਂ ਵਲਗਣਾਂ ਤੋਂ ਮੁਕਤ ਹੈ। ਅਜਿਹਾ ਰਾਜ ਸਭਨਾਂ ਲਈ ਮੁਕਤੀ ਦਾ ਮਾਰਗ ਵੀ ਹੈ ਤੇ ਬੇਗਮਪੁਰੇ ਦਾ ਪ੍ਰਤੀਕ ਵੀ। ਇਸ ਧਾਰਨਾ ਨੂੰ ਅਜੋਕੇ ਵਿਸ਼ਵ ਲਈ ਰਾਹ-ਦਸੇਰਾ ਮੰਨਦੇ ਹੋਏ ਇਹ ਪਾਵਨ ਸ਼ਬਦ ਮਾਰਗ ਦਰਸ਼ਨ ਕਹੇ ਜਾ ਸਕਦੇ ਹਨ :

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥
(ਗੁਰੂ ਗ੍ਰੰਥ ਸਾਹਿਬ, ਅੰਗ 74)

# ਸੁੱਖ ਸ਼ਾਂਤੀ ਦੇ ਮਾਰ ਗੋਲ਼ੀ

**ਤਰਲੋਚਨ ਸਿੰਘ 'ਦੁਪਾਲਪੁਰ'**

ਇਹ ਬੇਰੁਜ਼ਗਾਰੀ ਕਾਰਨ ਪਾਠੀ ਬਣ ਕੇ ਪਿੰਡ ਦੇ ਗੁਰਦੁਆਰੇ ਗ੍ਰੰਥੀ ਲੱਗੇ ਹੋਏ ਧੀਰਜ ਸਿੰਘ ਦੀ ਹੱਡ-ਬੀਤੀ ਹੈ, ਜਿਸ ਨੂੰ ਪਿੰਡ ਵਿੱਚ ਉਹਦੇ ਹਾਣੀ ਮਿੱਤਰ ਦੋਸਤ ਧੀਰਾ ਕਹਿ ਕੇ ਹੀ ਬੁਲਾਉਂਦੇ ਹਨ। ਹੁਣੇ ਹੁਣੇ ਉਹਦੇ ਇੱਕ ਹਮਜਮਾਤੀ ਦਾ ਉਸ ਨੂੰ ਫੋਨ ਆਇਆ, ਆਉਂਦੇ ਐਤਵਾਰ ਸਾਡੇ ਘਰੇ ਸੁਖਮਨੀ ਸਾਹਿਬ ਦਾ ਪਾਠ ਕਰਵਾਉਣਾ ਐਂ, ਤੂੰ ਉਸ ਦਿਨ ਸੁਵਖਤੇ ਆ ਜਾਵੀਂ ਧੀਰਿਆ।

ਐਤਵਾਰ ਵਾਲੇ ਦਿਨ ਪਰਨਾ ਮੋਢੇ ਉੱਤੇ ਰੱਖ ਧੀਰਜ ਸਿੰਘ ਆਪਣੇ ਉਸ ਦੋਸਤ ਦੇ ਘਰੇ ਜਾ ਪਹੁੰਚਾ। ਆਉਂਦੇ-ਜਾਂਦੇ ਹੋਏ ਤਾਂ ਭਾਵੇਂ ਉਸਨੇ ਇਸ ਦੋਸਤ ਦੀ ਮਹਿਲਨੁਮਾ ਕੋਠੀ ਦੂਰੋਂ ਦੇਖੀ ਹੀ ਹੋਈ ਸੀ ਪਰ ਅੱਜ ਵਿਹੜੇ ਵਿੱਚ ਪੈਰ ਧਰਦਿਆਂ ਹੀ ਉਹ ਅਮੀਰੀ ਠਾਠ ਦੇਖ ਕੇ ਦੰਗ ਰਹਿ ਗਿਆ। ਆਲੀਸ਼ਾਨ ਦੋ ਮੰਜਲੀ ਕੋਠੀ, ਥੱਲੇ ਰੰਗ ਬਰੰਗੀ ਚਿਪਸ ਲੱਗੀ ਹੋਈ, ਵਿਹੜੇ ਵਿੱਚ ਦੁੱਧ ਚਿੱਟੇ ਸੰਗਮਰਮਰ ਦੀਆਂ ਪਲੇਟਾਂ, ਗੁਸਲਖਾਨਿਆਂ ਸਮੇਤ ਕਈ ਕਮਰੇ, ਕਈ ਕਮਰਿਆਂ ਵਿੱਚ ਏ.ਸੀ. ਫਿੱਟ! ਡ੍ਰਾਇੰਗ ਰੂਮ ਵਿੱਚ ਕੌਫੀ ਕਲਰ ਫਰਨੀਚਰ ਸਜਿਆ ਹੋਇਆ। ਕੋਠੀ ਦੇ ਸਿਖਰ ਉੱਤੇ ਪਾਣੀ ਵਾਲ਼ੀ ਟੈਂਕੀ ਉੱਤੇ 'ਜਹਾਜ਼' ਬਣਿਆ ਹੋਇਆ ਹੈ!

ਖੁੱਲ੍ਹੇ ਵਿਹੜੇ ਵਿੱਚ ਟ੍ਰੈਕਟਰ-ਟਰਾਲੀ ਤੋਂ ਇਲਾਵਾ ਕੈਮਰੀ ਕਾਰ, ਬੁਲਟ ਮੋਟਰਸਾਈਕਲ ਅਤੇ ਇੱਕ ਨਵੀਂ ਨਕੋਰ ਸਕੂਟਰੀ ਘਰ ਦੀ ਅਮੀਰੀ ਦਾ ਪ੍ਰਗਟਾਵਾ ਕਰ ਰਹੇ ਜਾਪਦੇ ਸਨ। ਦੋਸਤ ਦੀ ਸ਼ਾਨੋ ਸ਼ੌਕਤ ਵੱਲ ਦੇਖਦਿਆਂ ਧੀਰੇ ਨੂੰ ਬਾਲੇ-ਗਾਡਰਾਂ ਵਾਲ਼ਾ ਆਪਣਾ ਛੋਟਾ ਜਿਹਾ ਕੱਚਾ-ਪੱਕਾ ਘਰ ਚੇਤੇ ਆ ਗਿਆ ਤੇ ਉਹ ਦਿਲ ਹੀ ਦਿਲ ਝੂਰਨ ਲੱਗਾ ਕਿ ਮੈਂ ਵੀ ਕਦੇ ਆਪਣੇ ਟੱਬਰ ਨੂੰ ਅਜਿਹਾ ਘਰ ਬਣਾ ਕੇ ਦੇ ਸਕਾਂਗਾ? ਹੇ ਮਨਾਂ, ਆਏ ਦਿਨ ਮੈਂ ਲੋਕਾਂ ਲਈ ਅਰਦਾਸਾਂ ਕਰਦਾ ਰਹਿੰਦਾ ਹਾਂ ਕਿ ਫਲਾਣੇ ਦੇ ਘਰ ਨੌ ਨਿਧਾਂ ਬਾਰਾਂ ਸਿਧਾਂ ਦੀ ਬਖਸ਼ਿਸ਼ ਹੋਵੇ ' ਢਿਮਕੇ ਨੂੰ ਅੰਨ ਧਨ ਦੇ ਖੁੱਲ੍ਹੇ ਗੱਫਿਆਂ ਦੀ ਦਾਤ ਮਿਲ਼ੇ, ਪਰ ਮੇਰੀ ਖੁਦ ਦੀ ਆਪਣੀ ਹਾਲਤ?

ਇੰਨੇ ਨੂੰ ਦੋਸਤ ਦੀ ਪਤਨੀ ਧੀਰੇ ਲਈ ਚਾਹ ਦੇ ਕੱਪ ਨਾਲ ਬਿਸਕੁਟ ਲੈ ਕੇ ਆ ਗਈ ਤਾਂ ਪਲ ਦੀ ਪਲ ਧੀਰੇ ਦੀ ਸੋਚ-ਲੜੀ ਉੱਤੇ ਵਿਸ਼ਰਾਮ ਲੱਗ ਗਿਆ। ਪਰ ਚਾਹ ਪੀਂਦਿਆਂ ਉਹ ਮੁੜ ਅਤੀਤ ਵਿੱਚ ਗੁਆਚ ਗਿਆ -

ਕਿਸਮਤ ਦੀਆਂ ਗੱਲਾਂ ਨੇ ...ਮੈਂ ਤੇ ਇਹ ਦੋਸਤ ਜਿੰਦਰ ਇਕੱਠੇ ਹੀ ਸਕੂਲ ਵਿੱਚ ਪੜ੍ਹਦੇ ਰਹੇ ਹਾਂ। ਇਹ ਨੌਵੀਂ ਵਿੱਚੋਂ ਫੇਲ ਹੋ ਕੇ ਮੁੜ ਸਕੂਲੇ ਵੜਿਆ ਹੀ ਨਹੀਂ ਸੀ, ਪਰ ਮੈਂ ਦਸਵੀਂ ਪਾਸ ਕਰਨ ਤੋਂ ਬਾਅਦ ਕਾਲਜ ਜਾ ਲੱਗਿਆ। ਭਾਵੇਂ ਘਰ ਦੀ ਮਾਲੀ ਹਾਲਤ ਮਾੜੀ ਹੀ ਸੀ ਪਰ ਮੈਂ ਇਹ ਸੋਚਕੇ ਗ੍ਰੈਜੂਏਸ਼ਨ ਕਰਨ ਦੀ ਸੋਚ ਲਈ ਕਿ ਕੋਈ ਨੌਕਰੀ ਮਿਲ ਜਾਏਗੀ। ਲੇਕਿਨ ਕਈ ਸਾਲ ਡਿਗਰੀ ਚੁੱਕੀ ਇੱਧਰ ਉੱਧਰ ਟੱਕਰਾਂ ਮਾਰਨ ਬਾਅਦ ਹਾਰ ਹੰਭ ਕੇ ਮੈਂ ਅਣਸਰਦੀ ਨੂੰ ਪਾਠੀਆਂ ਦੇ ਜਥੇ ਵਿੱਚ ਸ਼ਾਮਲ ਹੋ ਗਿਆ। ਪਿੰਡ ਦੇ ਗੁਰਦੁਆਰੇ ਵਿੱਚ ਪੁਰਾਣਾ ਹੀ ਟਿਕਿਆ ਹੋਇਆ ਬਜ਼ੁਰਗ ਬਾਬਾ ਚੜ੍ਹਾਈ ਕਰ ਗਿਆ ਤੇ ਪਿੰਡ ਵਾਲ਼ਿਆਂ ਨੇ ਮੇਰੀ 'ਪੋਸਟ' ਉੱਤੇ ਮੇਰੀ 'ਨਿਯੁਕਤੀ' ਕਰ ਦਿੱਤੀ।

ਇੱਧਰ ਜਿੰਦਰ ਸਕੂਲੋਂ ਹਟ ਕੇ ਆਪਣੇ ਬਾਪ ਨਾਲ ਖੇਤੀ ਬਾੜੀ 'ਚ ਹੱਥ ਵਟਾਉਣ ਲੱਗਾ। ਇੱਕੋ ਇੱਕ ਪੁੱਤ ਹੋਣ ਕਰਕੇ ਇਹਦਾ ਬਾਪ ਤਾਂ ਪਹਿਲਾਂ ਹੀ ਚਾਹੁੰਦਾ ਸੀ ਪੰਦਰਾਂ ਵੀਹ ਖੇਤਾਂ ਦੀ ਲੰਮੀ ਚੌੜੀ ਖੇਤੀ ਕਰਨ ਲਈ ਮੁੰਡਾ ਉਸਦਾ ਸਾਥ ਦੇਵੇ। ਗਭਰੂ ਹੁੰਦਿਆਂ ਸਾਡੇ ਦੋਹਾਂ ਦੇ ਵਿਆਹ ਵੀ ਤਕਰੀਬਨ ਇੱਕੋ ਸਮੇਂ ਹੀ ਹੋਏ। ਫਰਕ ਬੱਸ ਇੰਨਾ ਹੀ ਸੀ ਕਿ ਇਹਦਾ ਵਿਆਹ ਧੂਮ ਧੜੱਕੇ ਨਾਲ ਹੋਇਆ, ਪਰ ਮੈਨੂੰ ਗਿਆਰਾਂ ਬਰਾਤੀ ਹੀ ਵਿਆਹ ਲਿਆਏ ਸਨ। ਫਿਰ ਵਿਦੇਸ਼ ਵਿੱਚ ਰਹਿੰਦੀ ਜਿੰਦਰ ਦੀ ਭੈਣ ਦੇ ਕੋਈ ਬਾਲ-ਬੱਚਾ ਹੋਇਆ ਤਾਂ ਉਸਨੇ ਮਾਂ ਬਾਪ ਬਾਹਰ ਬੁਲਾ ਲਏ। ਪਿਉ ਦੇ ਬਾਹਰ ਚਲੇ ਜਾਣ ਕਾਰਨ ਜਿੰਦਰ ਨੇ ਤਿੰਨ ਚਾਰ ਪੂਰਬੀਏ ਰੱਖ ਲਏ। ਘਰ ਵਿੱਚ ਰੰਗ-ਭਾਗ ਤਾਂ ਖੇਤੀ ਦੀ ਆਮਦਨ ਨੇ ਹੀ ਬਥੇਰੇ ਲਾ ਰੱਖੇ ਸਨ, ਪਰ ਹੁਣ ਕਹਿੰਦੇ ਇਹਦੇ ਮੰਮੀ-ਡੈਡੀ ਬਾਹਰ ਕੋਈ ਜੌਬ ਕਰਨ ਲੱਗ ਪਏ ਸਨ। ਇੰਜ ਪਹਿਲੋਂ ਹੀ ਭਰੇ ਭਕੁੰਨੇ ਇਸ ਘਰ ਵਿੱਚ ਡਾਲਰਾਂ-ਪੌਂਡਾਂ ਦਾ ਵੀ ਸੋਨੇ ਉੱਤੇ ਸੁਹਾਗਾ ਫਿਰਨ ਲੱਗ ਪਿਆ! ਪਿੰਡ ਵਿੱਚ ਇਸ ਪ੍ਰਵਾਰ ਦੀ ਐਸ਼ਪ੍ਰਸਤੀ ਦੀਆਂ ਗੱਲਾਂ ਅਕਸਰ ਹੁੰਦੀਆਂ ਰਹਿੰਦੀਆਂ ਨੇ। ਆਮ ਲੋਕਾਂ ਵਾਂਗ ਮੈਂ ਵੀ ਸੋਚਦਾ ਹਾਂ ਕਿ 'ਜ਼ਿੰਦਗੀ' ਤਾਂ ਇਹ ਲੋਕ ਜਿਊ ਰਹੇ ਹਨ ' ਮੇਰੇ ਵਰਗੇ ਤਾਂ ਬੱਸ ਦਿਨ-ਕਟੀ ਹੀ ਕਰ ਰਹੇ ਨੇ।

ਚੱਲੀਏ ਬਈ ਧੀਰੇ ਗੁਰਦੁਆਰੇ ਨੂੰ ਮਾਹਰਾਜ ਦਾ ਸਰੂਪ ਲੈਣ? ਪੱਗ ਬੰਨ੍ਹ ਕੇ ਬਾਹਰ ਆਉਂਦਾ ਹੋਇਆ ਜਿੰਦਰ ਕਹਿਣ ਲੱਗਾ। ਉਸੇ ਵੇਲੇ ਬਾਹਰੋਂ ਭਈਏ ਨੇ 'ਸ਼ਰਦਾਰ ਜੀ' ਕਹਿ ਕੇ 'ਵਾਜ ਮਾਰੀ ਤਾਂ ਉਹ ਸਾਰੇ ਦਿਨ ਦੇ ਖੇਤਾਂ ਵਿਚਲੇ ਕੰਮਾਂ ਬਾਰੇ ਉਸ ਨੂੰ ਹਦਾਇਤਾਂ ਦੇਣ ਗੇਟ ਉੱਤੇ ਜਾ ਖੜ੍ਹਾ ਹੋਇਆ।

ਇਸੇ ਦੌਰਾਨ ਮੈਂ ਬੈਠਾ ਬੈਠਾ ਸੋਚਣ ਲੱਗਾ ਕਿ ਇਨ੍ਹਾਂ ਨੇ ਅੱਜ ਸੁਖਮਨੀ ਸਾਹਿਬ ਦਾ ਪਾਠ ਕਿਸ ਸਬੰਧ ਵਿੱਚ ਕਰਾਉਣਾ ਹੋਵੇਗਾ! ਇਨ੍ਹਾਂ ਦੇ ਘਰੇ ਕਿਸੇ ਖੁਸ਼ੀ-ਗਮੀ ਦਾ ਤਾਂ ਕੋਈ ਪਤਾ ਨਹੀਂ ਲੱਗਾ, ਫਿਰ ਇਹ ਪਾਠ ਕਿਸ ਮਕਸਦ ਲਈ ਕਰਵਾਉਣ ਲੱਗੇ ਹੋਣਗੇ? ਪੁੱਤਰ ਦੀ ਦਾਤ-ਪ੍ਰਾਪਤੀ ਲਈ ਤਾਂ ਹੋ ਨਹੀਂ ਸਕਦਾ ਕਿਉਂਕਿ ਜਿੰਦਰ ਤੇ ਇਹਦੀ ਬਾਹਰ ਗਈ ਭੈਣ ਦੇ, ਦੋਹਾਂ ਦੇ ਕਾਕੇ ਹੈਗੇ ਨੇ। ਵਿਦੇਸ਼ ਵਿੱਚ ਜਨਮੇ ਦੋਹਤੇ ਦੀ ਖੁਸ਼ੀ ਵਿੱਚ ਤਾਂ ਇਨ੍ਹਾਂ ਨੇ ਪਿੱਛੇ ਜਿਹੇ ਇਨ੍ਹਾਂ ਨੇ ਅਖੰਡ ਪਾਠ ਕਰਾਉਣ ਬਾਅਦ ਪੈਲਸ ਵਿੱਚ ਰੰਗਾ-ਰੰਗ ਪਾਰਟੀ ਵੀ ਕੀਤੀ ਸੀ, ਜਿਸ ਵਿੱਚ ਇੱਕ ਨਾਮੀ-ਗਰਾਮੀ ਗਾਇਕ ਵੀ ਆਇਆ ਸੀ।

ਹੁਣ ਮਹਾਰਾਜ ਦਾ ਸਰੂਪ ਲਿਆਉਣ ਵਾਸਤੇ ਜਿੰਦਰ ਦੇ ਸੱਦੇ ਹੋਏ ਚਾਚਿਆਂ-ਤਾਇਆਂ ਦੇ ਮੁੰਡੇ ਵੀ ਆ ਗਏ। ਉਨ੍ਹਾਂ ਨੂੰ ਵੀ ਚਾਹ ਪਿਆਈ ਗਈ ਤੇ ਅਸੀਂ ਸਾਰੇ ਗੁਰਦੁਆਰੇ ਜਾ ਪਹੁੰਚੇ। ਮੈਂ ਜਿੰਦਰ ਨੂੰ ਜ਼ਰਾ ਪਾਸੇ ਲਿਜਾ ਕੇ ਪਰਦੇ ਜਿਹੇ ਵਿੱਚ ਆਪਣੇ ਅੰਦਾਜੇ ਨਾਲ ਹੀ ਪੁੱਛਿਆ ਕਿ ਇਹ ਪਾਠ ਤੁਸੀਂ ਪ੍ਰਵਾਰਕ ਸੁੱਖ-ਸ਼ਾਂਤੀ ਵਾਸਤੇ ਹੀ ਕਰਾਉਣਾ ਹੋਣਾ ਐਂ, ਕਿਉਂਕਿ ਮੈਂ ਅਰਦਾਸ ਕਰਨੀ ਐਂ?

ਜਿੰਦਰ ਨੇ ਜੋ ਆਪਣੀ ਆਸਾ-ਮਨਸ਼ਾ ਦੱਸੀ, ਉਸਨੂੰ ਸੁਣਕੇ ਮੇਰੇ ਦੰਦ ਹੀ ਜੁੜ ਗਏ ...! ਹੱਕਾ ਬੱਕਾ ਹੋਇਆ ਮੈਂ ਉਹਦੇ ਮੂੰਹ ਵੱਲ ਦੇਖਦਾ ਰਹਿ ਗਿਆ। ਉਹਦੀ 'ਮੰਗ' ਸੁਣਕੇ ਇਉਂ ਮਹਿਸੂਸ ਹੋਇਆ ਜਿਵੇਂ ਮੈਨੂੰ ਬਿਜਲੀ ਦਾ ਕਰੰਟ ਲੱਗਾ ਹੋਵੇ!!

ਸਾਰਾ ਸੁਖਮਨੀ ਸਾਹਿਬ ਵੀ ਪੜ੍ਹ ਲਿਆ ... ਉਸਦੇ ਕਹੇ ਅਨੁਸਾਰ ਅਰਦਾਸ ਬੇਨਤੀ ਵੀ ਕਰ ਦਿੱਤੀ। ਪਰ ਇਹ ਸਾਰਾ ਕੁਝ ਬੇਚੈਨ ਮਨ ਨਾਲ ਉੱਖੜੇ ਉੱਖੜੇ ਅਤੇ ਸੋਚਾਂ ਦੇ ਤਾਣੇ-ਬਾਣੇ ਵਿੱਚ ਉਲ਼ਝੇ ਹੋਏ ਨੇ ਸਿਰੇ ਚੜ੍ਹਾਇਆ! ਗੁਰਦੁਆਰੇ ਜਾ ਕੇ ਅਰਦਾਸ ਬਾਰੇ ਪੁੱਛੇ ਜਾਣ ਉੱਤੇ ਜਿੰਦਰ ਨੇ ਮੇਰੇ ਮੂੰਹੋਂ 'ਪ੍ਰਵਾਰਿਕ ਸੁੱਖ ਸ਼ਾਂਤੀ' ਸੁਣਕੇ ਕਿਹਾ ਸੀ-

ਓ ਯਾਰ ਸੁੱਖ-ਸ਼ਾਂਤੀ ਦੇ ਮਾਰ ਗੋਲ਼ੀ ... ਠੀਕ ਠਾਕ ਈ ਹਾਂ ਅਸੀਂ। ਬਾਹਰੋਂ 'ਬੁੜ੍ਹੇ' ਨੇ ਮੇਰੀ ਪਟੀਸ਼ਨ ਕੀਤੀ ਹੋਈ ਆ। ਕਈ ਸਾਲ ਹੋ ਗਏ ਉਡੀਕਦਿਆਂ, ਅੰਬੈਸੀ ਤੋਂ ਕੋਈ ਚਿੱਠੀ-ਚੁੱਠੀ ਨ੍ਹੀ ਆਈ ਹਾਲੇ ਤੱਕ ... ਸਾਡੇ ਇੱਕ 'ਬਾਬਾ ਜੀ ਮਾਹਰਾਜ' ਨੇ, ਅਸੀਂ ਉਨ੍ਹਾਂ ਕੋਲ ਪੁੱਛ ਪੁਆਈ ਸੀ। ਉਹ ਕਹਿੰਦੇ ਕਿਸੇ ਯਕੀਨ ਵਾਲ਼ੇ ਪਾਠੀ ਤੋਂ ਸੁਖਮਨੀ ਸਾਹਬ ਦਾ ਪਾਠ ਕਰਵਾਉ, ਫਿਰ ਕੰਮ ਬਣੂ! ... ਹੁਣ ਯਾਰਾ ਤੂੰ 'ਵਧੀਆ ਜਿਹੀ' ਅਰਦਾਸ ਕਰ ਦਈਂ, ਹੋਰ ਨਾ ਕਿਤੇ ਐਥੇ ਈ ਭੱਸੜ ਭਨਾਉਂਦੇ ਰਹਿ ਜਾਈਏ!

# ਦੀਵਾਲੀ ਇੰਝ ਮਨਾਉਣਗੇ ਪੰਜਾਬੀ ਗਾਇਕ



***ਪੰਜਾਬੀਆਂ ਦਾ ਜਿਹੜਾ ਮਰਜ਼ੀ ਤਿਉਹਾਰ ਹੋਵੇ ਉਸ ਦੀ ਖ਼ੁਸ਼ੀ ਦੀਆਂ ਫੁਲਝੜੀਆਂ ਤੇ ਕਿਲਕਾਰੀਆਂ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਮਾਣੀਆਂ ਤੇ ਸੁਣੀਆਂ ਜਾ ਸਕਦੀਆਂ ਹਨ। ਆਓ ਮਾਰਦੇ ਹਾਂ ਇੱਕ ਝਾਤ...।***

ਦਿਲਜੀਤ ਦੁਸਾਂਝ ਦਾ ਦੀਵਾਲੀ ਮਨਾਉਣ ਦਾ ਢੰਗ ਵੱਖਰਾ ਹੈ। ਉਸ ਨੂੰ ਇਸ ਦਿਨ ਯਾਰਾਂ ਮਿੱਤਰਾਂ ਦੀ ਮਹਿਫ਼ਲ ਬਹਿ ਕੇ ਖਾਣਾ ਪੀਣਾ ਚੰਗਾ ਲੱਗਦਾ ਹੈ। ਉਹ ਆਖਦਾ ਹੈ ਕਿ ਦਿਵਾਲੀ 'ਤੇ ਫਜ਼ੂਲ ਖਰਚਾ ਕਰਨ ਦੀ ਥਾਂ 'ਤੇ ਗਰੀਬਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਜੋ ਪਰਮਾਤਮਾ ਉਨ੍ਹਾਂ 'ਤੇ ਦਿਆਲ ਹੋ ਸਕੇ। ਗਾਇਕ ਇੰਦਰਜੀਤ ਨਿੱਕੂ ਆਪਣੇ ਪਿੰਡ ਦੇ ਧਾਰਮਿਕ ਅਸਥਾਨਾਂ 'ਤੇ ਮੱਥਾ ਟੇਕਣ ਤੋਂ ਬਾਅਦ ਆਪਣੇ ਘਰ ਦੇ ਸਾਰੇ ਮੈਂਬਰਾਂ ਨਾਲ ਮਿਲ ਕੇ ਦਿਵਾਲੀ ਮਨਾਉਂਦਾ ਹੈ। ਨਿੱਕੂ ਦਾ ਕਹਿਣਾ ਕਿ ਪਟਾਕਿਆਂ ਦੀ ਉਹ ਬੋਰੀ ਭਰ ਕੇ ਲਿਜਾਂਦਾ ਹੈ, ਕਿਉਂਕਿ ਪਟਾਕੇ ਚਲਾਉਣ ਦਾ ਉਸ ਨੂੰ ਬੇਹੱਦ ਸ਼ੌਕ ਹੈ।

ਪ੍ਰਸਿੱਧ ਗਾਇਕਾ ਮਿਸ ਪੂਜਾ ਦਾ ਦੀਵਾਲੀ ਬਾਰੇ ਕਹਿਣਾ ਹੈ ਕਿ ਉਹ ਇਸ ਦਿਨ ਆਪਣੇ ਪਰਿਵਾਰ ਨਾਲ ਮੋਮਬੱਤੀਆਂ ਤੇ ਦੀਵੇ ਮਚਾਉਣ ਤੋਂ ਬਾਅਦ ਰਾਤ ਨੂੰ ਖੂਬ ਆਤਿਸ਼ਬਾਜ਼ੀ ਚਲਾਉਂਦੀ ਹੈ। ਜ਼ਿਆਦਾ ਆਵਾਜ਼ ਵਾਲੇ ਪਟਾਕਿਆਂ ਤੋਂ ਉਹ ਡਰਦੀ ਹੈ ਪਰ ਡੰਡੇ ਨਾਲ ਮੋਮਬੱਤੀ ਬੰਨ੍ਹ ਕੇ ਆਤਿਸ਼ਬਾਜ਼ੀ ਚਲਾਉਣ ਦਾ ਉਸ ਨੂੰ ਸ਼ੌਕ ਹੈ। ਬਾਕੀ ਜ਼ਿੰਦਗੀ ਬਹੁਤ ਛੋਟੀ ਹੈ। ਇਸ ਪਵਿੱਤਰ ਤਿਉਹਾਰ ਤੇ ਸਾਨੂੰ ਆਪਣੇ ਰੁੱਸਿਆਂ ਨੂੰ ਮਨਾ ਲੈਣਾ ਚਾਹੀਦਾ।

ਲੋਕ ਗਾਇਕ ਸਤਵਿੰਦਰ ਬੁੱਗਾ ਦਾ ਕਹਿਣਾ ਹੈ ਕਿ ਸਾਡੀ ਦੀਵਾਲੀ ਤਾਂ ਸਿੱਧੀ ਸਾਦੀ ਹੁੰਦੀ ਹੈ, ਕਿਉਂਕਿ ਮੈਂ ਤਾਂ ਬਿਲਕੁਲ ਵੈਸ਼ਨੂੰ ਹਾਂ। ਮੈਂ ਪਿੰਡ ਮਕਾਰੋਂਪੁਰ ਜਾ ਕੇ ਦੀਵਾਲੀ ਮਨਾਉਂਦਾ ਹਾਂ। ਸਾਨੂੰ ਆਪਣੇ ਵਿਰਸੇ ਨੂੰ ਯਾਦ ਕਰਕੇ ਇਹ ਤਿਉਹਾਰ ਪੂਰੀ ਰੀਝ ਤੇ ਸ਼ਰਧਾ ਨਾਲ ਮਨਾਉਣਾ ਚਾਹੀਦਾ ਹੈ। ਗਾਇਕ ਤੇ ਅਦਾਕਾਰ ਹਰਭਜਨ ਮਾਨ ਦਿਵਾਲੀ ਨੂੰ ਸਰਵ ਸਾਂਝੀਵਾਲਤਾ ਨਾਲ ਮਨਾਉਣ ਦਾ ਸੁਨੇਹਾ ਦਿੰਦਾ ਹੈ, ਉਹ ਆਖਦਾ ਹੈ ਕਿ ਇਸ ਦਿਨ ਸਭ ਪੰਜਾਬੀਆਂ ਨੂੰ ਵਾਅਦਾ ਕਰਨਾ ਚਾਹੀਦਾ ਹੈ ਕਿ ਉਹ ਇਕਮੁੱਠ ਹੋ ਕੇ ਰਹਿਣਗੇ ਤੇ ਪੰਜਾਬੀ ਹੱਕਾਂ ਦੇ ਲਈ ਸਰਗਰਮ ਰਹਿਣਗੇ। ਹਰਭਜਨ ਮਾਨ ਦਾ ਕਹਿਣਾ ਹੈ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ, ਹੁਣ ਸਾਡੇ ਵੱਲੋਂ ਤੇ ਸਰਕਾਰਾਂ ਵੱਲੋਂ ਵਿਸਾਰੀ ਜਾ ਰਹੀ ਹੈ, ਇਸ ਸੰਬੰਧੀ ਸਾਨੂੰ ਸੁਚੇਤ ਰਹਿਣ ਦੀ ਲੋੜ ਹੈ ਜੇ ਅਸੀਂ ਆਪਣੀ ਮਾਂ ਬੋਲੀ ਨੂੰ ਭੁੱਲ ਗਏ ਤਾਂ ਆਪਣੀ ਹੋਂਦ ਗੁਆ ਬੈਠਾਂਗੇ। ਲੋਕ ਗਾਇਕਾਵਾਂ ਅੰਮ੍ਰਿਤਾ ਵਿਰਕ ਤੇ ਸੁਦੇਸ਼ ਕੁਮਾਰੀ ਨੇ ਘਰ ਦੀ ਸਫ਼ਾਈ ਕਰਕੇ ਦੀਵਾਲੀ ਮਨਾਉਣ ਦੀ ਗੱਲ ਕੀਤੀ। ਉਸ ਦਾ ਕਹਿਣਾ ਹੈ ਕਿ ਦਿਵਾਲੀ ਵਾਲੇ ਦਿਨ ਫਜ਼ੂਲ ਖਰਚੀ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਗਾਇਕ ਗਿੱਪੀ ਗਰੇਵਾਲ ਨੂੰ ਪਟਾਕੇ ਚਲਾ ਕੇ ਦੀਵਾਲੀ ਮਨਾਉਣੀ ਬੇਹੱਦ ਪਸੰਦ ਹੈ। ਹੀਰਾ ਗਰੁੱਪ ਦੇ ਗਾਇਕਾਂ ਪਲਵਿੰਦਰ ਧਾਮੀ ਤੇ ਕੁਮਾਰ ਦਾ ਨਜ਼ਰੀਆ ਕਿ ਜ਼ਿੰਦਗੀ ਵਿੱਚ ਮਿਲੀ ਸਫ਼ਲਤਾ ਨੂੰ ਤਿਉਹਾਰਾਂ ਮੌਕੇ ਮਨਾਇਆ ਜਾਣਾ ਚਾਹੀਦਾ ਹੈ।

# ਨਵੈਡਾ ਸਟੇਟ ਸੀਨੀਅਰ ਉਲੰਪਿਕ 'ਚ ਫਰਿਜਨੋ ਦੇ ਚਾਰ ਪੰਜਾਬੀਆਂ ਨੇ ਜਿੱਤੇ ਮੈਡਲ

**ਫਰਿਜਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆ**-ਹਰ ਸਾਲ ਅਕਤੂਬਰ ਵਿੱਚ ਅਮਰੀਕਾ ਦੇ ਯੂਟਾ ਸੂਬੇ ਵਿੱਚ ਹੰਟਸਮੈਂਟ ਵਰਲਡ ਸੀਨੀਅਰ ਖੇਡਾਂ ਅਤੇ ਨਵੈਡਾ ਸੂਬੇ ਵਿਚ ਨਵੈਡਾ ਸਟੇਟ ਸੀਨੀਅਰ ਉਲੰਪਿਕ ਗੇਮਾਂ ਕਰਵਾਈਆਂ ਜਾਂਦੀਆਂ ਹਨ। ਇਨ੍ਹਾਂ ਖੇਡਾਂ ਵਿੱਚ ਹਰ ਸਾਲ ਸੀਨੀਅਰ ਪੰਜਾਬੀ ਅਕਸਰ ਭਾਗ ਲੈਂਦੇ ਹਨ ਅਤੇ ਮੈਡਲ ਜਿੱਤ ਕੇ ਪੰਜਾਬੀ ਭਾਈਚਾਰੇ ਦਾ ਨਾਂ ਅਮਰੀਕਾ ਦੀ ਧਰਤੀ ਤੇ ਉੱਚਾ ਕਰਦੇ ਹਨ। ਇਸ ਸਾਲ ਇਨ੍ਹਾਂ ਖੇਡਾਂ ਵਿੱਚ ਫਰਿਜਨੋ ਸ਼ਹਿਰ ਦੇ ਚਾਰ ਪੰਜਾਬੀ ਸੀਨੀਅਰ ਖਿਡਾਰੀਆਂ ਨੇ ਭਾਗ ਲਿਆ ਅਤੇ ਨਵੈਡਾ ਸੀਨੀਅਰ ਉਲੰਪਿਕ ਵਿੱਚ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋ ਵਿੱਚ ਸੋਨੇ ਦਾ ਅਤੇ ਵੇਟ ਥਰੋ ਵਿੱਚ ਚਾਂਦੀ ਦਾ ਤਗਮਾ ਜਿੱਤਿਆ। ਇਨ੍ਹਾਂ ਖੇਡਾਂ ਵਿੱਚ ਸੁਖਨੈਣ ਸਿੰਘ ਨੇ ਟਰਿਪਲ ਜੰਪ ਵਿੱਚ ਚਾਂਦੀ ਦਾ ਤਗਮਾ ਹਾਸਲ ਕੀਤਾ ਅਤੇ ਕਮਲਜੀਤ ਬੈਨੀਪਾਲ ਨੇ 1500 ਮੀਟਰ ਰੇਸ ਵਿੱਚ ਸੋਨੇ ਦਾ ਤਗਮਾ ਆਪਣੇ ਨਾਮ ਕੀਤਾ। ਇੱਥੇ ਵੀ ਦੱਸ ਦੇਈਏ ਕਿ ਨਵੈਡਾ ਸਟੇਟ ਸੀਨੀਅਰ ਉਲੰਪਿਕ ਵਿੱਚ ਤਕਰੀਬਨ 300 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ।

ਇਸੇ ਤਰ੍ਹਾਂ ਹੰਟਸਮੈਨ ਵਰਲਡ ਸੀਨੀਅਰ ਖੇਡਾਂ ਵਿੱਚ ਪੂਰੀ ਦੁਨੀਆਂ ਦੇ 70 ਦੇਸ਼ਾਂ ਦੇ ਐਥਲੀਟਾਂ ਨੇ ਹਿੱਸਾ ਲਿਆ ਅਤੇ ਇਨ੍ਹਾਂ ਖੇਡਾਂ ਵਿੱਚ ਜਿੱਥੇ ਕਮਲਜੀਤ ਬੈਨੀਪਾਲ ਨੇ 1500 ਵਿੱਚ ਚਾਂਦੀ ਦਾ ਤਗਮਾ ਜਿੱਤਿਆ, ਉੱਥੇ ਹੀ ਹਰਦੀਪ ਸਿੰਘ ਸੰਘੇੜਾ ਨੇ ਕਾਂਸੀ ਦਾ ਤਗਮਾ ਆਪਣੇ ਨਾਮ ਕੀਤਾ। ਸੁਖਨੈਣ ਸਿੰਘ ਨੇ ਟਰਿਪਲ ਜੰਪ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਗੁਰਬਖਸ਼ ਸਿੰਘ ਨੂੰ ਸ਼ਾਟ ਪੁੱਟ ਵਿੱਚ ਛੇਵਾਂ ਅਤੇ ਡਿਸਕਸ ਥਰੋ ਵਿੱਚ ਚੌਥਾ ਸਥਾਨ ਹਾਸਲ ਹੋਇਆ। ਇਹ ਪੰਜਾਬੀ ਸੀਨੀਅਰ ਖਿਡਾਰੀ ਆਪਣੇ ਖ਼ਰਚੇ ਤੇ ਅਮਰੀਕਾ ਵਿੱਚ ਬਹੁਤ ਸਾਰੀਆਂ ਖੇਡਾਂ ਵਿੱਚ ਭਾਗ ਲੈਂਦੇ ਹਨ ਅਤੇ ਪੱਗਾਂ ਬੰਨ੍ਹ ਕੇ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਉਂਦੇ ਹਨ। ਇਨ੍ਹਾਂ ਦੇ ਇਸ ਉਪਰਾਲੇ ਨਾਲ ਵਿਦੇਸ਼ਾਂ ਵਿੱਚ ਸਿੱਖ ਪਹਿਚਾਣ ਨੂੰ ਵੀ ਹੁਲਾਰਾ ਮਿਲਦਾ ਹੈ। ਇਨ੍ਹਾਂ ਦੀ ਜਿੱਤ ਸਦਕਾ ਫਰਿਜਨੋ ਦੇ ਪੰਜਾਬੀ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਹੈ।



## ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਟੂਰਨਾਮੈਂਟ 26 ਅਕਤੂਬਰ ਨੂੰ ਫਰਿਜਨੋ ਵਿਖੇ

**ਫਰਿਜਨੋ/ਨੀਟਾ ਮਾਛੀਕੇ, ਕੁਲਵੰਤ ਧਾਲੀਆਂ**- ਸਥਾਨਕ ਅਜ਼ਾਦ ਸਪੋਰਟਸ ਅਤੇ ਕਲਚਰਲ ਕਲੱਬ ਦੀ ਇੱਕ ਅਹਿਮ ਮੀਟਿੰਗ ਲੰਘੇ ਦਿਨੀਂ ਬੰਬੇ ਬਿਜਨਸ ਪਾਰਕ ਫਰਿਜਨੋ ਵਿਖੇ ਹੋਈ, ਜਿੱਥੇ ਅਹੁਦੇਦਾਰਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਕਲੱਬ ਵੱਲੋਂ ਸਲਾਨਾ ਟੂਰਨਾਮੈਂਟਾਂ ਦੀ ਲੜੀ ਨੂੰ ਨਿਰੰਤਰ ਜਾਰੀ ਰੱਖਦਿਆਂ ਦੂਸਰਾ ਕਬੱਡੀ ਕੱਪ ਅਤੇ ਸੱਤਵਾਂ ਰੱਸਾਕਸੀ ਤੇ ਸਾਕਰ ਆਦਿ ਖੇਡਾਂ ਦਾ ਸ਼ਾਨਦਾਰ ਟੂਰਨਾਮੈਂਟ ਮਿਤੀ 26 ਅਕਤੂਬਰ ਦਿਨ ਸ਼ਨੀਵਾਰ ਨੂੰ 'ਰੀਜਨਲ ਸਪੋਰਟਸ ਕੰਪਲੈਕਸ' ਜਿਸਦਾ ਪਤਾ 1707 ਵਿਸਟ ਜਿਨਸਨ ਐਵੇਨਿਊ ਫਰਿਜਨੋ ਹੈ, ਵਿਖੇ ਕਰਵਾਇਆ ਜਾ ਰਿਹਾ ਹੈ, ਇਹ ਟੂਰਨਾਮੈਂਟ ਗੁਰੂ ਨਾਨਕ ਪਾਤਸ਼ਾਹ ਦੇ 550ਵੇਂ ਗੁਰਪੁਰਬ ਨੂੰ ਸਮਰਪਿਤ ਹੋਵੇਗਾ। ਪ੍ਰਬੰਧਕਾਂ ਨੇ ਦੱਸਿਆ ਕਿ ਇਸ ਟੂਰਨਾਮੈਂਟ ਦੌਰਾਨ ਚਾਹ ਪਕੌੜਿਆਂ ਦਾ ਲੰਗਰ ਅਤੁੱਟ ਵਰਤੇਗਾ।

## .ਗੈਰ ਕਾਨੂੰਨੀ ਢੰਗ ਨਾਲ ਭਾਰਤੀ ਹੁਣ ਨਹੀਂ ਜਾ ਸਕਣਗੇ ਅਮਰੀਕਾ

ਇਸ ਤੋਂ ਬਾਅਦ ਮੈਕਸੀਕੋ ਨੇ ਭਾਰਤੀਆਂ ਨੂੰ ਦੇਸ਼ ਛੱਡਣ ਦਾ ਆਦੇਸ਼ ਦੇ ਦਿੱਤਾ। ਮੈਕਸਿਕੋ ਦੀ ਕੌਮੀ ਪਰਵਾਸ ਸੰਸਥਾ ਆਈਐੱਨਐੱਮ ਵਲੋਂ ਬੀਤੇ ਬੁੱਧਵਾਰ ਨੂੰ ਕਿਹਾ ਸੀ ਕਿ ਅਜਿਹੇ ਭਾਰਤੀ ਨਾਗਰਿਕਾਂ, ਜਿਨ੍ਹਾਂ ਕੋਲ ਮੁਲਕ ਵਿੱਚ ਲਗਾਤਾਰ ਰੁਕਣ ਦੀ ਇਜਾਜ਼ਤ ਨਹੀਂ ਹੈ, ਨੂੰ ਤੋਲੁਕਾ ਸ਼ਹਿਰ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਬੋਇੰਗ 747 ਹਵਾਈ ਜਹਾਜ਼ ਰਾਹੀਂ ਵਾਪਸ ਨਵੀਂ ਦਿੱਲੀ ਭੇਜਿਆ ਗਿਆ ਹੈ। ਇਨ੍ਹਾਂ ਲੋਕਾਂ ਨੂੰ ਮੁਲਕ ਦੇ ਓਆਕਸਕਾ, ਬਾਜਾ ਕੈਲੀਫੋਰਨੀਆ, ਵੇਰਾਕਰੂਜ਼, ਚਿਆਪਸ, ਸੋਨੋਰਾ, ਮੈਕਸੀਕੋ ਸਿਟੀ, ਦੁਰਾਂਗੋ ਤੇ ਤਾਬਾਸਕੋ ਸੂਬਿਆਂ ਵਲੋਂ ਪਰਵਾਸ ਅਥਾਰਿਟੀ ਹਵਾਲੇ ਕੀਤਾ ਗਿਆ ਸੀ।

ਮੈਕਸੀਕੋ ਦੀ ਰਾਸ਼ਟਰੀ ਪ੍ਰਵਾਸ ਸੰਸਥਾ (ਆਈ. ਐਨ. ਐਮ.) ਵਲੋਂ ਜਾਰੀ ਬਿਆਨ ਵਿਚ ਆਪਣਾ ਪੱਖ ਰੱਖਦਿਆਂ ਕਿਹਾ ਗਿਆ ਕਿ ਵਾਪਸ ਭੇਜੇ ਗਏ ਸਾਰੇ ਲੋਕਾਂ ਕੋਲ ਮੈਕਸੀਕੋ ਵਿਚ ਰਹਿਣ ਲਈ ਲੋੜੀਂਦੇ ਦਸਤਾਵੇਜ਼ ਨਹੀਂ ਸਨ ਤੇ ਉਨ੍ਹਾਂ ਨੂੰ ਵਾਪਸ ਭੇਜਣ ਲਈ ਭਾਰਤੀ ਪ੍ਰਸ਼ਾਸਨ ਕੋਲੋਂ ਤਸਦੀਕ ਕਰਵਾਈ ਗਈ। ਭਾਰਤ ਵਿਚ ਮੈਕਸੀਕੋ ਦੇ ਰਾਜਦੂਤ ਫੇਡੇਰਿਕੋ ਸਾਲਾਸ ਨੇ ਵੀ ਦਿੱਲੀ ਵਿਚ ਇਸ ਮਾਮਲੇ ਬਾਰੇ ਕਿਹਾ ਕਿ ਮੈਕਸੀਕੋ ਵਿਚ ਵੀ ਵਿਸ਼ਵ ਦੇ ਹੋਰਨਾਂ ਇਲਾਕਿਆਂ ਵਾਂਗ ਪ੍ਰਵਾਸ ਦੀ ਸਮੱਸਿਆ ਵੱਡੀ ਚੁਣੌਤੀ ਵਾਂਗ ਹੈ। ਉਨ੍ਹਾਂ ਕਿਹਾ ਕਿ ਹਾਲਾਂਕਿ ਇਸ ਨੂੰ ਲੈ ਕੇ ਹਾਲੇ ਤੱਕ ਕੋਈ ਵਿਸ਼ੇਸ਼ ਘਟਨਾ ਨਹੀਂ ਹੋਈ ਹੈ ਪਰ ਖ਼ਾਸ ਗੱਲ ਇਹ ਹੈ ਕਿ ਅਜਿਹੇ ਪ੍ਰਵਾਸੀਆਂ ਵਿਚ ਮਨੁੱਖੀ ਹੱਕਾਂ ਦੇ ਪੀੜਤਾਂ ਦੀ ਤਦਾਦ ਕਾਫ਼ੀ ਜ਼ਿਆਦਾ ਹੈ। ਸਾਲਾਸ ਨੇ ਇਹ ਵੀ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਆਪਣੇ ਕਾਨੂੰਨ ਨੂੰ ਬਿਹਤਰ ਕਰਨ ਨਾਲ ਅਜਿਹੇ ਲੋਕਾਂ ਦਰਮਿਆਨ ਇਕ ਸੰਦੇਸ਼ ਵੀ ਜਾ ਸਕੇ। ਆਈ. ਐਨ. ਐਮ. ਦੇ ਬਿਆਨ ਮੁਤਾਬਿਕ ਇਹ ਮੁਹਿੰਮ ਏਸ਼ੀਆਈ ਦੇਸ਼ਾਂ ਦੇ ਦੂਤਘਰਾਂ ਨਾਲ ਬਿਹਤਰ ਸੰਪਰਕ ਅਤੇ ਤਾਲਮੇਲ ਕਾਰਨ ਇਨ੍ਹਾਂ ਨੂੰ ਭਾਰਤ ਭੇਜਣਾ ਸੰਭਵ ਹੋ ਪਾਇਆ।

### ਕਿਵੇਂ ਭੇਜਦੇ ਹਨ ਏਜੰਟ

ਇੱਥੇ ਜ਼ਿਕਰਯੋਗ ਹੈ ਕਿ ਬਹਾਮਾਸ ਰਾਹੀਂ ਅਮਰੀਕਾ ਜਾਣ ਵਾਲੇ ਮੁੰਡਿਆਂ ਨੂੰ ਟਰੈਵਲ ਏਜੰਟ ਸਭ ਤੋਂ ਪਹਿਲਾਂ ਦਿੱਲੀ ਤੋਂ ਫਲਾਈਟ ਰਾਹੀਂ ਉੱਥੇ ਭੇਜਦੇ ਹਨ। 27 ਘੰਟਿਆਂ ਦੀ ਲੰਬੀ ਫਲਾਈਟ ਤੋਂ ਬਾਅਦ ਅਮਰੀਕਾ ਵਿਚ ਦਾਖਲ ਹੋਣ ਲਈ ਦੋ ਸਮੁੰਦਰੀ ਰਸਤਿਆਂ ਰਾਹੀਂ ਟਰੈਵਲ ਏਜੰਟ ਬੇੜੀਆਂ ਤੇ ਛੋਟੇ ਸਮੁੰਦਰੀ ਜਹਾਜ਼ਾਂ ਰਾਹੀਂ ਲੈ ਕੇ ਜਾਂਦੇ ਹਨ। ਇਨ੍ਹਾਂ ਦੋਵੇਂ ਸਮੁੰਦਰੀ ਰਸਤਿਆਂ ਵਿਚ ਇੱਕ ਰਾਹ ਮਿਆਮੀ ਤੇ ਦੂਜਾ ਨਾਸੋ ਦਾ ਹੈ। ਅਮਰੀਕਾ ਵਿਚ ਦਾਖਲ ਹੋਣ ਲਈ ਟਰੈਵਲ ਏਜੰਟਾਂ ਵੱਲੋਂ ਪੰਜ ਅਜਿਹੇ ਰੂਟ ਤਿਆਰ ਕੀਤੇ ਗਏ ਹਨ ਜਿਨ੍ਹਾਂ ਵਿੱਚ ਜਾਨ ਦਾ ਖਤਰਾ ਹੈ। ਇਨ੍ਹਾਂ ਵਿੱਚ ਸਭ ਤੋਂ ਵੱਧ ਖਤਰਨਾਕ ਰਸਤਾ ਬਹਾਮਾਸ ਦਾ ਦੱਸਿਆ ਜਾਂਦਾ ਹੈ। ਇਸ ਸਮੁੰਦਰੀ ਰਸਤੇ ਰਾਹੀਂ ਅਮਰੀਕਾ ਜਾਣ ਵਾਲੇ ਬਹੁਤ ਸਾਰੇ ਪੰਜਾਬੀ ਮੁੰਡੇ ਸਮੁੰਦਰ ਦੀਆਂ ਲਹਿਰਾਂ ਵਿੱਚ ਹੀ ਡੁੱਬ ਜਾਂਦੇ ਹਨ। ਦੋ ਸਾਲ ਪਹਿਲਾਂ ਇਸੇ ਰਸਤੇ ਰਾਹੀਂ ਅਮਰੀਕਾ ਜਾ ਰਹੀ ਬੇੜੀ ਵਿੱਚੋਂ ਛੇ ਪੰਜਾਬੀ ਮੁੰਡੇ ਡੁੱਬ ਗਏ ਸਨ, ਇਨ੍ਹਾਂ ਦਾ ਅਜੇ ਤੱਕ ਕੋਈ ਥਹੁ-ਪਤਾ ਨਹੀਂ ਲੱਗਾ। ਦੂਜਾ ਰਸਤਾ ਅਰਜਨਟੀਨਾ ਤੇ ਐਕਵਾਡੋਰ ਰਾਹੀਂ ਜਾਂਦਾ ਹੈ। ਇਟਲੀ ਰਾਹੀਂ ਅਮਰੀਕਾ ਭੇਜਣ ਲਈ ਵੀ ਟਰੈਵਲ ਏਜੰਟ ਇਹ ਰਸਤਾ ਵਰਤ ਰਹੇ ਹਨ। ਹਾਲਾਂਕਿ ਇਹ ਰੂਟ ਕਾਫੀ ਮਹਿੰਗਾ ਹੈ। ਟਰੈਵਲ ਏਜੰਟ ਇਟਲੀ ਦਾ ਵੀਜ਼ਾ ਲੈ ਕੇ ਦਿੰਦੇ ਹਨ। ਅਮਰੀਕਾ ਜਾਣ ਦੇ ਚਾਹਵਾਨਾਂ ਨੂੰ ਇਟਲੀ ਦੇ ਮਿਲਾਨ ਸ਼ਹਿਰ ਦੇ ਨੇੜਲੇ ਕਿਸੇ ਛੋਟੇ ਕਸਬੇ ਵਿੱਚ ਰੱਖਿਆ ਜਾਂਦਾ ਹੈ। ਉਥੋਂ ਸਿੱਧੀ ਫਲਾਈਟ ਮੈਕਸੀਕੋ ਦੀ ਕਰਾਈ ਜਾਂਦੀ ਹੈ। ਮੈਕਸੀਕੋ ਤੋਂ ਅਮਰੀਕਾ ਦੇ ਸਾਂਡਿਆਗੋ ਵਿੱਚ ਕੰਧ ਟਪਾ ਕੇ ਦਾਖਲਾ ਕਰਾਇਆ ਜਾਂਦਾ ਹੈ। ਇੱਥੇ ਏਜੰਟ ਪੰਜਾਬੀਆਂ ਦੇ ਪਾਸਪੋਰਟ ਆਪਣੇ ਕੋਲ ਲੈ ਲੈਂਦੇ ਹਨ ਤੇ ਉਨ੍ਹਾਂ ਦੀ ਜੇਬ ਵਿੱਚ ਪਰਚੀ ਪਾ ਦਿੰਦੇ ਹਨ ਕਿ ਜਿਸ ਦੇਸ਼ ਵਿੱਚੋਂ ਇਹ ਆਇਆ ਹੈ, ਉੱਥੇ ਇਸ ਦੀ ਜਾਨ ਨੂੰ ਖਤਰਾ ਹੈ। ਇਸੇ ਤਰ੍ਹਾਂ ਸਾਊਥ ਅਮਰੀਕਾ, ਹਾਂਗਕਾਂਗ ਤੇ ਗਰੀਸ ਨੂੰ ਵੀ ਟਰੈਵਲ ਏਜੰਟ ਪੰਜਾਬੀਆਂ ਨੂੰ ਅਮਰੀਕਾ ਵਿਚ ਦਾਖਲਾ ਦਿਵਾਉਣ ਲਈ ਰਾਹ ਵਜੋਂ ਵਰਤਦੇ ਆ ਰਹੇ ਹਨ। ਇਨ੍ਹਾਂ ਰਸਤਿਆਂ ਰਾਹੀਂ ਹਮੇਸ਼ਾਂ ਜਾਨ ਦਾ ਖਤਰਾ ਬਣਿਆ ਰਹਿੰਦਾ ਹੈ।

### ਵਾਪਸ ਪਰਤੇ ਨੌਜਵਾਨ ਨਿਰਾਸ਼

ਅਮਰੀਕਾ ਜਾਣ ਦੇ ਸੁਨਹਿਰੀ ਸੁਪਨੇ ਦੇ ਅਧਵਾਟੇ ਟੁੱਟਣ ’ਤੇ ਨਾਰਾਜ਼ ਤੇ ਨਿਰਾਸ਼ 18 ਤੋਂ 35 ਕੁ ਸਾਲ ਉਮਰ ਦੇ ਨੌਜਵਾਨ ਜਿਨ੍ਹਾਂ ਵਿਚੋਂ ਬਹੁਤੇ ਪੰਜਾਬ ਤੇ ਹਰਿਆਣਾ ਨਾਲ ਸਬੰਧਿਤ ਹਨ, ਨੇ ਅਮਰੀਕਾ ਜਾਣ ਲਈ ਮੈਕਸੀਕੋ ਪੁੱਜਣ ਤੋਂ ਪਹਿਲਾਂ ਇਕਵਾਡੋਰ ਤੋਂ ਹੋ ਕੇ ਕੋਲੰਬੀਆ, ਪਨਾਮਾ, ਕੋਸਟਾ ਰਿਕਾ, ਨਿਕਾਰੋਗੋਆ, ਹਾਡੂਰਸ ਤੇ ਗੁਆਟਮਾਲਾ ਦੇਸ਼ਾਂ ਵਿਚ ਭਟਕਦੇ ਰਹੇ ਹਨ। ਇਨ੍ਹਾਂ ਦੱਸਿਆ ਕਿ ਉਹ ਬਿਹਤਰ ਜੀਵਨ ਲਈ ਹਰ ਹਾਲਤ ਵਿਚ ਅਮਰੀਕਾ ਪੁੱਜ ਕੇ ਕੋਈ ਵੀ ਕੰਮ ਕਰਨ ਲਈ ਤਿਆਰ ਸਨ, ਪਰ ਮੈਕਸੀਕੋ ਉਨ੍ਹਾਂ ਦੇ ਰਸਤੇ ਵਿਚ ਵੱਡਾ ਅੜਿੱਕਾ ਬਣ ਗਿਆ। ਗੌਰਵ ਕੁਮਾਰ ਨੇ ਦੱਸਿਆ ਕਿ ਸਾਡਾ ਏਜੰਟ ਸਾਨੂੰ ਜੰਗਲ ਵਿੱਚੋਂ ਉਥੇ ਲੈ ਗਿਆ। ਅਸੀਂ ਲਗਭਗ ਦੋ ਹਫ਼ਤਿਆਂ ਲਈ ਜੰਗਲ ਵਿੱਚ ਚਲੇ ਗਏ। ਇਸ ਤੋਂ ਬਾਅਦ ਸਾਨੂੰ ਮੈਕਸੀਕੋ ਤੋਂ ਕੱਢ ਦਿੱਤਾ ਗਿਆ। ਸਿਰਫ ਭਾਰਤੀਆਂ ਨੂੰ ਬਾਹਰ ਕੱਢਿਆ ਗਿਆ ਹੈ ਜਦਕਿ ਸ਼੍ਰੀਲੰਕਾ, ਨੇਪਾਲ ਤੇ ਕੈਮਰੂਨ ਦੇ ਲੋਕ ਅਜੇ ਵੀ ਉੱਥੇ ਰਹਿ ਰਹੇ ਹਨ। ਉਸ ਨੇ ਦੱਸਿਆ ਕਿ ਉਸ ਨੇ ਆਪਣੀ ਖੇਤੀ ਵਾਲੀ ਜ਼ਮੀਨ, ਸੋਨਾ ਤੇ ਸਭ ਕੁਝ ਵੇਚ ਕੇ ਅਮਰੀਕਾ ਜਾਣ ਲਈ ਏਜੰਟ ਨੂੰ ਕੁਝ 18 ਲੱਖ ਰੁਪਏ ਦਿੱਤੇ ਸੀ।

ਹਰਿਆਣਾ ਦੇ ਕਰਨਾਲ ਜ਼ਿਲ੍ਹੇ ਦੇ ਇਕ ਕਿਸਾਨ ਪਰਿਵਾਰ ਨਾਲ ਸਬੰਧਿਤ ਮਨੀਸ਼ ਕੁਮਾਰ (22) ਅਤੇ ਕੁਰੂਕੇਸ਼ਤਰ ਦੇ ਅਜੈ ਸੈਣੀ (22) ਨੇ ਵੀ ਕੁਝ ਅਜਿਹੀ ਹੀ ਵਿੱਥਿਆ ਸੁਣਾਉਂਦਿਆ ਦੱਸਿਆ ਕਿ ਉਨ੍ਹਾਂ ਪਨਾਮਾ ਦੇ ਜੰਗਲਾਂ ਵਿਚ ਕਈ ਲਾਸ਼ਾਂ ਵੇਖੀਆਂ ਹਨ। ਉਸ ਨੇ ਦੱਸਿਆ ਕਿ ਉਹ 13 ਤੋਂ 15 ਦਿਨ ਤੱਕ ਜ਼ਹਿਰੀਲੇ ਸੱਪਾਂ ਤੇ ਜਾਨਵਰਾਂ ਕੋਲੋਂ ਹੋ ਕੇ ਭੁੱਖੇ-ਭਾਣੇ ਤੁਰਦੇ ਰਹੇ। ਉਸ ਨੇ ਪਨਾਮਾ ਪੁੱਜਣ ਤੋਂ ਪਹਿਲਾਂ ਕਈ ਦੇਸ਼ਾਂ ਦੇ ਸ਼ਰਨਾਰਥੀ ਕੈਂਪਾਂ ਵਿਚ 15 ਤੋਂ 20 ਦਿਨ ਤੱਕ ਗੁਜ਼ਾਰੇ। ਸਾਨੂੰ ਇਨ੍ਹਾਂ ਕੈਂਪਾਂ ਵਿਚ ਜਾਨਵਰਾਂ ਵਾਂਗ ਰੱਖਿਆ ਜਾਂਦਾ ਸੀ ਤੇ ਸਰੀਰ ਢੱਕਣ ਲਈ ਕੰਬਲ ਤੱਕ ਨਹੀਂ ਸੀ ਦਿੱਤੇ ਜਾਂਦੇ ਅਤੇ ਅਸੀਂ ਆਪਣੇ ਆਖਰੀ 3 ਮਹੀਨੇ ਇਕੋ ਟੀ-ਸ਼ਰਟ ਤੇ ਨਿੱਕਰਾਂ ਵਿਚ ਗੁਜ਼ਾਰੇ ਹਨ। ਇਸੇ ਤਰ੍ਹਾਂ ਕਰਨਾਲ ਦਾ ਬਜਿੰਦਰ ਸਿੰਘ (35) ਤਿੰਨ ਮਹੀਨੇ ਪਹਿਲਾਂ ਆਪਣੀ ਪਤਨੀ ਤੇ ਮਾਤਾ ਨੂੰ ਪਿੱਛੇ ਛੱਡ ਕੇ ਗਿਆ ਸੀ, ਉਸ ਦਾ ਉਨ੍ਹਾਂ ਨਾਲ ਬੀਤੇ 2 ਮਹੀਨਿਆਂ ਤੋਂ ਕੋਈ ਸੰਪਰਕ ਨਹੀਂ ਹੋ ਸਕਿਆ ਸੀ। ਉਸ ਦਾ ਕਹਿਣਾ ਹੈ ਕਿ ਉਸ ਦਾ ਕੈਲੀਫੋਰਨੀਆ ਰਹਿੰਦਾ ਦੋਸਤ ਟਰਾਂਸਪੋਰਟ ਦਾ ਕਾਰੋਬਾਰ ਕਰਦਾ ਹੈ ਤੇ ਵੱਡੀ ਕਮਾਈ ਕਰਦਾ ਹੈ, ਉਹ ਵੀ ਉਸ ਵਾਂਗ ਬਹੁਤ ਸਾਰੇ ਪੈਸੇ ਕਮਾਉਣਾ ਚਾਹੁੰਦਾ ਸੀ। ਇਸੇ ਤਰ੍ਹਾਂ ਸਾਹਿਲ ਮਲਿਕ (22) ਨੇ ਦੱਸਿਆ ਕਿ ਉਹ 5 ਜੂਨ ਨੂੰ ਦਿੱਲੀ ਤੋਂ ਇਕਵਾਡੋਰ ਲਈ ਰਵਾਨਾ ਹੋਇਆ ਸੀ ਤੇ ਮੈਕਸੀਕੋ ਪੁੱਜਣ ਲਈ ਉਹ ਵੱਖ-ਵੱਖ ਤਰ੍ਹਾਂ ਦੇ ਕਈ ਟਰਾਂਸਪੋਰਟ ਵਾਹਨਾਂ ਦਾ ਇਸਤੇਮਾਲ ਕਰਕੇ ਇਥੇ ਪੁੱਜਾ ਸੀ। ਵਾਪਸ ਆਏ ਜਲੰਧਰ ਜ਼ਿਲ੍ਹੇ ਦੇ ਉੱਚਾ ਪਿੰਡ ਦੇ ਕਮਲਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਬਾਰ੍ਹਵੀਂ ਜਮਾਤ ਵਿੱਚ ਪੜ੍ਹਨ ਤੋਂ ਬਾਅਦ ਵਿਦੇਸ਼ ਜਾਣਾ ਚਾਹੁੰਦਾ ਸੀ। ਟਰੈਵਲ ਏਜੰਟ ਨੂੰ ਅਮਰੀਕਾ ਜਾਣ ਲਈ 35 ਲੱਖ ਰੁਪਏ ਦਿੱਤੇ ਸਨ। ਏਜੰਟ ਨੇ ਉਸ ਨੂੰ ਫਰਾਂਸ ਦਾ ਵੀਜ਼ਾ ਲੈ ਕੇ ਦਿੱਤਾ ਸੀ ਤੇ ਉਥੋਂ ਮੈਕਸਿਕੋ ਪਹੁੰਚਾ ਦਿੱਤਾ, ਜਿਥੇ ਕੁੱਝ ਦਿਨ ਰੁਕਣ ਤੋਂ ਬਾਅਦ 26 ਅਪਰੈਲ ਨੂੰ ਅਮਰੀਕਾ ਦੀ ਕੰਧ ਟਪਾ ਦਿੱਤੀ ਸੀ। ਉਥੇ ਉਹ ਫੜਿਆ ਗਿਆ ਤੇ ਰਫਿਊਜੀ ਕੈਂਪ ਵਿੱਚ ਸਾਢੇ ਪੰਜ ਮਹੀਨੇ ਰਿਹਾ। ਰਾਜਸੀ ਸ਼ਰਨ ਮੰਗੀ ਪਰ ਜੱਜ ਨੇ ਕੇਸ ਰੱਦ ਕਰ ਦਿੱਤਾ। ਕੈਂਪ ਵਿੱਚ ਉਸ ਨਾਲ 75 ਹੋਰ ਲੋਕ ਵੀ ਸਨ। ਕੈਂਪ ਦੇ ਮਾੜੇ ਹਾਲ ਦੱਸਦਿਆਂ ਉਸ ਨੇ ਕਿਹਾ ਕਿ ਉਥੇ ਖਾਣ ਨੂੰ ਸਿਰਫ ਚੌਲ ਤੇ ਉਬਲੇ ਹੋਏ ਰਾਜਮਾਂਹ ਹੀ ਮਿਲਦੇ ਸਨ। ਕਮਲਜੀਤ ਸਿੰਘ ਦੇ ਪਿਤਾ ਸੁਖਵੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੰਜ ਏਕੜ ਜ਼ਮੀਨ ਹੈ। ਮਿੱਲ ਵੱਲ ਗੰਨੇ ਦਾ ਬਕਾਇਆ ਹੀ 9 ਲੱਖ ਰੁਪਏ ਖੜ੍ਹਾ ਹੈ। ਪੁੱਤ ਨੂੰ ਤਾਂ ਇਸ ਲਈ ਅਮਰੀਕਾ ਭੇਜਿਆ ਸੀ ਕਿ ਔਖੇ ਸੌਖੇ ਹੋ ਕੇ ਘਰ ਦਾ ਗੁਜ਼ਾਰਾ ਠੀਕ ਢੰਗ ਨਾਲ ਚੱਲ ਪਏਗਾ ਪਰ ਹੁਣ 35 ਲੱਖ ਰੁਪਏ ਵੀ ਗਏ ਤੇ ਮੁੰਡਾ ਵੀ ਵਾਪਸ ਆ ਗਿਆ।

ਡੀਪੋਰਟ ਕੀਤੇ ਪਟਿਆਲਾ ਨਾਲ ਸਬੰਧਤ 19 ਸਾਲਾ ਨੌਜਵਾਨ ਮਨਦੀਪ ਸਿੰਘ ਜੂਨ ਵਿਚ ਪਟਿਆਲਾ ਤੋਂ ਰਵਾਨਾ ਹੋਇਆ ਸੀ। ਉਸ ਨੇ ਦੱਸਿਆ ਕਿ ਮੈਕਸਿਕੋ ਪਹੁੰਚਣ ਤੋਂ ਪਹਿਲਾਂ ਉਹ ਸੱਤ ਦੇਸ਼ਾਂ ਵਿਚੋਂ ਦੀ ਲੰਘੇ। ਸ਼ੁਰੂਆਤ ਇਕੁਆਡੋਰ ਤੋਂ ਹੋਈ ਸੀ ਤੇ ਸੱਤ ਦਿਨ ਉਹ ਪਨਾਮਾ ਦੇ ਸੰਘਣੇ ਜੰਗਲਾਂ ਵਿਚ ਤੁਰਦੇ ਰਹੇ। ਜਦ ਉਹ ਅਮਰੀਕਾ ਤੋਂ 800 ਕਿਲੋਮੀਟਰ ਦੂਰ ਸਨ ਤਾਂ ਮੈਕਸਿਕੋ ਦੀ ਅਥਾਰਿਟੀ ਨੇ ਉਨ੍ਹਾਂ ਨੂੰ ਫੜ ਕੇ ਡਿਪੋਰਟ ਕਰ ਦਿੱਤਾ। ਮਨਦੀਪ ਨੇ ਦੱਸਿਆ ਕਿ ਉਸ ਨੇ ਪਨਾਮਾ ਦੇ ਜੰਗਲਾਂ ਵਿਚ ਕਈ ਲਾਸ਼ਾਂ ਦੇਖੀਆਂ ਜੋ ਉਸੇ ਵਾਂਗ ਅਮਰੀਕਾ ਜਾਣ ਦੀ ਕੋਸ਼ਿਸ਼ ਕਰ ਰਹੇ ਸਨ।

ਮਨਦੀਪ ਦਾ ਕਹਿਣਾ ਹੈ ਕਿ ਮੈਕਸੀਕੋ ਨੇ ਸਾਡੇ ਨਾਲ ਵੱਡਾ ਧੋਖਾ ਕੀਤਾ ਹੈ ਕਿਉਂਕਿ ਉਨ੍ਹਾਂ ਇਸ ਤੋਂ ਪਹਿਲਾਂ ਕਦੇ ਕਿਸੇ ਭਾਰਤੀ ਨੂੰ ਡਿਪੋਰਟ ਨਹੀਂ ਕੀਤਾ ਸੀ। ਅਮਰੀਕਾ ਜਾਣ ਲਈ ਦ੍ਰਿੜ੍ਹ ਮਨਦੀਪ ਦਾ ਕਹਿਣਾ ਹੈ ਕਿ ਉਹ ਭਾਵੇਂ ਇਸ ਵਾਰ ਅਮਰੀਕਾ ਪੁੱਜਣ ਵਿਚ ਕਾਮਯਾਬ ਨਹੀਂ ਹੋ ਸਕਿਆ ਪਰ ਉਹ ਕੁਝ ਮਹੀਨੇ ਬਾਅਦ ਮੁੜ ਕੋਸ਼ਿਸ਼ ਕਰਕੇ ਜ਼ਰੂਰ ਅਮਰੀਕਾ ਪੁੱਜੇਗਾ। ਡਿਪੋਰਟ ਕੀਤੇ ਗਏ 311 ਭਾਰਤੀਆਂ ਵਿਚ ਸ਼ਾਮਿਲ ਇਕਲੌਤੀ ਔਰਤ ਕਮਲਜੀਤ ਕੌਰ (34) ਨੇ ਦੱਸਿਆ ਕਿ ਉਹ ਆਪਣੇ ਪਤੀ ਤੇ ਬੇਟੇ ਨਾਲ ਅਮਰੀਕਾ ਜਾਣ ਲਈ ਘਰੋਂ ਨਿਕਲੀ ਸੀ ਅਤੇ ਉਨ੍ਹਾਂ ਇਸ ਲਈ 53 ਲੱਖ ਰੁਪਏ ਖਰਚ ਕੀਤੇ ਸਨ।

### ਮਨੁੱਖੀ ਤਸਕਰੀ ਰੈਕੇਟ ਲਈ ਸਖ਼ਤ ਸੁਨੇਹਾ

ਅਮਰੀਕਾ ਦੇ ਕਸਟਮ ਤੇ ਬਾਰਡਰ ਪ੍ਰੋਟੈਕਸ਼ਨ ਵਿਭਾਗ ਦੀ 2018 ਦੀ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਭਾਰਤ ਤੋਂ ਗ਼ੈਰ-ਕਾਨੂੰਨੀ ਤੌਰ ’ਤੇ ਆਉਣ ਵਾਲਿਆਂ ਦੀ ਗਿਣਤੀ ਵਿਚ ਤਿੰਨ ਗੁਣਾਂ ਵਾਧਾ ਹੋਇਆ ਹੈ ਅਤੇ ਇਹ ਗਿਣਤੀ ਸਾਲਾਨਾ 9000 ਨੂੰ ਟੱਪ ਚੁੱਕੀ ਹੈ ਅਤੇ ਉਨ੍ਹਾਂ ਵਿਚੋਂ ਅੱਧੇ ਤੋਂ ਵੱਧ ਮੈਕਸੀਕੋ ਸਰਹੱਦ ਜ਼ਰੀਏ ਅਮਰੀਕਾ ਵਿਚ ਦਾਖਲ ਹੁੰਦੇ ਹਨ। ਇਸ ਦੌਰਾਨ ਅਮਰੀਕਾ ਦੇ ਕਸਟਮ ਤੇ ਬਾਰਡਰ ਪ੍ਰੋਟੈਕਸ਼ਨ ਦੇ ਕਾਰਜਕਾਰੀ ਕਮਿਸ਼ਨਰ ਨੇ ਮੈਕਸੀਕੋ ਵਲੋਂ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਵਾਪਸ ਭੇਜਣ ਦੀ ਕਾਰਵਾਈ ਦਾ ਸਵਾਗਤ ਕਰਦਿਆਂ ਕਿਹਾ ਹੈ ਕਿ ਇਸ ਨਾਲ ਮਨੁੱਖੀ ਤਸਕਰੀ ਕਰਨ ਵਾਲਿਆਂ ਨੂੰ ਸਖ਼ਤ ਸੁਨੇਹਾ ਮਿਲੇਗਾ।(6)

## ਐਲਕ ਗਰੋਵ ਪੁਲਿਸ ਮੁਖੀ ਵੱਲੋਂ ਗੁਰਜਤਿੰਦਰ ਰੰਧਾਵਾ ਦਾ ਸਨਮਾਨ

**ਸੈਕਰਾਮੈਂਟੋ/ਏ.ਟੀ. ਨਿਊਜ਼ :** ਐਲਕ ਗਰੋਵ ਪੁਲਿਸ ਮੁਖੀ ਟਿਮ ਅਲਬਰਾਇਟ ਵੱਲੋਂ ਸਿਟੀ ਦੇ ਕਮਿਸ਼ਨਰ ਅਤੇ ਕੈਲੀਫੋਰਨੀਆ ਸੈਕਟਰੀ ਆਫ ਸਟੇਟ ਦੇ ਸਲਾਹਕਾਰ ਗੁਰਜਤਿੰਦਰ ਸਿੰਘ ਰੰਧਾਵਾ ਦਾ ਪੁਲਿਸ ਮੈਡਲ ਦੇ ਕੇ ਸਨਮਾਨ ਕੀਤਾ ਗਿਆ। ਇਸ ਦੌਰਾਨ ਸ. ਰੰਧਾਵਾ ਨੇ ਪੁਲਿਸ ਮੁਖੀ ਨੂੰ ਇਥੇ ਰਹਿੰਦੇ ਸਿੱਖਾਂ ਨੂੰ ਆ ਰਹੀਆਂ ਮੁਸ਼ਕਿਲਾਂ ਬਾਰੇ ਵਿਸਥਾਰ ਨਾਲ ਦੱਸਿਆ। ਸ. ਰੰਧਾਵਾ ਨੇ ਪੁਲਿਸ ਮੁਖੀ ਨੂੰ ਬੇਨਤੀ ਕੀਤੀ ਕਿ ਸਿਟੀ ਵਿਚ ਘੱਟੋ-ਘੱਟ ਇਕ ਦਸਤਾਰਧਾਰੀ ਪੁਲਿਸ ਅਫਸਰ ਭਰਤੀ ਕੀਤਾ ਜਾਵੇ, ਜਿਸ ਨੂੰ ਕਿ ਪੁਲਿਸ ਮੁਖੀ ਨੇ ਤੁਰੰਤ ਮੰਨ ਲਿਆ।

ਇਸ ਦੌਰਾਨ ਪੁਲਿਸ ਮੁਖੀ ਨੇ ਸ਼ੈਰਿਫ ਸੰਦੀਪ ਸਿੰਘ ਧਾਲੀਵਾਲ ਦੇ ਕਤਲ ’ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਸਿੱਖਾਂ ਦੀ ਤਰੀਫ ਵੀ ਕੀਤੀ ਅਤੇ ਕਿਹਾ ਕਿ ਇਹ ਇਕ ਬਹਾਦਰ ਕੌਮ ਹੈ। ਪੁਲਿਸ ਮੁਖੀ ਨੇ ਕਿਹਾ ਕਿ ਸਾਲ 20 11 ਵਿਚ ਜਿਹੜੇ 2 ਸਿੱਖ ਬਜ਼ੁਰਗਾਂ ਦੇ ਕਤਲ ਹੋਏ ਸਨ, ਉਸ ਬਾਰੇ ਕੇਸ ਦੁਬਾਰਾ ਤੋਂ ਖੋਲ੍ਹਿਆ ਜਾ ਰਿਹਾ ਹੈ।

## ਮੂਲ ਮੰਤਰ ਅਤੇ ਰੱਬ ਦਾ ਸਰੂਪ

ਉਹ ਹਰ ਯੁੱਗ ਵਿਚ ਵੀ ਮੌਜੂਦ ਰਿਹਾ ਹੈ, ਉਹ ਹੁਣ ਵੀ ਮੌਜੂਦ ਹੈ ਅਤੇ ਉਹ ਆਉਣ ਵਾਲੇ ਸਮੇਂ ਵਿਚ ਵੀ ਮੌਜੂਦ ਰਹੇਗਾ (ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ)।

ਵੱਖ-ਵੱਖ ਨਾਂਅ ਅਤੇ ਰੂਪ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਭੂ-ਪ੍ਰਮਾਤਮਾ ਲਈ ਬਹੁਤ ਸਾਰੇ ਨਾਵਾਂ ਅਤੇ ਵਿਸ਼ੇਸ਼ਣਾਂ ਦੀ ਵਰਤੋਂ ਕੀਤੀ ਗਈ ਹੈ। ਉਸ ਲਈ ਜੋ ਵੱਖ-ਵੱਖ ਨਾਂਅ ਵਰਤੇ ਗਏ ਹਨ, ਉਨ੍ਹਾਂ ਵਿਚ ਹਰੀ, ਰਾਮ, ਪ੍ਰਭੂ, ਗੋਪਾਲ, ਪ੍ਰਮਾਤਮਾ, ਕਰਤਾ, ਠਾਕੁਰ, ਦਾਤਾ, ਪ੍ਰਮੇਸ਼ਰ, ਨਾਰਾਇਣ, ਅੰਤਰਜਾਮੀ, ਮੁਰਾਰੀ, ਜਗਦੀਸ਼, ਸਤਿਨਾਮ, ਅੱਲ੍ਹਾ, ਮੋਹਨ, ਭਗਵਾਨ, ਨਿਰੰਕਾਰ, ਵਾਹਿਗੁਰੂ ਆਦਿ ਸ਼ਾਮਲ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ (8000 ਤੋਂ ਵੀ ਵੱਧ ਵਾਰ) ਵਰਤਿਆ ਜਾਣ ਵਾਲਾ ਸ਼ਬਦ ਹਰੀ ਜਾਂ ਹਰਿ ਹੈ ਜਦ ਕਿ ਰਾਮ ਸ਼ਬਦ ਨੂੰ 2500 ਦੇ ਕਰੀਬ ਵਾਰ ਵਰਤਿਆ ਗਿਆ ਹੈ।

ਪ੍ਰਮਾਤਮਾ ਰੂਪੀ ਸਰਬ-ਉੱਚ ਸ਼ਕਤੀ ਲਈ ਜੋ ਵਿਸ਼ੇਸ਼ਣ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਤੇ ਗਏ ਹਨ ਉਨ੍ਹਾਂ ਵਿਚ ਆਦਿ, ਅਨੀਲ (ਸ਼ੁੱਧ, ਪਵਿੱਤਰ), ਅਨਾਹਦ (ਰੂਹਾਨੀ ਨਾਦ), ਅਗਮ (ਅਪਹੁੰਚ), ਅਗੋਚਰ, ਅਨੂਪ (ਜਿਸ ਦੀ ਉਪਮਾ ਕਰਨੀ ਸੰਭਵ ਨਾ ਹੋਵੇ), ਅਪਾਰ, ਬੇਅੰਤ, ਅਕਾਲ, ਅਜੂਨੀ, ਸੈਭੰ, ਨਿਰਭਉ, ਨਿਰਵੈਰ, ਪਾਤਸ਼ਾਹਾਂ ਦਾ ਪਾਤਸ਼ਾਹ, ਦਾਤਾ, ਦਾਤਾਰ ਆਦਿ ਸ਼ਾਮਲ ਹਨ। ਉਹ ਇਸ ਸ੍ਰਿਸ਼ਟੀ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ ਅਤੇ ਪ੍ਰਕਾਸ਼ਵਾਨ ਹੈ ਪਰ ਉਸ ਨੂੰ ਦੇਖਣਾ ਜਾਂ ਸਮਝਣਾ ਮਨੁੱਖੀ ਪਹੁੰਚ ਤੋਂ ਬਾਹਰ ਹੈ ਅਤੇ ਉਸ ਨੂੰ ਕੇਵਲ ਅਹਿਸਾਸਿਆ ਹੀ ਜਾ ਸਕਦਾ ਹੈ। ਉਹ ਕਰਤਾ ਵੀ ਹੈ ਤੇ ਕਰਤਾਰ ਵੀ ਹੈ, ਦਾਤਾ ਵੀ ਹੈ ਅਤੇ ਦਾਤਾਰ ਵੀ ਹੈ, ਰਹਿਮਵਾਨ ਵੀ ਹੈ ਅਤੇ ਬਖ਼ਸ਼ਣਹਾਰ ਵੀ ਹੈ। ਇੰਨਾ ਕੁਝ ਕਹੇ ਜਾਣ ਦੇ ਬਾਵਜੂਦ ਨਾ ਤਾਂ ਉਸ ਦੇ ਗੁਣਾਂ ਦਾ, ਨਾ ਉਸ ਦੀ ਸ਼ਕਤੀ ਦਾ ਅਤੇ ਨਾ ਹੀ ਉਸ ਦੇ ਸਰੂਪ ਦਾ ਵਰਣਨ ਕਰਨਾ ਸੰਭਵ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਜਾਪੁ ਸਾਹਿਬ ਵਿਚ ਇਸ ਗੱਲ ਦਾ ਨਿਬੇੜਾ ਕਰਦੇ ਹੋਏ ਕਹਿੰਦੇ ਹਨ:

ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ ॥
ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ ॥
ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ ॥
ਕੋਟਿ ਇੰਦ੍ਰ ਇੰਦ੍ਰਾਣਿ ਸਾਹੁ ਸਾਹਾਣਿ ਗਣਿਜੈ ॥
ਤ੍ਰਿਭਵਨ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਤ ॥
ਤਵ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ ॥

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ‘ਸੋ ਦਰ’ ਵਿਚ ਵੀ ਸਪੱਸ਼ਟ ਕੀਤਾ ਹੈ ਕਿ ਲੱਖ ਯਤਨ ਕਰਨ ’ਤੇ ਵੀ ਉਸ ਦੀ ਤਿਲ ਮਾਤਰ ਵਡਿਆਈ ਨਹੀਂ ਕੀਤੀ ਜਾ ਸਕਦੀ-

ਵਡੇ ਮੇਰੇ ਸਾਹਿਬਾ
ਗਹਿਰ ਗੰਭੀਰਾ ਗੁਣੀ ਗਹੀਰਾ ॥
ਕੋਇ ਨਾ ਜਾਣੈ ਤੇਰਾ ਕੇਤਾ ਕੇਵਡੁ ਚੀਰਾ ॥ ਰਹਾਉ ॥
ਸਭ ਸੁਰਤੀ ਮਿਲਿ ਸੁਰਤਿ ਕਮਾਈ ॥
ਸਭ ਕੀਮਤਿ ਮਿਲਿ ਕੀਮਤਿ ਪਾਈ ॥
ਗਿਆਨੀ ਧਿਆਨੀ ਗੁਰ ਗੁਰਹਾਈ ॥
ਕਹਣੁ ਨਾ ਜਾਈ ਤੇਰੀ ਤਿਲੁ ਵਡਿਆਈ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 9)

ਅਸਲ ਵਿਚ ਉਹ ਗੁਣਾਂ ਦਾ ਏਨਾ ਵਿਸ਼ਾਲ, ਗਹਿਰਾ ਅਤੇ ਗੰਭੀਰ ਸਮੁੰਦਰ ਹੈ ਕਿ ਕੋਈ ਵੀ ਇਹ ਨਹੀਂ ਦੱਸ ਸਕਦਾ ਕਿ ਉਸ ਦਾ ਚੀਰਾ ਅਰਥਾਤ ਪਸਾਰਾ ਜਾਂ ਵਿਸਥਾਰ ਕਿੰਨਾ ਵੱਡਾ ਹੈ। ਉਸ ਬਾਰੇ ਤਾਂ ਅਸੀਂ ਕੇਵਲ ਇਕ ਹੀ ਗੱਲ ਯਕੀਨ ਨਾਲ ਕਹਿ ਸਕਦੇ ਹਾਂ ਅਤੇ ਉਹ ਹੈ ਗੁਰੂ ਨਾਨਕ ਸਾਹਿਬ ਦੁਆਰਾ ਰਾਗ ਧਨਾਸਰੀ ਵਿਚ ਉਚਾਰੀ ਗਈ ਬਾਣੀ ਦੀਆਂ ਇਹ ਤੁਕਾਂ-

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣ ਸਭ ਮਹਿ ਚਾਨਣ ਹੋਇ ॥
(ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 13)

ਉਹ ਇਕ ਹੈ ਅਤੇ ਸਭ ਉਸ ਦਾ ਪਸਾਰਾ ਹੈ। ਉਸ ਦੇ ਅਨੇਕਾਂ ਰੂਪ ਹਨ ਅਤੇ ਲੋਕ ਉਸ ਨੂੰ ਅਣਗਿਣਤ ਨਾਵਾਂ ਨਾਲ ਪੁਕਾਰ ਰਹੇ ਹਨ :

ਤੇਰੇ ਨਾਮ ਅਨੇਕਾ ਰੂਪ ਅਨੰਤਾ
ਕਹਣੁ ਨਾ ਜਾਹੀ ਤੇਰੇ ਗੁਣ ਕੇਤੇ ॥
(ਗੁਰੂ ਨਾਨਕ ਦੇਵ ਜੀ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਅੰਗ 358)

ਅੰਤ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਰਬ ਦਾ ਸਰੂਪ ਸਮਝਣ ਲਈ ਸਾਨੂੰ ਮੂਲ-ਮੰਤਰ ਦੀ ਭਾਵਨਾ ਨੂੰ ਸਮਝਣਾ ਅਤੇ ਆਪਣਾਉਣਾ ਪਵੇਗਾ। ਉਹ ਇਕ ਹੈ, ਸਾਡਾ ਸਭ ਦਾ ਸਿਰਜਣਹਾਰ ਅਤੇ ਪ੍ਰਿਤਪਾਲਕ ਹੈ ਪਰ ਅਸੀਂ ਉਸ ਦਾ ਕਿਸੇ ਤਰ੍ਹਾਂ ਵੀ ਭੇਦ ਨਹੀਂ ਪਾ ਸਕਦੇ। ਉਸ ਦੇ ਨਾਂਅ ‘ਤੇ ਕੋਈ ਲੜਾਈ-ਝਗੜਾ ਕਰਨਾ ਕੇਵਲ ਅਗਿਆਨਤਾ ਅਤੇ ਮੂਰਖਤਾ ਹੈ। ਉਸ ਨੇ ਸਾਨੂੰ ਸਭ ਨੂੰ ਸਮਾਨ ਰੂਪ ਵਿਚ ਸਿਰਜਿਆ ਹੈ ਅਤੇ ਸਾਡੇ ਦੁਆਰਾ ਕਿਸੇ ਨਾਲ ਭੇਦ-ਭਾਵ ਕੀਤੇ ਜਾਣ ਜਾਂ ਨਫ਼ਰਤ ਕੀਤੇ ਜਾਣ ਦਾ ਭਾਵ ਹੈ ਆਪਣੇ ਹੀ ਸਿਰਜਣਹਾਰ ਨਾਲ ਭੇਦ-ਭਾਵ ਜਾਂ ਨਫ਼ਰਤ ਕਰਨਾ। ਸਾਨੂੰ ਹਮੇਸ਼ਾ ਉਸ ਨੂੰ ਚੇਤੇ ਰੱਖਣਾ ਚਾਹੀਦਾ ਹੈ, ਉਸ ਨੂੰ ਆਪਣੇ ਅੰਗ-ਸੰਗ ਸਮਝਣਾ ਚਾਹੀਦਾ ਹੈ ਅਤੇ ਕਦੀ ਵੀ ਕੋਈ ਅਜਿਹਾ ਕੰਮ ਨਹੀਂ ਕਰਨਾ ਚਾਹੀਦਾ, ਜਿਸ ਨਾਲ ਪਰਮਾਤਮਾ ਦਾ ਅਪਮਾਨ ਹੁੰਦਾ ਹੋਵੇ ਜਾਂ ਉਹ ਸਾਡੇ ਨਾਲ ਨਾਰਾਜ਼ ਹੁੰਦਾ ਹੋਵੇ।

## ਤਾਇਆ

ਤਾਏ ਨੂੰ ਜੋ ਝੋਟੀ ਦਾਜ ਵਿਚ ਮਿਲੀ ਸੀ, ਉਸਨੇ ਪਹਿਲੇ ਸੂਏ ਵਿਚ ਕੱਟਾ ਦਿੱਤਾ। ਸਾਰੇ ਟੱਬਰ ਨੂੰ ਇਸ ਗੱਲ ਦਾ ਅਫਸੋਸ ਸੀ। ਕਿਸੇ ਨੂੰ ਵੀ ਕੱਟੇ ਦੀ ਪਰਵਾਹ ਨਹੀਂ ਸੀ । ਤਾਈ ਨੇ ਵੀ ਮੱਝ ਪਸਮਾਉਣ ਵੇਲੇ ਕੱਟਾ ਮੱਝ ਥੱਲੇ ਲੈ ਜਾਣਾ ਤੇ ਫੇਰ ਧੂ ਕੇ ਪਰ੍ਹੇ ਬੰਨ ਦੇਣਾ। ਤਾਇਆ ਏਸ ਗਲੋਂ ਦੁਖੀ ਸੀ ਬਈ, ਕੱਟੇ ਨਾਲ ਵੀ ਉਹਦੇ ਵਾਂਗ ਹੀ ਹੁੰਦੀ ਹੈ । ਤਾਏ ਨੂੰ ਕੱਟੇ ਨਾਲ ਮੋਹ ਜਿਹਾ ਹੋ ਗਿਆ। ਤਾਏ ਨੇ ਆਲ਼ਾ ਦੁਆਲ਼ਾ ਜਿਹਾ ਦੇਖ ਕੇ ਕੱਟੇ ਨਾਲ ਲਾਡੀਆਂ ਕਰ ਲੈਣੀਆਂ। ਕੁਝ ਸਮੇਂ ਬਾਅਦ ਕੱਟੇ ਨੇ ਵੀ ਤਾਏ ਦਾ ਹੱਥ ਚੱਟਣਾ ਸ਼ੁਰੂ ਕਰ ਦਿੱਤਾ। ਤਾਏ ਨੇ ਵੀ ਕਦੇ ਕਦੇ ਹੱਥ ਵਿਚ ਗੁੜ ਦੀ ਰੋੜੀ ਰੱਖ ਲੈਣੀ । ਕੱਟੇ ਨੇ ਵੀ ਤਾਏ ਨੂੰ ਦੇਖਦੇ ਸਾਰ ਖੜ੍ਹੇ ਹੋ ਜਾਣਾ। ਹੁਣ ਤਾਈ ਨੇ ਧਾਰਾਂ ਵੇਲੇ ਕੱਟਾ ਮੱਝ ਥੱਲੇ ਲਿਜਾਣਾ, ਪਰ ਕੱਟੇ ਨੇ ਪਰ੍ਹੇ ਕੰਮ ਕਰਦੇ ਤਾਏ ਅੱਲ ਨੂੰ ਭੱਜਣਾ। ਤਾਈ ਬੜੀ ਦੁਖੀ ਹੋਵੇ ਤੇ ਉੱਧਰੋਂ ਮੱਝ ਅੜਿੰਗੀ ਜਾਇਆ ਕਰੇ ਤੇ ਪਸਮੇ ਵੀ ਨਾ। ਤਾਈ ਨੇ ਇਹਦਾ ਹੱਲ ਸੋਚਿਆ ਕਿ ਮੱਝ ਨੂੰ ਗੁੜ ਨਾਲ ਰਿਝਾਵਾਂ। ਜਦ ਤਾਈ ਭੜੋਲੇ ’ਚੋਂ ਗੁੜ ਕੱਢਣ ਲੱਗੀ ਤਾਂ ਭੜੋਲਾ ਅੱਧਾ ਵੇਖ ਤਾਈ ਪਥਰਾਅ ਗਈ। ਤਾਈ ਨੂੰ ਸਮਝ ਨਾ ਲੱਗੀ ਕੇ ਕੀੜੀਆਂ ਐਨਾ ਗੁੜ ਕਿਵੇਂ ਖਾ ਗਈਆ। ਦੋ ਦਿਨ ਤਾਈ ਪ੍ਰੇਸ਼ਾਨ ਰਹੀ। ਫੇਰ ਉਹਨੇ ਨਿਗਾਹ ਰੱਖਣੀ ਸ਼ੁਰੂ ਕਰ ਦਿੱਤੀ। ਪੱਕਾ ਪਤਾ ਲਗਦੇ ਹੀ ਉਹਨੇ ਇਕੋ ਦਿਨ ’ਚ ਕੱਟੇ ਅਤੇ ਤਾਏ ਦਾ ਖਾਧਾ ਗੁੜ, ਮੋਕ ਮਰਵਾ ਮਰਵਾ ਨਾਲ਼ੀਆਂ ਵਿਚ ਵਹਾਅ ਦਿਤਾ ।

-ਜਨਮੇਜਾ ਸਿੰਘ ਜੌਹਲ


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com